Space for Available for Advertising
WWW.PREETNEWS.COM
WWW.PREETNAMA.COM
preetnamausa@gmail.com

ਨਿਊਯਾਰਕ
# ਪ੍ਰੀਤਨਾਮਾ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ ਖਰਾ ਸੱਚ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 357, 12 ਜੂਨ ਤੋਂ 18 ਜੂਨ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਸ਼ਹੀਦਾਂ ਦੇ ਸਿਰਤਾਜ ਤੇ ਸ਼ਾਂਤੀ ਪੁੰਜ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਿਵਸ ਉੱਪਰ ਮੀਡੀਆ ਪ੍ਰੀਤਨਾਮਾ ਅਤੇ ਪ੍ਰਿਤਪਾਲ ਕੌਰ ਪ੍ਰੀਤ ਵੱਲੋਂ ਗੁਰੂ ਸਾਹਿਬ ਦੇ ਚਰਨਾ ਵਿੱਚ ਪ੍ਰਣਾਮ

ਸਿੱਖ ਧਰਮ ਦਾ ਇਤਿਹਾਸ ਸ਼ਹਾਦਤਾਂ ਨਾਲ ਭਰਿਆ ਹੈ । ਜ਼ੁਲਮ ਨੂੰ ਮਿਟਾਉਣ ਲਈ,ਧਰਮ ਨੂੰ ਬਚਾਉਣ ਲਈ,ਦੇਸ਼ ਦੀ ਰੱਖਿਆਂ ਲਈ ਸਿੱਖ ਆਪਣੀ ਜਾਨ ਦੀ ਕੁਰਬਾਨੀ ਦੇਂਦੇ ਰਹੇ ਹਨ । ਸਿੱਖ ਪੰਥ ਦੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ ਤੇ ਸ਼ਾਂਤੀ ਦੇ ਪੁੰਜ ਸਨ । ਉਹਨਾਂ ਦੀ ਸ਼ਹਾਦਤ ਯਾਦ ਕਰ ਕੇ ਰੂਹ ਕੰਬ ਜਾਂਦੀ ਹੈ। ਪਰ ਮੇਰੇ ਪਾਤਸ਼ਾਹ ਆਪ ਪਰਮੇਸ਼ਵਰ ਰੂਪ ਸਨ ਜੋ ਤੱਤੀ ਤਵੀ ਤੇ ਬੈਠ ਕੇ ਵੀ ਸ਼ਾਤ ਤੇ ਪ੍ਰਭੂ ਭਗਤੀ ਵਿੱਚ ਲੀਨ ਸਨ ।

ਚੌਥੇ ਗੁਰੂ ਰਾਮਦਾਸ ਜੀ ਤੇ ਮਾਤਾ ਭਾਨੀ ਦੇ ਸਪੁੱਤਰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦਾ ਜਨਮ 15 ਮਈ ਸੰਨ 1563 ਵਿੱਚ ਗੋਇੰਦਵਾਲ ਵਿੱਖੇ ਹੋਇਆਂ ।ਗੁਰੂ ਅਰਜਨ ਦੇਵ ਜੀ ਆਪਣੇ ਦੋਹਾ ਭਰਾਵਾਂ ਪ੍ਰਿਥੀ ਚੰਦ ਤੇ ਸ੍ਰੀ ਮਹਾਦੇਵ ਵਿੱਚੋਂ ਸਭ ਤੋਂ ਜ਼ਿਆਦਾ ਸ਼ਾਤ ਤੇ ਨਿਮਰਤਾ ਵਾਲੇ ਸਨ । ਇੰਨਾਂ ਦੀ ਧਰਮ ਪ੍ਰਤੀ ਲਗਨ ਤੇ ਪਿਆਰ ਦੇਖ ਕੇ 18 ਸਾਲ ਦੀ ਉਮਰ ਵਿੱਚ ਹੀ ਆਪ ਜੀ ਨੂੰ ਗੁਰਿਆਈ ਈ ਬਖ਼ਸ਼ ਦਿੱਤੀ ਗਈ । ਗੁਰਗੱਦੀ ਤੇ ਬਿਰਾਜਮਾਨ ਹੋ ਕੇ ਗੁਰੂ ਅਰਜਨ ਦੇਵ ਜੀ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਗੁਰੂ ਰਾਮਦਾਸ ਜੀ ਦੁਆਰਾਂ ਆਰੰਭੇ ਕਾਰਜ ਵੀ ਨੇਪਰੇ ਚਾੜਨੇ ਸ਼ੁਰੂ ਕਰ ਦਿੱਤੇ । ਗੁਰੂ ਅਰਜਨ ਦੇਵ ਜੀ ਨੇ ਸਿੱਖੀ ਨੂੰ ਮਜ਼ਬੂਤ ਕਰਨ ਲਈ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ । ਸ਼੍ਰੀ ਹਰਿਮੰਦਰ ਸਾਹਿਬ ਜੀ ਦੇ ਚਾਰੇ ਪਾਸੇ ਦਰਵਾਜ਼ੇ ਰੱਖਣ ਦਾ ਮੰਤਵ ਸਾਰੇ ਧਰਮਾਂ ਨੂੰ ਬਰਾਬਰ ਸਤਿਕਾਰ ਦੇਣਾ ਸੀ ।

ਗੁਰੂ ਗ੍ਰੰਥ ਸਾਹਿਬ ਦੇ ਅਦੁੱਤੀ ਉਪਦੇਸ਼ਾ ਦਾ ਅਸਰ ਸਭ ਧਰਮਾਂ ਉੱਤੇ ਹੋ ਰਿਹਾ ਸੀ ਜੋ ਕੱਟੜਪੰਥੀ ਮੁਸਲਮਾਨਾ ਤੋਂ ਬਰਦਾਸ਼ਤ ਨਹੀਂ ਸੀ ਹੋ ਰਿਹਾ ।ਮੁਗਲ ਬਾਦਸ਼ਾਹ ਅਕਬਰ ਦੇ ਗੁਰੂ ਜੀ ਨਾਲ ਚੰਗੇ ਸੰਬੰਧ ਸਨ ਪਰ ਅਕਬਰ ਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਜਹਾਂਗੀਰ ਗੱਦੀ ਤੇ ਬੈਠਿਆ ਤਾਂ ਵਿਰੋਧੀਆਂ ਨੇ ਗੁਰੂ ਜੀ ਦੇ ਖ਼ਿਲਾਫ਼ ਉਸਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ । ਚੰਦੂ ਦੀ ਈਰਖਾ ਨੇ ਬਲਦੀ ਤੇ ਹੋਰ ਤੇਲ ਪਾ ਦਿੱਤਾ ।ਕਿਉਂਕਿ ਗੁਰੂ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਗੁਰੂ ਹਰਿਗੋਬਿੰਦ ਜੀ ਨਾਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ



।ਜਹਾਂਗੀਰ ਨੇ ਗੁਰੂ ਜੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਹਜ਼ਰਤ ਮੁਹੰਮਦ ਦੀ ਖ਼ੁਸ਼ਾਮਦ ਲਈ ਕੁੱਝ ਸ਼ਬਦ ਲਿੱਖਣ ਲਈ ਕਿਹਾ ਤਾਂ ਗੁਰੂ ਜੀ ਇਨਕਾਰ ਕਰ ਦਿੱਤਾ ।

ਜਹਾਂਗੀਰ ਨੇ ਗ਼ੁੱਸੇ ਨਾਲ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ ਤਾਂ ਨਿਰਦਈ ਚੰਦੂ ਨੇ ਆਪਣਾ ਵੈਰ ਕੱਢਣ ਲਈ ਗੁਰੂ ਜੀ ਨੂੰ ਤੱਤੀ ਤਵੀ ਤੇ ਬੈਠਾ ਕੇ ਉਂਨਾਂ ਦੇ ਜਿਸਮ ਤੇ ਗਰਮ ਰੇਤ ਪਵਾਈ । ਤੱਵੀ ਦੇ ਥੱਲੇ ਮਚਦੇ ਬਾਲਣ ਦਾ ਸੇਕ ਤੇ ਉੱਪਰੋਂ ਨੰਗੇ ਸਰੀਰ ਤੇ ਗਰਮ ਰੇਤ ।ਇਕ ਵਾਰ ਤਾ ਰੂਹ ਕੰਬ ਜਾਦੀ ਹੈ ਯਾਦ ਕਰ ਕੇ । ਪਰ ਮੇਰੇ ਪਾਤਸਾਹ ਅਡੋਲ ਰਹੇ ਤੇ ਸਿਮਰਨ ਵਿੱਚ ਮਗਨ ਰਹਿ ਕੇ ਜੁਲਮ ਸਹਾਰਦੇ ਰਹੇ । ਜਾਲਮਾ ਨੇ ਇੱਥੇ ਹੀ ਬੱਸ ਨਹੀਂ ਕੀਤੀ ਬਲਕਿ ਇਸ ਤੋਂ ਬਾਅਦ ਗੁਰੂ ਜੀ ਨੂੰ ਉਬਲਦੇ ਪਾਣੀ ਵਿੱਚ ਪਾਇਆ ਗਿਆ ।ਪਰ ਮੇਰੇ ਪਾਤਸ਼ਾਹ 'ਤੇਰਾ ਭਾਣਾ ਮੀਠਾ ਲਾਗੇ' ਧੁੱਨ ਅਲਾਪਦੇ ਹੋਏ ਸ਼ਹੀਦੀ ਪਾ ਗਏ । ਛੇਵੇਂ ਦਿਨ 16 ਮਈ 1606 ਨੂੰ ਜਾਲਮਾ ਨੇ ਗੁਰੂ ਸਾਹਿਬ ਦੇ ਪਾਵਨ ਸਰੀਰ ਨੂੰ ਰਾਵੀ ਦਰਿਆ ਵਿੱਚ ਵਹਾ ਦਿੱਤਾ । ਇਹ ਅਸਥਾਨ ਪਾਕਿਸਤਾਨ ਵਿੱਚ ਹੈ ਡੇਹਰਾ ਸਾਹਿਬ ਦੇ ਨਾਂ ਨਾਲ ਜਾਣਿਆਂ ਜਾਂਦਾ ਹੈ । ਮੇਰੇ ਪਾਤਸ਼ਾਹ ਸ਼ਾਤ ਰਹਿ ਕੇ ਜ਼ੁਲਮ ਸਹਾਰ ਗਏ ਤੇ ਸ਼ਹੀਦੀ ਪਾ ਗਏ । ਉਹਨਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਅੱਖਾਂ ਹੰਝੂਆਂ ਦਾ ਮੀਂਹ ਤਾ ਵਰਸਾਉਦੀਆ ਹੀ ਹਨ ਸਗੋਂ ਰੂਹ ਵੀ ਕੰਬ ਜਾਂਦੀ ਹੈ ।ਇਸ ਸ਼ਹਾਦਤ ਜ਼ਰੀਏ ਮੇਰੇ ਪਾਤਸ਼ਾਹ ਨੇ ਸਾਨੂੰ ਇਹ ਸਮਝਾਇਆ ਹੈ ਕਿ ਗਲਤ ਦਾ ਸਾਥ ਨਹੀਂ ਦੇਣਾ ਚਾਹੀਦਾ ਤੇ ਹਰ ਹਾਲ ਵਿੱਚ ਰੱਬ ਦਾ ਭਾਣਾ ਮੰਨਣਾ ਚਾਹੀਦਾ ਹੈ ।ਉਹਨਾਂ ਦੁਆਰਾਂ ਰਚੀ ਬਾਣੀ ਸੁਖਮਨੀ ਸਾਹਿਬ ,ਬਾਰਹਮਾਹ ਤੇ ਵਾਰਾ ਅੱਜ ਵੀ ਸਾਡਾ ਮਾਰਗ ਦਰਸ਼ਨ ਕਰਦੀਆਂ ਹਨ । ਸ਼ਾਂਤੀ ਦੇ ਪੁੰਜ ਅਤੇ ਧਰਮ ਰੱਖਿਅਕ ਲਾਸਾਨੀ ਸ਼ਹਾਦਤ ਪ੍ਰਾਪਤ ਕਰਨ ਵਾਲੇ ਸ਼ਹੀਦਾਂ ਦੇ ਸਰਤਾਜ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਇਸ ਪ੍ਰੀਤ ਵੱਲੋਂ ਕੋਟਿਨ ਕੋਟ ਪ੍ਰਣਾਮ । ਸੱਚੇ ਪਾਤਸ਼ਾਹ ਸਭ ਨੂੰ ਬਲ,ਬੁੱਧੀ ਤੇ ਸਬਰ ਸ਼ੰਤੋਖ ਬਖ਼ਸ਼ਣ ।

**ਭੁੱਲ-ਚੁੱਕ ਲਈ ਖਿਮਾ ਦੀ ਜਾਚਕ**
**ਪ੍ਰਿਤਪਾਲ ਕੌਰ ਪ੍ਰੀਤ**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 357

Website: www.preetnama.com Email preetnamausa@gmail.com

12 JUNE TO 18 JUNE, 2026


# ਪਹਿਲਾਂ ਹੜ੍ਹ ਅਤੇ ਫਿਰ ਗੜ੍ਹੇਮਾਰੀ ਨੇ ਪੰਜਾਬ ਦੀ ਕਿਸਾਨੀ ਨੂੰ ਡੋਬਿਆ, ਕਰਜ਼ੇ ਦੀ ਪੰਡ ’ਚ ਇਜ਼ਾਫ਼ਾ, ਕਿਵੇਂ ਰਿਹਾ ਪੰਜਾਬ ਦੀ ਕਿਸਾਨੀ ਦਾ ਇੱਕ ਸਾਲ, ਗਰਾਊਂਡ ਰਿਪੋਰਟ





ਕਰਜ਼ੇ ਦੀ ਪੰਡ ਮੈਨੂੰ ਵਿਰਾਸਤ ਵਿੱਚ ਮਿਲੀ ਸੀ ਅਤੇ ਮੇਰੇ ਤੋਂ ਬਾਅਦ ਇਹ ਪੰਡ ਮੇਰੇ ਪੁੱਤਰ ਦੇ ਸਿਰ ਆ ਜਾਵੇਗੀ, ਕਿਸਾਨ ਸਿਰ ਕਰਜ਼ੇ ਦਾ ਬੋਝ ਕਦੇ ਘੱਟ ਨਹੀਂ ਹੋ ਸਕਦਾ ਹੈ, ਇਹ ਪੀੜੀ ਦਰ ਪੀੜੀ ਚੱਲਦਾ ਰਹਿੰਦਾ ਹੈ, ਮੇਰੇ ਤੋਂ ਬਾਅਦ ਇਹ ਕਰਜ਼ਾ ਮੇਰੇ ਪੁੱਤਰ ਦੇ ਸਿਰ ਹੋ ਜਾਵੇਗਾ।÷ ਇਹ ਸ਼ਬਦ ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਚੀਮਾ ਪਿੰਡ ਦੇ ਕਿਸਾਨ ਚਰਨ ਸਿੰਘ ਦੇ ਹਨ। ਚਰਨ ਸਿੰਘ ਤਿੰਨ ਕਿੱਲੇ ਜ਼ਮੀਨ ਦੇ ਮਾਲਕ ਹਨ। ਉਨ੍ਹਾਂ ਦੀ ਕਣਕ ਦੀ ਫ਼ਸਲ ਪੱਕ ਕੇ ਤਿਆਰ ਸੀ, ਪਰ ਬੀਤੇ ਅਪ੍ਰੈਲ ਮਹੀਨੇ ਵਿੱਚ ਹੋਈ ਗੜ੍ਹੇਮਾਰੀ ਨੇ ਇਸ ਦਾ ਕਾਫ਼ੀ ਹਿੱਸਾ ਤਬਾਹ ਕਰ ਦਿੱਤਾ, ਜਿਸ ਦਾ ਸਿੱਧਾ ਅਸਰ ਉਨ੍ਹਾਂ ਦੀ ਆਮਦਨ ’ਤੇ ਪਿਆ। ਯਾਦ ਰਹੇ ਕਿ ਅਪ੍ਰੈਲ ਮਹੀਨੇ ਵਿੱਚ, ਜਦੋਂ ਪੰਜਾਬ ਵਿੱਚ ਕਣਕ ਦੀ ਫ਼ਸਲ ਪੱਕ ਕੇ ਤਿਆਰ ਸੀ, ਤਾਂ ਸੂਬੇ ਦੇ ਕਈ ਹਿੱਸਿਆਂ, ਖ਼ਾਸ ਤੌਰ ’ਤੇ ਮਾਲਵਾ ਖੇਤਰ ਦੇ ਜ਼ਿਲ੍ਹਿਆਂ ਵਿੱਚ ਤੇਜ਼ ਹਵਾਵਾਂ ਅਤੇ ਗੜ੍ਹੇਮਾਰੀ ਹੋਈ। ਇਸ ਕਾਰਨ ਕਣਕ ਸਮੇਤ ਹੋਰ ਫ਼ਸਲਾਂ ਦਾ ਵੀ ਭਾਰੀ ਨੁਕਸਾਨ ਹੋਇਆ।ਪੰਜਾਬ ਸਰਕਾਰ ਦੇ ਅੰਕੜਿਆਂ ਮੁਤਾਬਕ ਸੂਬੇ ਦੇ ਸੱਤ ਜ਼ਿਲ੍ਹਿਆਂ ਵਿੱਚ ਕਰੀਬ 92 ਹਜ਼ਾਰ ਏਕੜ ਰਕਬੇ ਵਿੱਚ ਕਣਕ ਦੀ ਫ਼ਸਲ ਦਾ ਨੁਕਸਾਨ ਹੋਇਆ ਸੀ।

ਹਾਲਾਂਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਕਾਰਨ ਨੁਕਸਾਨੀ ਫ਼ਸਲ ਦੇ 26 ਤੋਂ 75 ਫੀਸਦ ਨੁਕਸਾਨ ਲਈ 10 ਹਜ਼ਾਰ ਪ੍ਰਤੀ ਏਕੜ ਅਤੇ 75 ਤੋਂ 100 ਫੀਸਦ ਲਈ 20 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਗਿਆ ਸੀ। ਅਸਲ ਵਿੱਚ ਪੰਜਾਬ ਦੀ ਕਿਸਾਨੀ ਪਿਛਲੇ ਕਾਫ਼ੀ ਸਮੇਂ ਤੋਂ ਸੰਕਟ ਵਿੱਚ ਘਿਰੀ ਹੋਈ ਹੈ। ਅਜਿਹੇ ਵਿੱਚ ਪਹਿਲਾਂ ਹੜ੍ਹ (ਸਾਲ 2025) ਅਤੇ ਫਿਰ ਕਣਕ ਦੀ ਫ਼ਸਲ ਉੱਤੇ ਹੋਈ ਗੜ੍ਹੇਮਾਰੀ (ਅਪ੍ਰੈਲ 2026) ਨੇ ਕਿਸਾਨਾਂ ਦੀਆਂ ਦਿੱਕਤਾਂ ਵਿੱਚ ਹੋਰ ਇਜ਼ਾਫ਼ਾ ਕਰ ਦਿੱਤਾ। ਬੀਬੀਸੀ ਪੰਜਾਬੀ ਨੇ ਅਪ੍ਰੈਲ ਅਤੇ ਮਈ ਮਹੀਨੇ ਦੌਰਾਨ ਪੰਜਾਬ ਦੇ ਵੱਖ-ਵੱਖ ਖਿੱਤਿਆਂ ਮਾਲਵਾ, ਦੁਆਬਾ ਅਤੇ ਮਾਝਾ ਖੇਤਰ ਦਾ ਦੌਰਾ ਕਰਕੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਕਿ ਪਿਛਲਾ ਇੱਕ ਸਾਲ ਪੰਜਾਬ ਦੀ ਕਿਸਾਨੀ ਲਈ ਕਿਵੇਂ ਦਾ ਰਿਹਾ। ਮੋਗਾ ਜ਼ਿਲ੍ਹੇ ਦੇ ਚੀਮਾ ਪਿੰਡ ਨਾਲ ਸਬੰਧਿਤ ਕਿਸਾਨ ਚਰਨ ਸਿੰਘ ਦੀ ਕਣਕ ਦੀ ਫ਼ਸਲ ਗੜ੍ਹੇਮਾਰੀ ਦਾ ਸ਼ਿਕਾਰ ਹੋਈ। 50 ਸਾਲਾ ਚਰਨ ਸਿੰਘ ਦੱਸਦੇ ਹਨ, ÷ਅਸੀਂ ਦੋ ਭਰਾ ਹਾਂ ਅਤੇ ਦੋਵਾਂ ਕੋਲ ਤਿੰਨ-ਤਿੰਨ ਕਿੱਲੇ ਜ਼ਮੀਨ ਹੈ। ਇਸ ਤੋਂ ਇਲਾਵਾ ਚਾਰ ਏਕੜ ਜ਼ਮੀਨ ਠੇਕੇ ’ਤੇ ਲਈ ਹੋਈ ਸੀ। ਉਹ ਆਖਦੇ ਹਨ, ÷ਹੁਣ ਖੇਤ ਵਿੱਚ ਆਉਣ ਨੂੰ ਦਿਲ ਨਹੀਂ ਕਰਦਾ। ਤਿੰਨ ਏਕੜ ਵਿੱਚ ਕਣਕ ਦੀ ਫ਼ਸਲ ਬੀਜੀ ਸੀ। ਫ਼ਸਲ ਠੀਕ ਸੀ, ਪਰ ਵਾਢੀ ਤੋਂ ਤਿੰਨ ਦਿਨ ਪਹਿਲਾਂ ਮੀਂਹ ਅਤੇ ਗੜ੍ਹੇਮਾਰੀ ਹੋਈ, ਜਿਸ ਕਾਰਨ ਫ਼ਸਲ ਦੇ ਦਾਣੇ ਖ਼ਰਾਬ ਹੋ ਗਏ। ਉਨ੍ਹਾਂ ਦੱਸਿਆ ਕਿ ਤੇਜ਼ ਹਵਾਵਾਂ ਕਾਰਨ ਫ਼ਸਲ ਜ਼ਮੀਨ ਉੱਤੇ ਵਿਛ ਗਈ ਅਤੇ ਬਹੁਤ ਮੁਸ਼ਕਿਲ ਨਾਲ ਫ਼ਸਲ ਦੀ ਕਟਾਈ ਕਰਵਾਈ ਗਈ। ਪਰ ਜੋ ਦਾਣੇ ਨਿਕਲੇ, ਉਨ੍ਹਾਂ ਦੀ ਕੁਆਲਿਟੀ ਬਹੁਤ ਖ਼ਰਾਬ ਸੀ। ਚਰਨ ਸਿੰਘ ਮੁਤਾਬਕ ਫ਼ਸਲ ਦੇ ਖ਼ਰਾਬੇ ਕਾਰਨ ਜਿੰਨੀ ਆਮਦਨ ਹੋਣੀ ਚਾਹੀਦੀ ਸੀ, ਉਹ ਨਹੀਂ ਹੋਈ, ਜਿਸ ਕਾਰਨ ਫ਼ਸਲ ਲਈ ਆੜ੍ਹਤੀਆਂ ਤੋਂ ਲਿਆ ਉਧਾਰ ਵਾਪਸ ਨਹੀਂ ਹੋ ਸਕੇਗਾ।

ਚਰਨ ਸਿੰਘ ਸਾਨੂੰ ਆਪਣੇ ਖੇਤ ਵੀ ਲੈ ਕੇ ਗਏ ਅਤੇ ਦਿਖਾਇਆ ਕਿ ਜੋ ਦਾਣੇ ਤੇਜ਼ ਹਵਾਵਾਂ ਕਾਰਨ ਜ਼ਮੀਨ ਉੱਤੇ ਡਿੱਗ ਗਏ ਸਨ, ਉਹ ਨਮੀ ਕਾਰਨ ਮੁੜ ਉੱਗ ਪਏ ਹਨ। ਉਨ੍ਹਾਂ ਦੱਸਿਆ ਕਿ ਫ਼ਸਲ ਦੀ ਬਰਬਾਦੀ ਕਾਰਨ ਉਹ ਮਾਨਸਿਕ ਤੌਰ ’ਤੇ ਪਰੇਸ਼ਾਨ ਹਨ, ਕਿਉਂਕਿ ਖੇਤੀਬਾੜੀ ਦੇ ਸਿਰ ’ਤੇ ਹੀ ਘਰ ਚਲਦਾ ਹੈ ਅਤੇ ਜਦੋਂ ਫ਼ਸਲ ਹੀ ਨੁਕਸਾਨੀ ਜਾਵੇ ਤਾਂ ਗੁਜ਼ਾਰਾ ਕਿਵੇਂ ਚਲਾਉਣਾ ਹੈ, ਇਹ ਸਮਝ ਨਹੀਂ ਆਉਂਦਾ। ਚਰਨ ਸਿੰਘ ਦੱਸਦੇ ਹਨ ਕਿ ਜ਼ਿੰਦਗੀ ਕਰਜ਼ੇ ਨਾਲ ਹੀ ਚੱਲਦੀ ਹੈ ਅਤੇ ਕਰਜ਼ੇ ਦੀ ਇਹ ਪੰਡ ਪੀੜ੍ਹੀ ਦਰ ਪੀੜ੍ਹੀ ਚੱਲਦੀ ਰਹਿੰਦੀ ਹੈ। ਚਰਨ ਸਿੰਘ ਦੀ ਪਤਨੀ ਜਸਪਾਲ ਕੌਰ ਨੇ ਦੱਸਿਆ ਕਿ ਇਸ ਵਾਰ ਜੋ ਕਣਕ ਪੈਦਾ ਹੋਈ, ਉਸ ਵਿੱਚ ਮਿੱਟੀ ਅਤੇ ਪੱਥਰ ਵੀ ਰਲ ਗਏ ਹਨ। ਛੱਜ ਦੀ ਮਦਦ ਨਾਲ ਕਣਕ ਅਤੇ ਮਿੱਟੀ ਨੂੰ ਵੱਖ-ਵੱਖ ਕਰਦੀ ਜਸਪਾਲ ਕੌਰ ਆਖਦੀ ਹੈ ਕਿ ਘਰ ਦੀ ਵਿੱਤੀ ਹਾਲਤ ਠੀਕ ਨਹੀਂ ਹੈ, ਜਿਸ ਕਾਰਨ ਉਨ੍ਹਾਂ ਦੇ ਪਤੀ ਵੀ ਮਾਨਸਿਕ ਤੌਰ ’ਤੇ ਪਰੇਸ਼ਾਨ ਰਹਿੰਦੇ ਹਨ।

**ਮਾਝੇ ਦੇ ਹੜ੍ਹ-ਪ੍ਰਭਾਵਿਤ ਇਲਾਕੇ ਦੇ ਕਿਸਾਨ ਦੀ ਦੁਬਿਧਾ**

ਸਾਲ 2025 ਵਿੱਚ ਪੰਜਾਬ ਦੇ ਕਈ ਜ਼ਿਲ੍ਹਿਆਂ ਨੂੰ ਹੜ੍ਹ ਦੀ ਮਾਰ ਪਈ ਸੀ। ਇਨ੍ਹਾਂ ਵਿੱਚ ਗੁਰਦਾਸਪੁਰ, ਅੰਮ੍ਰਿਤਸਰ, ਤਰਨ ਤਾਰਨ, ਹੁਸ਼ਿਆਰਪੁਰ, ਰੂਪਨਗਰ (ਰੋਪੜ), ਲੁਧਿਆਣਾ, ਜਲੰਧਰ, ਕਪੂਰਥਲਾ, ਮੋਗਾ ਅਤੇ ਫ਼ ?ਰੋਜ਼ਪੁਰ ਜ਼ਿਲ੍ਹੇ ਸ਼ਾਮਲ ਸਨ। ਇਨ੍ਹਾਂ ਇਲਾਕਿਆਂ ਵਿੱਚ ਫ਼ਸਲਾਂ, ਘਰਾਂ ਅਤੇ ਜਾਨ-ਮਾਲ ਦਾ ਨੁਕਸਾਨ ਹੋਇਆ ਸੀ। ਹੜ੍ਹ ਦੇ ਕਈ ਮਹੀਨੇ ਬਾਅਦ ਵੀ ਪ੍ਰਭਾਵਿਤ ਇਲਾਕਿਆਂ ਵਿੱਚ ਜ਼ਿੰਦਗੀ ਪਟੜੀ ’ਤੇ ਲਿਆਉਣ ਦੀ ਕੋਸ਼ਿਸ਼ ਜਾਰੀ ਹੈ। ਅੰਮ੍ਰਿਤਸਰ ਜ਼ਿਲ੍ਹਾ ਵੀ ਹੜ੍ਹ-ਪ੍ਰਭਾਵਿਤ ਇਲਾਕਿਆਂ ਵਿੱਚੋਂ ਇੱਕ ਸੀ। ਅਜਨਾਲਾ ਤਹਿਸੀਲ ਦੇ ਜੱਟਾਂ ਪਿੰਡ ਦੇ ਕਿਸਾਨ ਗੁਰਪ੍ਰੀਤ ਸਿੰਘ ਦੱਸਦੇ ਹਨ ਕਿ ਹੜ੍ਹ ਤੋਂ ਬਾਅਦ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਉਨ੍ਹਾਂ ਦਾ ਸੰਘਰਸ਼ ਜਾਰੀ ਹੈ। ਉਨ੍ਹਾਂ ਦੱਸਿਆ, ÷ਬੇਸ਼ੱਕ ਸਰਕਾਰ ਨੇ ਮੁਆਵਜ਼ਾ ਦਿੱਤਾ ਅਤੇ ਬਹੁਤ ਸਾਰੇ ਲੋਕਾਂ ਨੇ ਵੀ ਮਦਦ ਕੀਤੀ, ਪਰ ਇਸ ਦੇ ਬਾਵਜੂਦ ਕਿਸਾਨਾਂ ਦੀ ਸਥਿਤੀ ਅਜੇ ਤੱਕ ਠੀਕ ਨਹੀਂ ਹੋਈ। ਹੜ੍ਹ ਨੇ ਆਰਥਿਕ ਪੱਖੋਂ ਉਨ੍ਹਾਂ ਨੂੰ ਕਰੀਬ ਦਸ ਸਾਲ ਪਿੱਛੇ ਧੱਕ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਕਾਰਨ ਝੋਨੇ ਅਤੇ ਗੰਨੇ ਦੀ ਫ਼ਸਲ ਤਬਾਹ ਹੋ ਗਈ ਸੀ ਅਤੇ ਜ਼ਮੀਨ ਵਿੱਚ ਰੇਤ ਇੰਨੀ ਜ਼ਿਆਦਾ ਜਮ ?ਹਾ ਹੋ ਗਈ ਸੀ ਕਿ ਇਸ ਨੂੰ ਮੁੜ ਠੀਕ ਹੋਣ ਵਿੱਚ ਲੰਮਾ ਸਮਾਂ ਲੱਗਿਆ। ਗੁਰਪ੍ਰੀਤ ਸਿੰਘ ਆਖਦੇ ਹਨ, ÷ਬੇਸ਼ੱਕ ਜ਼ਮੀਨ ਹੁਣ ਠੀਕ ਹੋ ਗਈ ਹੈ, ਪਰ ਆਉਣ ਵਾਲੇ ਬਰਸਾਤੀ ਮੌਸਮ ਨੂੰ ਲੈ ਕੇ ਮਨ ਵਿੱਚ ਡਰ ਬਣਿਆ ਹੋਇਆ ਹੈ ਕਿ ਕਿਤੇ ਪਿਛਲੇ ਸਾਲ ਵਾਂਗ ਸਥਿਤੀ ਮੁੜ ਖ਼ਰਾਬ ਨਾ ਹੋ ਜਾਵੇ। ਉਨ੍ਹਾਂ ਨੇ ਬੀਬੀਸੀ ਦੀ ਟੀਮ ਨੂੰ ਦੱਸਿਆ, ÷ਬੇਸ਼ੱਕ ਸਰਕਾਰ ਦਰਿਆ ਦੇ ਕਿਨਾਰਿਆਂ ਨੂੰ ਮਜ਼ਬੂਤ ਕਰਨ ਲਈ ਯਤਨ ਕਰ ਰਹੀ ਹੈ, ਪਰ ਅਜੇ ਵੀ ਬਹੁਤ ਸਾਰੀਆਂ ਥਾਵਾਂ ਅਜਿਹੀਆਂ ਹਨ, ਜਿੱਥੇ ਕਿਨਾਰਿਆਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਬੀਬੀਸੀ ਨੇ ਦੇਖਿਆ ਕਿ ਬੇਸ਼ੱਕ ਜਿਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਹੜ੍ਹ ਦੀ ਮਾਰ ਪਈ ਸੀ, ਉਹ ਜ਼ਿਆਦਾਤਰ ਠੀਕ ਹੋ ਚੁੱਕੀਆਂ ਹਨ ਅਤੇ ਉੱਥੇ ਹੁਣ ਫ਼ਸਲਾਂ ਲਹਿਰਾ ਰਹੀਆਂ ਹਨ। ਪਰ ਇਸ ਇਲਾਕੇ ਵਿੱਚ ਕਈ ਕਿਸਾਨ ਅਜਿਹੇ ਵੀ ਹਨ, ਜਿਨ੍ਹਾਂ ਦੀ ਜ਼ਮੀਨ ਅਜੇ ਵੀ ਵਾਹੀਯੋਗ ਨਹੀਂ ਬਣ ਸਕੀ।

ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ ਖੇਤਰ ਦੇ ਕਿਸਾਨ ਹਰਪ੍ਰੀਤ ਸਿੰਘ ਦੀ ਪੰਜ ਏਕੜ ਜ਼ਮੀਨ ਅਜੇ ਵੀ ਵਾਹੀਯੋਗ ਨਹੀਂ ਬਣ ਸਕੀ। ਖੇਤ ਵਿੱਚ ਮਿੱਟੀ ਅਤੇ ਰੇਤ ਦੀ ਇੰਨੀ ਮੋਟੀ ਪਰਤ ਜਮ ?ਹੀ ਹੋਈ ਹੈ ਕਿ ਉਸ ਨੂੰ ਹਟਾਉਣ ਲਈ ਭਾਰੀ ਮਸ਼ੀਨਰੀ ਅਤੇ ਵਿੱਤੀ ਸਰੋਤਾਂ ਦੀ ਲੋੜ ਹੈ, ਜੋ ਉਨ੍ਹਾਂ ਕੋਲ ਨਹੀਂ ਹਨ। ਇਸੇ ਕਾਰਨ ਉਹ ਅਜੇ ਤੱਕ ਜ਼ਮੀਨ ਨੂੰ ਠੀਕ ਨਹੀਂ ਕਰ ਸਕੇ। ਉਨ੍ਹਾਂ ਦੱਸਿਆ, ÷ਅਜੇ ਤੱਕ ਲੋਕਾਂ ਦੀ ਮਦਦ ਨਾਲ ਹੀ ਘਰ ਚੱਲ ਰਿਹਾ ਹੈ। ਹੁਣ ਆਉਣ ਵਾਲੀਆਂ ਬਰਸਾਤਾਂ ਤੋਂ ਬਾਅਦ ਹੀ ਜ਼ਮੀਨ ਨੂੰ ਠੀਕ ਕਰਨ ਦੀ ਕੋਈ ਵਿਉਂਤਬੰਦੀ ਕਰਾਂਗੇ। ਅਸਲ ਵਿੱਚ ਹੜ੍ਹ ਦੇ ਪਾਣੀ ਨੇ ਹਰਪ੍ਰੀਤ ਸਿੰਘ ਦੀ ਜ਼ਮੀਨ ਨੂੰ ਇੱਕ ਨਦੀ ਦਾ ਰੂਪ ਦੇ ਦਿੱਤਾ ਹੈ। ਹੜ੍ਹ ਨਾਲ ਹੋਈ ਤਬਾਹੀ ਦੀਆਂ ਨਿਸ਼ਾਨੀਆਂ, ਜਿਵੇਂ ਕਿ ਰੇਤ ਦੇ ਢੇਰ ਅਤੇ ਟੁੱਟੇ ਹੋਏ ਦਰੱਖ਼ਤ, ਅਜੇ ਵੀ ਉਨ੍ਹਾਂ ਦੀ ਜ਼ਮੀਨ ਵਿੱਚ ਪਏ ਹਨ। ਉਨ੍ਹਾਂ ਦੱਸਿਆ, ÷1988 ਵਿੱਚ ਵੀ ਬੰਨ੍ਹ ਟੁੱਟ ਗਿਆ ਸੀ, ਜਿਸ ਕਾਰਨ ਇਲਾਕੇ ਵਿੱਚ ਕਾਫ਼ੀ ਤਬਾਹੀ ਹੋਈ ਸੀ ਅਤੇ ਜ਼ਮੀਨ ਨੂੰ ਮੁੜ ਵਾਹੀਯੋਗ ਬਣਨ ਵਿੱਚ ਕਈ ਸਾਲ ਲੱਗ ਗਏ ਸਨ। ਘਰ ਦੇ ਗੁਜ਼ਾਰੇ ਬਾਰੇ ਗੱਲ ਕਰਦਿਆਂ ਹਰਪ੍ਰੀਤ ਸਿੰਘ ਨੇ ਕਿਹਾ, ÷ਹੁਣ ਤੱਕ ਤਾਂ ਲੋਕਾਂ ਦੀ ਮਦਦ ਨਾਲ ਹੀ ਕੰਮ ਚੱਲਦਾ ਰਿਹਾ ਹੈ। ਇਸ ਵੇਲੇ ਮਿਹਨਤ-ਮਜ਼ਦੂਰੀ ਕਰਕੇ ਗੁਜ਼ਾਰਾ ਕਰ ਰਿਹਾ ਹਾਂ। ਬੀਬੀਸੀ ਪੰਜਾਬੀ ਦੀ ਟੀਮ ਨੇ ਦੇਖਿਆ ਕਿ ਹਰਪ੍ਰੀਤ ਸਿੰਘ ਦੀ ਜ਼ਮੀਨ ਫ਼ ?ਲਹਾਲ ਇੱਕ ਟਾਪੂ ਵਰਗੀ ਸਥਿਤੀ ਵਿੱਚ ਨਜ਼ਰ ਆਉਂਦੀ ਹੈ। ਜਿੱਥੇ ਪਹਿਲਾਂ ਫ਼ਸਲ ਹੁੰਦੀ ਸੀ, ਉੱਥੇ ਹੁਣ ਮਿੱਟੀ ਦੀ ਮੋਟੀ ਪਰਤ ਅਤੇ ਉਸ ਤੋਂ ਹੇਠਾਂ ਰੇਤ ਜਮ ?ਹੀ ਹੋਈ ਹੈ, ਜਿਸ ਨੂੰ ਹਟਾਉਣਾ ਸੌਖਾ ਨਹੀਂ ਹੈ। ਉਨ੍ਹਾਂ ਦੱਸਿਆ, ÷ਝੋਨੇ ਦੀ ਫ਼ਸਲ ਹੜ੍ਹ ਦੀ ਭੇਟ ਚੜ੍ਹ ਗਈ ਸੀ ਅਤੇ ਉਸ ਤੋਂ ਬਾਅਦ ਮੈਂ ਇੱਕ ਵੀ ਫ਼ਸਲ ਨਹੀਂ ਬੀਜ ਸਕਿਆ।

## ਸਰਹੱਦੀ ਇਲਾਕੇ ਦੇ ਕਿਸਾਨਾਂ ਦੀ ਸਥਿਤੀ

ਪੰਜਾਬ ਦੇ ਛੇ ਜ਼ਿਲ੍ਹੇ ਭਾਰਤ-ਪਾਕਿਸਤਾਨ ਸਰਹੱਦ ਨਾਲ ਲੱਗਦੇ ਹਨ ਅਤੇ ਇੱਥੋਂ ਦੇ ਕਿਸਾਨਾਂ ਦੀਆਂ ਦਿੱਕਤਾਂ ਆਮ ਕਿਸਾਨਾਂ ਨਾਲੋਂ ਕੁਝ ਵੱਖਰੀਆਂ ਹਨ। ਮੌਸਮ ਦੀ ਮਾਰ ਤੋਂ ਇਲਾਵਾ ਭਾਰਤ-ਪਾਕਿਸਤਾਨ ਤਣਾਅ, ਪਾਬੰਦੀਆਂ ਹੇਠ ਰਹਿ ਕੇ ਖੇਤੀ ਕਰਨੀ ਅਤੇ ਬੁਨਿਆਦੀ ਸਹੂਲਤਾਂ ਦੀ ਘਾਟ ਸਰਹੱਦੀ ਇਲਾਕਿਆਂ ਦੇ ਕਿਸਾਨਾਂ ਦੀਆਂ ਪ੍ਰਮੁੱਖ ਸਮੱਸਿਆਵਾਂ ਹਨ। ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ ਖੇਤਰ ਦੇ ਕਸੋਵਾਲ ਪਿੰਡ ਦੇ ਕਿਸਾਨ ਮਨਜੀਤ ਸਿੰਘ ਦੱਸਦੇ ਹਨ ਕਿ ਇੱਕ ਪਾਸੇ ਰਾਵੀ ਦਰਿਆ ਹੈ ਅਤੇ ਦੂਜੇ ਪਾਸੇ ਭਾਰਤ-ਪਾਕਿਸਤਾਨ ਸਰਹੱਦ, ਜਦਕਿ ਵਿਚਕਾਰ ਉਨ੍ਹਾਂ ਵਰਗੇ ਕਈ ਕਿਸਾਨ ਫਸੇ ਹੋਏ ਹਨ। ਉਨ੍ਹਾਂ ਕਿਹਾ, ÷ਸਰਹੱਦੀ ਇਲਾਕਾ ਹੋਣ ਕਾਰਨ ਡਰ ਅਤੇ ਸਹਿਮ ਦਾ ਮਾਹੌਲ ਸਾਡੀ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣ ਚੁੱਕਾ ਹੈ। ਉਨ੍ਹਾਂ ਦੱਸਿਆ, ÷ਰਾਤ ਨੂੰ ਰਾਵੀ ਪਾਰ ਕਰਕੇ ਜਦੋਂ ਖੇਤਾਂ ਵਿੱਚ ਜਾਣਾ ਹੁੰਦਾ ਹੈ ਤਾਂ ਸੁਰੱਖਿਆ ਬਲ ਪੁੱਛਗਿੱਛ ਕਰਦੇ ਹਨ। ਕਈ ਵਾਰ ਉਨ੍ਹਾਂ ਤੋਂ ਆਗਿਆ ਲੈ ਕੇ ਹੀ ਖੇਤਾਂ ਵਿੱਚ ਜਾਣਾ ਪੈਂਦਾ ਹੈ।÷ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਕੁਝ ਜ਼ਮੀਨ ਕੰਡਿਆਲੀ ਤਾਰ ਤੋਂ ਪਾਰ ਵੀ ਹੈ। ÷ਉੱਥੇ ਖੇਤੀ ਕੁਦਰਤ ਦੇ ਸਹਾਰੇ ਹੀ ਹੁੰਦੀ ਹੈ, ਕਿਉਂਕਿ ਅਸੀਂ ਇੱਕ ਤੈਅ ਸਮੇਂ ਤੱਕ ਹੀ ਫ਼ਸਲ ਦੀ ਦੇਖਭਾਲ ਕਰ ਸਕਦੇ ਹਾਂ।÷ ਉਨ੍ਹਾਂ ਕਿਹਾ, ÷ਜੇ ਕੰਡਿਆਲੀ ਤਾਰ ਤੋਂ ਪਾਰ ਮਸ਼ੀਨਰੀ ਲੈ ਕੇ ਜਾਣੀ ਹੋਵੇ ਤਾਂ ਪਹਿਲਾਂ ਉਸ ਦੀ ਜਾਂਚ ਹੁੰਦੀ ਹੈ। ਇਸ ਵਿੱਚ ਕਈ ਘੰਟੇ ਲੱਗ ਜਾਂਦੇ ਹਨ ਅਤੇ ਫਿਰ ਤੈਅ ਸਮੇਂ ਦੇ ਅੰਦਰ ਵਾਪਸ ਵੀ ਆਉਣਾ ਪੈਂਦਾ ਹੈ।÷ਹਾਲਾਂਕਿ ਹੁਣ ਕੇਂਦਰ ਸਰਕਾਰ ਕੰਡਿਆਲੀ ਤਾਰ ਨੂੰ ਭਾਰਤ-ਪਾਕਿਸਤਾਨ ਸਰਹੱਦ ਦੇ ਹੋਰ ਨੇੜੇ ਲੈ ਕੇ ਜਾ ਰਹੀ ਹੈ, ਜਿਸ ਨਾਲ ਕਿਸਾਨਾਂ ਦੀ ਹਜ਼ਾਰਾਂ ਏਕੜ ਜ਼ਮੀਨ ’ਤੇ ਖੇਤੀ ਕਰਨੀ ਸੌਖੀ ਹੋ ਜਾਵੇਗੀ। ਮਨਜੀਤ ਸਿੰਘ ਦੇ ਖੇਤ ਰਾਵੀ ਦਰਿਆ ਤੋਂ ਕੁਝ ਹੀ ਦੂਰੀ ’ਤੇ ਹਨ। ਉੱਥੇ ਜਾਣ ਲਈ ਇੱਕੋ ਰਸਤਾ ਹੈ, ਜੋ ਕੱਚਾ ਅਤੇ ਮਿੱਟੀ ਨਾਲ ਭਰਿਆ ਹੋਇਆ ਹੈ। ਉਨ੍ਹਾਂ ਦੱਸਿਆ, ÷ਜਦੋਂ ਬਰਸਾਤ ਹੁੰਦੀ ਹੈ ਤਾਂ ਇਹ ਰਸਤਾ ਚਿੱਕੜ ਨਾਲ ਭਰ ਜਾਂਦਾ ਹੈ ਅਤੇ ਫਿਰ ਖੇਤਾਂ ਤੱਕ ਪਹੁੰਚਣਾ ਬਹੁਤ ਔਖਾ ਹੋ ਜਾਂਦਾ ਹੈ। ਮਨਜੀਤ ਸਿੰਘ ਨੇ ਦੱਸਿਆ ਕਿ ਹੜ੍ਹ ਤੋਂ ਬਾਅਦ ਉਨ੍ਹਾਂ ਨੇ ਪਹਿਲੀ ਵਾਰ ਗੰਨੇ ਦੀ ਫ਼ਸਲ ਬੀਜੀ ਹੈ। ਉਹ ਕਹਿੰਦੇ ਹਨ, ÷ਜਦੋਂ ਇਹ ਫ਼ਸਲ ਤਿਆਰ ਹੋਵੇਗੀ ਤਾਂ ਫਿਰ ਬਰਸਾਤ ਦਾ ਮੌਸਮ ਆ ਜਾਵੇਗਾ ਅਤੇ ਰਾਵੀ ਦਰਿਆ ਦਾ ਪਾਣੀ ਇਸ ਨੂੰ ਆਪਣੇ ਨਾਲ ਰੋੜ ਕੇ ਲੈ ਜਾਵੇਗਾ। ਉਨ੍ਹਾਂ ਕਿਹਾ, ÷ਸਰਹੱਦ ’ਤੇ ਰਹਿਣ ਵਾਲੇ ਕਿਸਾਨਾਂ ਦੀ ਜ਼ਿੰਦਗੀ ਬਹੁਤ ਔਖੀ ਹੈ। ਇਸ ਨੂੰ ਉਹੀ ਵਿਅਕਤੀ ਸਮਝ ਸਕਦਾ ਹੈ ਜੋ ਇੱਥੇ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਇੱਥੇ ਛੋਟੀਆਂ-ਛੋਟੀਆਂ ਲੋੜਾਂ ਲਈ ਵੀ ਸੰਘਰਸ਼ ਕਰਨਾ ਪੈਂਦਾ ਹੈ। ਉਨ੍ਹਾਂ ਮੁਤਾਬਕ ਉਦਯੋਗਾਂ ਦੀ ਘਾਟ ਅਤੇ ਸਰਕਾਰੀ ਨੌਕਰੀਆਂ ਦੀ ਕਮੀ ਕਾਰਨ ਇੱਥੋਂ ਦੇ ਜ਼ਿਆਦਾਤਰ ਨੌਜਵਾਨਾਂ ਨੂੰ ਆਖ਼ਰਕਾਰ ਖੇਤੀਬਾੜੀ ’ਤੇ ਹੀ ਨਿਰਭਰ ਹੋਣਾ ਪੈਂਦਾ ਹੈ।

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 357

Website: www.preetnama.com Email preetnamausa@gmail.com

12 JUNE TO 18 JUNE, 2026




# ਆਪ੍ਰੇਸ਼ਨ ਬਲੂ ਸਟਾਰ ਦੇ ਮ੍ਰਿਤਕਾਂ ਨੂੰ ਭਾਜਪਾ ਮੰਤਰੀ ਨੇ ਦਮਦਮੀ ਟਕਸਾਲ ਦੀ ਸਟੇਜ ਤੋਂ ਸ਼ਹੀਦ ਕਿਹਾ, ਕੀ ਭਾਜਪਾ ਦੀ ਨੀਤੀ ਬਦਲ ਰਹੀ ਹੈ

ਆਪ੍ਰੇਸ਼ਨ ਬਲੂ ਸਟਾਰ ਦੇ ਕਰੀਬ 42 ਸਾਲ ਬਾਅਦ ਮਹਾਰਾਸ਼ਟਰ ਸਰਕਾਰ ਵਿੱਚ ਭਾਜਪਾ ਦੇ ਮੰਤਰੀ ਗਿਰੀਸ਼ ਮਹਾਜਨ ਨੇ ਅੰਮ੍ਰਿਤਸਰ ਦੇ ਚੌਂਕ ਮਹਿਤਾ ਸਥਿਤ ਦਮਦਮੀ ਟਕਸਾਲ ਦੇ ਮੁੱਖ ਦਫ਼ਤਰ ਵਿੱਚ ਪਹੁੰਚ ਕੇ 6 ਜੂਨ ਨੂੰ 'ਕਾਲਾ ਦਿਨ' ਕਰਾਰ ਦਿੱਤਾ ਅਤੇ ਇਸ ਫੌਜੀ ਕਾਰਵਾਈ ਦੌਰਾਨ ਮਾਰੇ ਗਏ ਲੋਕਾਂ ਨੂੰ 'ਸ਼ਹੀਦ' ਆਖਿਆ। ਆਪ੍ਰੇਸ਼ਨ ਬਲੂ ਸਟਾਰ ਦੌਰਾਨ ਮਾਰੇ ਗਏ ਲੋਕਾਂ ਵਿੱਚ ਦਮਦਮੀ ਟਕਸਾਲ ਦੇ ਤਤਕਾਲੀ ਮੁਖੀ ਜਰਨੈਲ ਸਿੰਘ ਭਿੰਡਰਾਂਵਾਲੇ ਵੀ ਸ਼ਾਮਲ ਸਨ। ਜੂਨ 1984 ਵਿੱਚ ਭਾਰਤੀ ਫੌਜ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਮੌਜੂਦ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬਾਹਰ ਕੱਢਣ ਲਈ ਫੌਜੀ ਕਾਰਵਾਈ ਕੀਤੀ ਸੀ, ਜਿਸ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ ਸੀ। ਸਰਕਾਰੀ ਵਾਈਟ ਪੇਪਰ ਮੁਤਾਬਕ ਹਮਲੇ 'ਚ 493 ਆਮ ਲੋਕ ਤੇ 83 ਫੌਜੀ ਮਾਰੇ ਗਏ। ਕੇਂਦਰੀ ਸਿੱਖ ਅਜਾਇਬ ਘਰ ਵਿੱਚ ਹਮਲੇ ਦੇ ਮ੍ਰਿਤਕਾਂ ਦੀ ਸੂਚੀ ਵਿੱਚ 743 ਨਾਂ ਸ਼ਾਮਲ ਹਨ। ਪੰਜਾਬ ਪੁਲਿਸ ਦੇ ਤਤਕਾਲੀ ਅਧਿਕਾਰੀ ਅਪਾਰ ਸਿੰਘ ਬਾਜਵਾ ਨੇ ਬੀਬੀਸੀ ਨੂੰ 2004 ਵਿੱਚ ਦੱਸਿਆ ਸੀ ਕਿ ਉਨ੍ਹਾਂ 800 ਲਾਸ਼ਾਂ ਆਪ ਗਿਣੀਆਂ ਸਨ। ਜਦਕਿ ਮਨੁੱਖੀ ਅਧਿਕਾਰ ਕਾਰਕੁਨ ਇੰਦਰਜੀਤ ਸਿੰਘ ਜੇਜੀ ਅਤੇ ਕਈ ਹੋਰ ਮੰਨੇ-ਪ੍ਰਮੰਨੇ ਪੱਤਰਕਾਰ ਤੇ ਵਿਦਵਾਨ ਮ੍ਰਿਤਕਾਂ ਦੀ ਗਿਣਤੀ 4,000 ਤੋਂ 5,000 ਦੱਸਦੇ ਹਨ। ਦਮਦਮੀ ਟਕਸਾਲ ਵੱਲੋਂ ਦਮਦਮੀ ਟਕਸਾਲ ਦੇ 14ਵੇਂ ਮੁਖੀ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਨਾਲ ਮਾਰੇ ਗਏ ਲੋਕਾਂ ਦੀ ਯਾਦ ਵਿੱਚ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਹੈੱਡਕੁਆਰਟਰ ਦਮਦਮੀ ਟਕਸਾਲ ਮਹਿਤਾ, ਅੰਮ੍ਰਿਤਸਰ, ਵਿੱਚ ਹਰ ਸਾਲ ਸਮਾਗਮ ਕਰਵਾਇਆ ਜਾਂਦਾ ਹੈ। ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਸਿੱਖ ਧਰਮ ਨਾਲ ਜੁੜੇ ਲੋਕਾਂ ਸਮੇਤ ਭਾਜਪਾ ਆਗੂ ਗਿਰੀਸ਼ ਮਹਾਜਨ ਵੀ ਪਹੁੰਚੇ ਸਨ।

ਇਸ ਦੌਰਾਨ ਸਟੇਜ ਤੋਂ ਬੋਲਦਿਆਂ ਭਾਜਪਾ ਆਗੂ ਗਿਰੀਸ਼ ਮਹਾਜਨ ਨੇ ਕਿਹਾ, ÷ਅੱਜ ਦਾ ਦਿਨ ਸਾਡੇ ਲਈ ਕਾਲਾ ਦਿਨ ਹੈ। 6 ਜੂਨ 1984 ਅਸੀਂ ਕਦੇ ਭੁੱਲ ਨਹੀਂ ਸਕਦੇ। ਜਿਸ ਤਰ੍ਹਾਂ ਸਾਡੇ ਹਜ਼ਾਰਾਂ ਭੈਣ-ਭਰਾ ਸ਼ਹੀਦ ਹੋਏ, ਮਾਰੇ ਗਏ, ਸਾਡੇ ਪਵਿੱਤਰ ਧਾਰਮਿਕ ਸਥਾਨ 'ਤੇ ਫੌਜ ਦਾ ਹਮਲਾ ਹੋਇਆ। ਮੈਂ ਇਹੋ ਕਹਾਂਗਾ ਕਿ ਇੰਦਰਾ ਜੀ ਨੇ ਜ਼ਬਰਦਸਤੀ ਉਨ੍ਹਾਂ ਨੂੰ ਪੰਜਾਬ ਵਿੱਚ ਭੇਜਿਆ, ਸਾਡੇ ਪਵਿੱਤਰ ਧਾਰਮਿਕ ਸਥਾਨ 'ਤੇ ਭੇਜਿਆ। ਸਾਡੇ ਲੋਕਾਂ ਦੇ ਬੁਰੀ ਤਰ੍ਹਾਂ ਕਤਲ ਹੋਏ, ਜੋ ਸ਼ਹੀਦ ਹੋਏ ਹਨ। ਗਿਰੀਸ਼ ਮਹਾਜਨ ਨੇ ਅੱਗੇ ਕਿਹਾ, ÷ਜਿਸ ਤਰ੍ਹਾਂ ਇੰਦਰਾ ਜੀ ਨੇ ਸਾਡੇ ਧਾਰਮਿਕ ਸਥਾਨ 'ਤੇ ਆਕਰਮਣ (ਹਮਲਾ) ਕੀਤਾ, ਮੈਂ ਆਕਰਮਣ ਹੀ ਕਹਾਂਗਾ। ਸਾਡੇ ਜਿੰਨੇ ਭੈਣ-ਭਰਾਵਾਂ ਨੂੰ ਸ਼ਹੀਦ ਕੀਤਾ, ਮੈਂ ਉਨ੍ਹਾਂ ਨੂੰ ਨਮਨ ਕਰਦਾ ਹਾਂ।

**ਵਿਰੋਧੀਆਂ ਨੇ ਭਾਜਪਾ ਨੂੰ ਘੇਰਿਆ**

ਉੱਧਰ, ਮਹਾਜਨ ਦੇ ਆਕਰਮਣ ਵਾਲੇ ਬਿਆਨ ਬਾਰੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ, ÷ਭਾਵੇਂ ਕਿਸੇ ਨੂੰ ਭਾਜਪਾ ਤੋਂ ਕਿਸੇ ਸਰਟੀਫਿਕੇਟ ਦੀ ਲੋੜ ਨਹੀਂ, ਪਰ ਇਹ ਪਾਰਟੀ ਦੀ ਦੋਹਰੀ ਨੀਤੀ ਅਤੇ ਪਖੰਡ ਨੂੰ ਬੇਨਕਾਬ ਕਰਦਾ ਹੈ, ਜੋ ਦੂਜਿਆਂ ਨੂੰ ਰਾਸ਼ਟਰਵਾਦ ਦਾ ਪਾਠ ਪੜ੍ਹਾਉਂਦੀ ਹੈ, ਪਰ ਚੋਣਾਵੀਂ ਫਾਇਦੇ ਲਈ ਮੌਕਾਪ੍ਰਸਤੀ ਦਾ ਸਹਾਰਾ ਲੈਂਦੀ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਐਕਸ 'ਤੇ ਲਿਖਿਆ, ÷ਪੰਜਾਬ ਨੇ ਵੰਡ ਪੈਦਾ ਕਰਨ ਵਾਲੀ ਅਤੇ ਫਿਰਕਾਪ੍ਰਸਤੀ ਦੀ ਵਿਚਾਰਧਾਰਾ ਨੂੰ ਬਹੁਤ ਪਹਿਲਾਂ ਹੀ ਨਕਾਰ ਦਿੱਤਾ ਸੀ। ਆਪਣੇ ਚੋਣਾਵੀਂ ਫਾਇਦੇ ਲਈ ਇਸ ਨੂੰ ਮੁੜ ਜਗਾਉਣ ਦੀ ਕੋਸ਼ਿਸ਼ ਨਾ ਕਰੋ। ਇਸ ਮਾਮਲੇ 'ਤੇ ਵਿਰੋਧੀਆਂ ਵੱਲੋਂ ਸਵਾਲ ਚੁੱਕੇ ਜਾਣ ਤੋਂ ਬਾਅਦ ਪੰਜਾਬ ਵਿੱਚ ਭਾਜਪਾ ਦੇ ਬੁਲਾਰੇ ਪ੍ਰਿਤਪਾਲ ਸਿੰਘ ਬਲੀਏਵਾਲ ਨੇ ਕਿਹਾ, ÷ਦਮਦਮੀ ਟਕਸਾਲ ਬਾਬਾ ਦੀਪ ਸਿੰਘ ਜੀ ਦੀ ਟਕਸਾਲ ਹੈ। ਜੇ ਤੁਸੀਂ ਇਸ 'ਤੇ ਸਿਆਸੀ ਰੋਟੀਆਂ ਸੇਕਣੀਆਂ ਹਨ, ਤਾਂ ਤੁਹਾਨੂੰ ਮੁਬਾਰਕ, ਪਰ ਸਿੱਖ ਕੌਮ ਹਿੰਦੂ-ਸਿੱਖ ਭਾਈਚਾਰੇ ਵਿੱਚ ਪਾੜ ਪਾਉਣ ਦੀ ਕੋਸ਼ਿਸ਼ ਨੂੰ ਮਾਫ਼ ਨਹੀਂ ਕਰੇਗੀ।

**ਕੀ ਭਾਜਪਾ ਸਿੱਖਾਂ ਨਾਲ ਸਾਂਝ ਪਾਉਣ ਦੀ ਨੀਤੀ ਅਪਣਾ ਰਹੀ ਹੈ ?**

ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਹਰਨਾਮ ਸਿੰਘ ਧੁੰਮਾ, ਮਹਾਰਾਸ਼ਟਰ ਵਿੱਚ ਭਾਜਪਾ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨਾਲ ਮੰਚ ਸਾਂਝੇ ਕਰਦੇ ਰਹੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਵੀ ਭਾਜਪਾ ਦੇ ਨੇੜੇ ਰਹਿੰਦੇ ਹਨ। ਦਮਦਮੀ ਟਕਸਾਲ ਦੀ ਭਾਰਤੀ ਜਨਤਾ ਪਾਰਟੀ ਨਾਲ 'ਇਕਸੁਰਤਾ ਅਤੇ ਸਾਂਝੀਆਂ ਗਤੀਵਿਧੀਆਂ' ਨੇ ਪੰਥਕ ਅਤੇ ਸਿਆਸੀ ਹਲਕਿਆਂ ਵਿੱਚ ਗੰਭੀਰ ਚਰਚਾ ਛੇੜ ਦਿੱਤੀ ਹੈ। ਸਿੱਖ ਸਿਆਸਤ ਦੇ ਜਾਣਕਾਰ ਅਤੇ ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਮੁੱਖ ਵਿਰੋਧੀ ਧਿਰ ਕਾਂਗਰਸ ਨੂੰ ਨੁਕਸਾਨ ਪਹੁੰਚਾਉਣ ਅਤੇ ਚੋਣਾਂ ਵਿੱਚ ਸਿਆਸੀ ਲਾਹਾ ਲੈਣ ਲਈ 'ਭਾਜਪਾ ਸਿੱਖਾਂ ਨੂੰ ਵੰਡਣਾ' ਚਾਹੁੰਦੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਪ੍ਰੋਫ਼ੈਸਰ ਪਰਮਜੀਤ ਸਿੰਘ ਜੱਜ ਕਹਿੰਦੇ ਹਨ, ÷ਐੱਲਕੇ ਅਡਵਾਨੀ ਨੇ ਆਪਣੀ ਸਵੈ-ਜੀਵਨੀ ਵਿੱਚ ਲਿਖਿਆ ਹੈ ਕਿ ਉਹ ਆਪ੍ਰੇਸ਼ਨ ਬਲੂ ਸਟਾਰ ਲਈ ਇੰਦਰਾ ਗਾਂਧੀ ਨੂੰ ਮਿਲਣ ਗਏ ਸਨ। ˚ਜੂਦਾ ਸਮੇਂ ਵਿੱਚ ਇਹ ਸਭ ਕੁਝ ਚੋਣਾਂ ਕਰਕੇ ਹੋ ਰਿਹਾ ਹੈ, ਪਰ ਜਿੰਨੇ ਸਿੱਖ ਭਾਜਪਾ ਵਿੱਚ ਗਏ ਹਨ, ਉਨ੍ਹਾਂ ਨੂੰ ਹੌਲੀ-ਹੌਲੀ ਤਰੀਕੇ ਨਾਲ ਪਿੱਛੇ ਕਰ ਦਿੱਤਾ ਜਾਵੇਗਾ। ਜੇ ਪੰਜਾਬ ਵਿੱਚ ਭਾਜਪਾ ਦੀ ਕਦੇ ਸਰਕਾਰ ਵੀ ਬਣੇਗੀ ਤਾਂ ਮੁੱਖ ਮੰਤਰੀ ਆਰਐੱਸਐੱਸ ਦਾ ਹੀ ਹੋਵੇਗਾ। ਅੰਮ੍ਰਿਤਸਰ ਵਿੱਚ ਪੱਤਰਕਾਰੀ ਕਰਦੇ ਇੱਕ ਸਥਾਨਕ ਪੱਤਰਕਾਰ ਦਾ ਕਹਿਣਾ ਹੈ ਕਿ ਭਾਜਪਾ ਦੀ ਪੰਜਾਬ ਇਕਾਈ ਦੇ ਆਗੂਆਂ ਦੀ ਗਰਮ-ਖਿਆਲੀ ਸਿਆਸਤ ਨਾਲ ਕੋਈ ਸਾਂਝ ਨਹੀਂ ਦਿਖਾਈ ਦਿੰਦੀ ਅਤੇ ਉਹ ਅਜਿਹੇ ਸਮਾਗਮਾਂ ਵਿੱਚ ਨਹੀਂ ਜਾਂਦੇ। ਸਾਲ 1984 ਵਿੱਚ ਅੰਮ੍ਰਿਤਸਰ ਵਿੱਚ ਪੱਤਰਕਾਰੀ ਕਰਦੇ ਰਹੇ ਸੀਨੀਅਰ ਪੱਤਰਕਾਰ ਜਸਪਾਲ ਸਿੱਧੂ ਮੰਨਦੇ ਹਨ ਕਿ ਚਾਰ ਦਹਾਕਿਆਂ ਦਾ ਅਰਸਾ ਕਾਫ਼ੀ ਲੰਮਾ ਹੁੰਦਾ ਹੈ ਅਤੇ ਇਸ ਦੌਰਾਨ ਪਾਰਟੀਆਂ ਦੇ ਸਟੈਂਡ ਅਕਸਰ ਬਦਲ ਜਾਂਦੇ ਹਨ। ਸਿੱਧੂ ਕਹਿੰਦੇ ਹਨ, ਹੁਣ ਭਾਜਪਾ ਦਾ ਏਜੰਡਾ ਇਹ ਦਿਖਾਉਣਾ ਹੈ ਕਿ ਆਪ੍ਰੇਸ਼ਨ ਬਲੂ ਸਟਾਰ ਦੀ ਸਾਰੀ ਕਾਰਵਾਈ ਕਾਂਗਰਸ ਦੀ ਸੀ। ਭਾਜਪਾ ਸਿੱਖਾਂ ਨਾਲ ਸਾਂਝ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿਉਂਕਿ ਅਜਿਹੇ ਪ੍ਰਚਾਰ ਨਾਲ ਸਿੱਖ ਕਾਂਗਰਸ ਵਿਰੋਧੀ ਹੋ ਜਾਣ। ਇਹ ਸਭ ਭਾਜਪਾ ਦੀ ਚੋਣ ਰਣਨੀਤੀ ਹੈ। ਸਿੱਧੂ ਮੁਤਾਬਕ, ਸ਼੍ਰੋਮਣੀ ਅਕਾਲੀ ਦਲ ਕਮਜ਼ੋਰ ਹੈ ਅਤੇ ਮੁੱਖ ਧਿਰ ਕਾਂਗਰਸ ਹੀ ਹੈ। ਜਦੋਂ ਸਿੱਖ ਕਾਂਗਰਸ ਦਾ ਸਾਥ ਨਹੀਂ ਦੇਣਗੇ ਤਾਂ ਭਾਜਪਾ ਨੂੰ ਫਾਇਦਾ ਹੋਣ ਦੀ ਸੰਭਾਵਨਾ ਹੈ। ਪਰਮਜੀਤ ਸਿੰਘ ਜੱਜ ਅਤੇ ਸਿੱਧੂ ਦੋਵੇਂ ਹੀ ਮੰਨਦੇ ਹਨ ਕਿ ਦਿੱਲੀ ਅਤੇ ਮਹਾਰਾਸ਼ਟਰ ਵਿੱਚ ਸਿੱਖਾਂ ਦੀ ਗਿਣਤੀ ਘੱਟ ਹੋਣ ਕਾਰਨ ਉਹ ਸਿਆਸੀ ਤੌਰ 'ਤੇ ਮਜ਼ਬੂਤ ਪਾਰਟੀ ਭਾਜਪਾ ਨਾਲ ਹਨ, ਪਰ ਪੰਜਾਬ ਵਿੱਚ ਸਿੱਖ ਬਹੁਗਿਣਤੀ ਹਨ ਅਤੇ ਇੱਥੇ ਸਮੀਕਰਨ ਹੋਰ ਹਨ।

## ਦਮਦਮੀ ਟਕਸਾਲ ਦਾ ਕੀ ਹੈ ਪਿਛੋਕੜ

ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 7 ਅਗਸਤ, 1706 ਨੂੰ ਦਮਦਮੀ ਟਕਸਾਲ ਦੀ ਸਥਾਪਨਾ ਕਰਕੇ ਬਾਬਾ ਦੀਪ ਸਿੰਘ ਨੂੰ ਇਸ ਟਕਸਾਲ ਦਾ ਪਹਿਲਾ ਮੁਖੀ ਥਾਪਿਆ ਸੀ। ਇਸ ਵੇਲੇ ਦਮਦਮੀ ਟਕਸਾਲ ਦੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਸਾਹਿਬ ਹੈ। ਇਹ ਗੁਰਦੁਆਰਾ ਸਾਹਿਬ ਅੰਮ੍ਰਿਤਸਰ ਤੋਂ 40 ਕਿਲੋਮੀਟਰ ਦੂਰ ਉੱਤਰੀ ਦਿਸ਼ਾ ਵੱਲ ਵਸੇ ਕਸਬਾ ਮਹਿਤਾ ਵਿੱਚ ਸਥਿਤ ਹੈ। ਇਸ ਦੀ ਉਸਾਰੀ ਦਮਦਮੀ ਟਕਸਾਲ ਦੇ 12ਵੇਂ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਦੀ ਯਾਦ ਵਿੱਚ 1969 ਦੇ ਨੇੜੇ-ਤੇੜੇ ਕਰਵਾਈ ਗਈ ਸੀ। ਇਸ ਤੋਂ ਪਹਿਲਾਂ ਦਮਦਮੀ ਟਕਸਾਲ ਦੀਆਂ ਸਰਗਰਮੀਆਂ ਦਾ ਮੁੱਖ ਕੇਂਦਰ ਜ਼ਿਲ੍ਹਾ ਮੋਗਾ ਅਧੀਨ ਪੈਂਦੇ ਪਿੰਡ ਭਿੰਡਰ ਕਲਾਂ ਦਾ ਗੁਰਦੁਆਰਾ ਅਖੰਡ ਪ੍ਰਕਾਸ਼ ਸਾਹਿਬ ਸੀ। ਟਕਸਾਲ ਦਾ ਮੁੱਖ ਮੰਤਵ ਗੁਰਬਾਣੀ ਦੀ ਸੰਥਿਆ ਕਰਵਾਉਣਾ, ਉੱਚ ਦਰਜੇ ਦੇ ਕਥਾਵਾਚਕ ਤਿਆਰ ਕਰਨਾ ਅਤੇ ਕੀਰਤਨੀ ਜਥੇ ਤਿਆਰ ਕਰਨਾ ਹੈ। ਅਸਲ ਵਿੱਚ ਦਮਦਮੀ ਟਕਸਾਲ ਆਪਣੀ ਸਥਾਪਨਾ ਤੋਂ ਲੈ ਕੇ ਸਿਰਫ਼ ਧਾਰਮਿਕ ਖੇਤਰ ਵਿੱਚ ਹੀ ਕਾਰਜਸ਼ੀਲ ਸੀ। ਪਰ ਸਾਲ 1975 ਵਿੱਚ ਭਾਰਤ ਵਿੱਚ ਲੱਗੀ ਐਮਰਜੈਂਸੀ ਦੌਰਾਨ ਦਮਦਮੀ ਟਕਸਾਲ ਵੱਲੋਂ ਨਿਭਾਈ ਗਈ ਭੂਮਿਕਾ ਤੋਂ ਬਾਅਦ ਇਹ ਟਕਸਾਲ ਆਮ ਲੋਕਾਂ ਵਿੱਚ ਚਰਚਾ 'ਚ ਆ ਗਈ। ਸਾਲ 1975 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਜਦੋਂ ਐਮਰਜੈਂਸੀ ਲਗਾਈ ਤਾਂ ਉਸ ਸਮੇਂ ਦਮਦਮੀ ਟਕਸਾਲ ਵੀ ਪੰਜਾਬ ਦੇ ਆਮ ਸਿਆਸੀ ਦਲਾਂ ਵਾਂਗ ਐਮਰਜੈਂਸੀ ਦੇ ਖ਼ ?ਲਾਫ਼ ਮੈਦਾਨ ਵਿੱਚ ਨਿੱਤਰੀ ਸੀ। ਦਮਦਮੀ ਟਕਸਾਲ ਦੇ ਉਸ ਵੇਲੇ ਦੇ 13ਵੇਂ ਮੁਖੀ ਸੰਤ ਕਰਤਾਰ ਸਿੰਘ ਖਾਲਸਾ ਵੱਲੋਂ ਐਮਰਜੈਂਸੀ ਸਮੇਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ 37 ਜਲੂਸ ਕੱਢ ਕੇ ਧਾਰਮਿਕ ਪ੍ਰਚਾਰ ਕੀਤਾ ਗਿਆ ਸੀ ਅਤੇ ਨਾਲ ਹੀ ਲੋਕਤੰਤਰ ਦੀ ਬਹਾਲੀ ਲਈ ਵੀ ਸੁਨੇਹਾ ਦਿੱਤਾ ਗਿਆ ਸੀ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 357 | Website: www.preetnama.com Email preetnamausa@gmail.com | 12 JUNE TO 18 JUNE, 2026


# ਅਭਿਜੀਤ ਦੀਪਕੇ 'ਕਾਕਰੋਚ ਜਨਤਾ ਪਾਰਟੀ' ਬਣਾਉਣ ਤੋਂ ਪਹਿਲਾਂ ਕੀ ਕਰ ਰਹੇ ਸਨ




ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਸੰਸਥਾਪਕ ਅਭਿਜੀਤ ਦੀਪਕੇ ਨੇ ਕਿਹਾ ਹੈ ਕਿ ਉਹ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਲਈ ਪੂਰੇ ਦੇਸ਼ ਦੇ ਕਈ ਸ਼ਹਿਰਾਂ ਵਿੱਚ ਨੌਜਵਾਨਾਂ ਨਾਲ ਪ੍ਰਦਰਸ਼ਨ ਕਰਨਗੇ। ਅਭਿਜੀਤ ਨੇ ਇੱਕ ਵੀਡੀਓ ਰਾਹੀਂ ਬਿਆਨ ਜਾਰੀ ਕੀਤਾ ਹੈ, ਜਿਸ ਵਿੱਚ ਉਹ ਕਹਿ ਰਹੇ ਹਨ ਕਿ ਜੇਕਰ ਉਸ ਤੋਂ ਬਾਅਦ ਵੀ ਧਰਮੇਂਦਰ ਪ੍ਰਧਾਨ ਸ਼ਨੀਵਾਰ ਤੱਕ ਅਸਤੀਫ਼ਾ ਨਹੀਂ ਦਿੰਦੇ ਹਨ ਤਾਂ ਪੂਰੇ ਦੇਸ਼ ਦੇ ਨੌਜਵਾਨਾਂ ਨਾਲ ਦਿੱਲੀ ਵਿੱਚ ਵੱਡਾ ਵਿਰੋਧ ਪ੍ਰਦਰਸ਼ਨ ਕਰਨਗੇ। ਕਾਕਰੋਚ ਜਨਤਾ ਪਾਰਟੀ ਨੇ ਸ਼ਨੀਵਾਰ ਨੂੰ ਦਿੱਲੀ ਦੇ ਜੰਤਰ-ਮੰਤਰ 'ਤੇ ਵਿਰੋਧ ਪ੍ਰਦਰਸ਼ਨ ਕੀਤਾ ਸੀ ਅਤੇ ਤਪਦੀ ਗਰਮੀ ਦੇ ਬਾਵਜੂਦ ਵੀ ਸੈਂਕੜਿਆਂ ਦੀ ਗਿਣਤੀ ਵਿੱਚ ਨੌਜਵਾਨ ਉਨ੍ਹਾਂ ਦੇ ਪ੍ਰਦਰਸ਼ਨ ਵਿੱਚ ਸ਼ਾਮਲ ਹੋਏ ਸਨ। ਅਸੀਂ ਇਸ ਕਹਾਣੀ ਵਿੱਚ ਪੜ੍ਹਾਂਗੇ ਕਿ ਅਚਾਨਕ ਹੀ ਸਿੱਖਿਆ, ਰੁਜ਼ਗਾਰ ਅਤੇ ਪੇਪਰ ਲੀਕ ਦੇ ਮਾਮਲੇ ਵਿੱਚ ਅਭਿਜੀਤ ਦੀਪਕੇ ਕਈ ਨੌਜਵਾਨਾਂ ਦੀ ਆਵਾਜ਼ ਕਿਵੇਂ ਬਣ ਗਏ ਅਤੇ ਸੀਜੇਪੀ ਬਣਾਉਣ ਤੋਂ ਪਹਿਲਾਂ ਉਹ ਕੀ ਕਰ ਰਹੇ ਸਨ। ਕਾਕਰੋਚ ਜਨਤਾ ਪਾਰਟੀ ਨੇ ਸ਼ਨੀਵਾਰ ਨੂੰ ਪ੍ਰਦਰਸ਼ਨ ਕਰਕੇ ਇੱਕ ਹਫ਼ਤੇ ਵਿੱਚ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਰੱਖੀ ਸੀ। ਅਭਿਜੀਤ ਦੀਪਕੇ ਨੇ ਮੀਡੀਆ ਨਾਲ ਤਾਜ਼ਾ ਗੱਲਬਾਤ ਵਿੱਚ ਕਿਹਾ ਕਿ ਜੇ ਧਰਮੇਂਦਰ ਪ੍ਰਧਾਨ ਖ਼ੁਦ ਆਪਣਾ ਅਸਤੀਫ਼ਾ ਨਹੀਂ ਦਿੰਦੇ ਹਨ ਤਾਂ ਪ੍ਰਧਾਨ ਮੰਤਰੀ ਮੋਦੀ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦੇਣ। ਅਭਿਜੀਤ ਦੀਪਕੇ ਨੇ ਜੰਤਰ-ਮੰਤਰ 'ਤੇ ਕਿਹਾ, ÷ਮਹਿਜ਼ ਇੱਕ-ਦੋ ਦਿਨਾਂ ਵਿੱਚ ਸਾਡੇ ਨਾਲ ਲੱਖਾਂ ਵਿਦਿਆਰਥੀ ਹੋਣਗੇ। ਕਾਕਰੋਚ ਜਨਤਾ ਪਾਰਟੀ ਕੋਈ ਯੋਜਨਾਬੱਧ ਪਾਰਟੀ ਨਹੀਂ ਹੈ। ਇਹ ਹਰ ਇੱਕ ਵਿਦਿਆਰਥੀ ਦੀ ਆਵਾਜ਼ ਹੈ, ਜੋ ਸਰਕਾਰ ਤੋਂ ਨਾਰਾਜ਼ ਹੈ।÷

ਉਨ੍ਹਾਂ ਨੇ ਕਿਹਾ, ÷10-12 ਸਾਲਾਂ ਤੋਂ ਇਨ੍ਹਾਂ ਲੋਕਾਂ ਨੇ ਸਾਨੂੰ ਹਿੰਦੂ-ਮੁਸਲਮਾਨ ਦੀ ਰਾਜਨੀਤੀ ਵਿੱਚ ਫਸਾ ਕੇ ਰੱਖਿਆ ਹੋਇਆ ਹੈ, ਇਸ ਨਾਲ ਕਿਸ ਨੂੰ ਫ਼ਾਇਦਾ ਹੋਇਆ? ਕੀ ਹਿੰਦੂ-ਮੁਸਲਮਾਨ ਕਰਨ ਨਾਲ ਦੇਸ਼ ਵਿੱਚ ਕਿਸੇ ਨੂੰ ਵੀ ਨੌਕਰੀਆਂ ਮਿਲੀਆਂ ਹਨ?÷

**ਸੀਜੇਪੀ ਬਣਾਉਣ ਤੋਂ ਪਹਿਲਾਂ ਕੀ ਕਰ ਰਹੇ ਸਨ?**

ਕਾਕਰੋਚ ਜਨਤਾ ਪਾਰਟੀ ਬਣਾਉਣ ਤੋਂ ਪਹਿਲਾਂ ਵੀ ਅਭਿਜੀਤ ਦੀਪਕੇ ਸੋਸ਼ਲ ਮੀਡੀਆ 'ਤੇ ਕਾਫ਼ੀ ਸਰਗਰਮ ਰਹੇ ਹਨ। ਉਨ੍ਹਾਂ ਦੇ ਸਿਆਸੀ ਵਿਚਾਰਾਂ ਨੂੰ ਸਮਝਣ ਲਈ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਉਨ੍ਹਾਂ ਦੀਆਂ ਪੁਰਾਣੀਆਂ ਪੋਸਟਾਂ ਵੇਖੀਆਂ ਜਾ ਸਕਦੀਆਂ ਹਨ।

ਉਨ੍ਹਾਂ ਨੇ ਐਕਸ 'ਤੇ ਕਈ ਪੋਸਟਾਂ ਵਿੱਚ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਜੁੜੀਆਂ ਗੱਲਾਂ ਸਾਂਝੀਆਂ ਕੀਤੀਆਂ ਹਨ। ਅਭਿਜੀਤ ਦੀਪਕੇ ਸੋਸ਼ਲ ਮੀਡੀਆ 'ਤੇ ਅਰਵਿੰਦ ਕੇਜਰੀਵਾਲ ਦੇ ਹੱਕ ਵਿੱਚ ਸਪੱਸ਼ਟ ਤੌਰ 'ਤੇ ਨਜ਼ਰ ਆਉਂਦੇ ਹਨ। ਉਹ ਅਕਸਰ ਭਾਰਤ ਵਿੱਚ ਆਮ ਲੋਕਾਂ ਨਾਲ ਜੁੜੇ ਮੁੱਦਿਆਂ 'ਤੇ ਆਪਣੀ ਰਾਇ ਦਿੰਦੇ ਰਹੇ ਹਨ। ਨੀਟ ਪੇਪਰ ਲੀਕ ਅਤੇ ਉਸ ਤੋਂ ਬਾਅਦ ਵਿਦਿਆਰਥੀਆਂ ਦੀਆਂ ਮੌਤਾਂ ਬਾਰੇ ਉਨ੍ਹਾਂ ਨੇ ਕਈ ਪੋਸਟਾਂ ਸਾਂਝੀਆਂ ਕੀਤੀਆਂ ਹਨ। ਇਸ ਤੋਂ ਇਲਾਵਾ ਪੈਟ ?ਰੋਲ-ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧੇ ਬਾਰੇ ਵੀ ਉਨ੍ਹਾਂ ਦੀਆਂ ਟਿੱਪਣੀਆਂ ਸੋਸ਼ਲ ਮੀਡੀਆ 'ਤੇ ਨਜ਼ਰ ਆਉਂਦੀਆਂ ਹਨ। ਉਨ੍ਹਾਂ ਨੇ ਭਾਰਤ-ਅਮਰੀਕਾ ਵਪਾਰ ਸਮਝੌਤੇ ਦੇ ਮੁੱਦੇ 'ਤੇ ਵੀ ਸਵਾਲ ਉਠਾਏ ਹਨ ਅਤੇ ਭਾਰਤ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਬਾਰੇ ਵੀ ਟਿੱਪਣੀ ਕੀਤੀ ਹੈ। ਹਾਲ ਦੇ ਦਿਨਾਂ ਵਿੱਚ ਕਈ ਸੋਸ਼ਲ ਮੀਡੀਆ ਪੋਸਟਾਂ ਵਿੱਚ ਅਭਿਜੀਤ ਦੀਪਕੇ ਮੋਦੀ ਸਰਕਾਰ ਅਤੇ ਭਾਜਪਾ 'ਤੇ ਨਿਸ਼ਾਨਾ ਸਾਧਦੇ ਦਿਖਾਈ ਦਿੰਦੇ ਹਨ। ਭਾਵੇਂ ਉਹ ਭਾਰਤ-ਅਮਰੀਕਾ ਵਪਾਰ ਸਮਝੌਤਾ ਹੋਵੇ ਜਾਂ ਪੱਛਮੀ ਬੰਗਾਲ ਚੋਣਾਂ ਦੌਰਾਨ ਭਾਜਪਾ ਆਗੂਆਂ ਦੇ ਭੋਜਨ ਕਰਨ ਦੀ ਤਸਵੀਰ ਹੋਵੇ। ਅਭਿਜੀਤ ਦੀਪਕੇ ਨੇ ਇੱਕ ਪੋਸਟ ਵਿੱਚ ਇਹ ਇਲਜ਼ਾਮ ਵੀ ਲਗਾਇਆ ਹੈ ਕਿ ਖੇਤਰੀ ਪਾਰਟੀਆਂ ਨੇ ਭਾਜਪਾ ਨੂੰ ਸਾਲ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਬਹੁਮਤ ਹਾਸਲ ਨਹੀਂ ਕਰਨ ਦਿੱਤਾ, ਇਸ ਲਈ ਅਜਿਹੀਆਂ ਪਾਰਟੀਆਂ ਨੂੰ ਇੱਕ-ਇੱਕ ਕਰਕੇ ਖ਼ਤਮ ਕੀਤਾ ਜਾਵੇਗਾ।

**ਕਿਵੇਂ ਸ਼ੁਰੂ ਹੋਇਆ ਸੀਜੇਪੀ ਦਾ ਸਫ਼ਰ**

ਅਭਿਜੀਤ ਦੀਪਕੇ ਦੀ ਕਾਕਰੋਚ ਜਨਤਾ ਪਾਰਟੀ ਦਾ ਸਫ਼ਰ ਬਹੁਤ ਹੀ ਮਜ਼ਾਕੀਆ ਅੰਦਾਜ਼ ਵਿੱਚ ਸ਼ੁਰੂ ਹੋਇਆ। ਸੀਜੇਪੀ ਅਸਲ ਵਿੱਚ ਭਾਰਤ ਦੇ ਚੀਫ਼ ਜਸਟਿਸ ਸੂਰਿਆਕਾਂਤ ਦੀ ਇੱਕ ਟਿੱਪਣੀ ਕਾਰਨ ਬਣੀ ਹੈ। ਉਨ੍ਹਾਂ ਦੀ ਇਸ ਟਿੱਪਣੀ ਬਾਰੇ ਆਮ ਤੌਰ 'ਤੇ ਮੰਨਿਆ ਗਿਆ ਕਿ ਉਨ੍ਹਾਂ ਨੇ ਦੇਸ਼ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ÷ਕਾਕਰੋਚ÷ ਅਤੇ ਪਰਜੀਵੀ ਕਿਹਾ ਸੀ। ਬਹੁਤ ਸਾਰੇ ਲੋਕਾਂ ਨੇ ਇਸ ਗੱਲ 'ਤੇ ਨਾਰਾਜ਼ਗੀ ਜਤਾਈ। ਹਾਲਾਂਕਿ ਬਾਅਦ ਵਿੱਚ ਚੀਫ਼ ਜਸਟਿਸ ਨੇ ਸਪੱਸ਼ਟ ਕੀਤਾ ਕਿ ਉਹ ਉਨ੍ਹਾਂ ਲੋਕਾਂ ਬਾਰੇ ਗੱਲ ਕਰ ਰਹੇ ਸਨ ਜਿਨ੍ਹਾਂ ਨੇ ਪੇਸ਼ੇ ਵਿੱਚ ਆਉਣ ਲਈ ਜਾਅਲੀ ਡਿਗਰੀਆਂ ਦੀ ਵਰਤੋਂ ਕੀਤੀ ਸੀ। ਜਸਟਿਸ ਸੂਰਿਆਕਾਂਤ ਨੇ ਆਪਣੀਆਂ ਟਿੱਪਣੀਆਂ ਬਾਰੇ ਸਫ਼ਾਈ ਦਿੰਦਿਆਂ ਕਿਹਾ ਸੀ ਕਿ ਮੀਡੀਆ ਦੇ ਇੱਕ ਵਰਗ ਨੇ ਉਨ੍ਹਾਂ ਦੀਆਂ ਗੱਲਾਂ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ। ਪਰ ਜਸਟਿਸ ਸੂਰਿਆਕਾਂਤ ਦੇ ਬਿਆਨ ਤੋਂ ਬਾਅਦ ਇੱਕ ਵਿਅੰਗਾਤਮਕ ਸੋਸ਼ਲ ਮੀਡੀਆ ਮੁਹਿੰਮ ਦੀ ਕਾਫ਼ੀ ਚਰਚਾ ਸ਼ੁਰੂ ਹੋ ਗਈ। ਇਸ ਚਰਚਾ ਦੇ ਕੇਂਦਰ ਵਿੱਚ ਅਭਿਜੀਤ ਦੀਪਕੇ ਦੀ 'ਕਾਕਰੋਚ ਜਨਤਾ ਪਾਰਟੀ' (ਸੀਜੇਪੀ) ਰਹੀ।

ਇੰਟਰਨੈੱਟ 'ਤੇ ਇਸ ਦੇ ਨਾਮ ਨਾਲ ਇੱਕ ਵੈੱਬਸਾਈਟ ਬਣ ਗਈ ਹੈ ਅਤੇ ਇੰਸਟਾਗ੍ਰਾਮ 'ਤੇ ਇਸ ਦੇ 2.2 ਕਰੋੜ ਤੋਂ ਵੱਧ ਫੌਲੋਅਰਜ਼ ਹੋ ਚੁੱਕੇ ਹਨ। ਦੱਸਿਆ ਗਿਆ ਕਿ ਦੋ ਲੱਖ ਤੋਂ ਵੱਧ ਲੋਕਾਂ ਨੇ ਵੈੱਬਸਾਈਟ 'ਤੇ ਇਸ ਦੀ ਮੈਂਬਰਸ਼ਿਪ ਲਈ ਖ਼ੁਦ ਨੂੰ ਰਜਿਸਟਰ ਕੀਤਾ ਹੈ।

ਅਭਿਜੀਤ ਦੀਪਕੇ ਨੇ ਬੀਬੀਸੀ ਨਿਊਜ਼ ਮਰਾਠੀ ਨੂੰ ਦੱਸਿਆ, ÷ਮੈਂ ਟਵਿੱਟਰ (ਹੁਣ ਐਕਸ) 'ਤੇ ਸੀਜੇਆਈ (ਭਾਰਤ ਦੇ ਮੁੱਖ ਜਸਟਿਸ) ਦਾ ਬਿਆਨ ਦੇਖ ਰਿਹਾ ਸੀ, ਜਿੱਥੇ ਉਹ ਸਿਸਟਮ ਦੀ ਆਲੋਚਨਾ ਕਰਨ ਅਤੇ ਰਾਇ ਦੇਣ ਲਈ ਦੇਸ਼ ਦੇ ਨੌਜਵਾਨਾਂ ਦੀ ਤੁਲਨਾ ਕਾਕਰੋਚਾਂ ਅਤੇ ਪਰਜੀਵੀਆਂ ਨਾਲ ਕਰ ਰਹੇ ਸਨ। ਮੈਨੂੰ ਇਹ ਬਹੁਤ ਹਾਸੋਹੀਣਾ ਲੱਗਿਆ ਕਿਉਂਕਿ ਸੀਜੇਆਈ ਨੂੰ ਦੇਸ਼ ਦੇ ਸੰਵਿਧਾਨ ਦਾ ਰਖਵਾਲਾ ਮੰਨਿਆ ਜਾਂਦਾ ਹੈ। ਉਹ ਸੰਵਿਧਾਨ ਜੋ ਹਰ ਕਿਸੇ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਿੰਦਾ ਹੈ। ਇੱਕ ਅਜਿਹਾ ਵਿਅਕਤੀ ਜੋ ਪ੍ਰਗਟਾਵੇ ਦੀ ਆਜ਼ਾਦੀ ਦੀ ਰੱਖਿਆ ਕਰਨ ਲਈ ਹੈ, ਉਹ ਨੌਜਵਾਨਾਂ ਦੀ ਤੁਲਨਾ ਕਾਕਰੋਚਾਂ ਅਤੇ ਪਰਜੀਵੀਆਂ ਨਾਲ ਕਿਵੇਂ ਕਰ ਸਕਦਾ ਹੈ। ਇਸ ਗੱਲ ਨੇ ਮੈਨੂੰ ਗੁੱਸੇ ਅਤੇ ਨਿਰਾਸ਼ਾ ਨਾਲ ਭਰ ਦਿੱਤਾ ਅਤੇ ਮੈਂ ਟਵਿੱਟਰ 'ਤੇ ਇਸ ਬਾਰੇ ਆਪਣੀ ਰਾਇ ਦਿੱਤੀ। ਮੈਂ ਪੁੱਛਿਆ ਕਿ ਜੇ ਸਾਰੇ ਕਾਕਰੋਚ ਇਕੱਠੇ ਹੋ ਜਾਣ ਤਾਂ ਕੀ ਹੋਵੇਗਾ। ਮੈਨੂੰ ਜਨਰੇਸ਼ਨ ਜ਼ੈੱਡ ਅਤੇ 25 ਸਾਲ ਤੱਕ ਦੇ ਨੌਜਵਾਨਾਂ ਵੱਲੋਂ ਸ਼ਾਨਦਾਰ ਜਵਾਬ ਮਿਲੇ ਅਤੇ ਉਨ੍ਹਾਂ ਨੇ ਕਿਹਾ ਕਿ ਸਾਨੂੰ ਇਕੱਠੇ ਹੋਣਾ ਚਾਹੀਦਾ ਹੈ ਅਤੇ ਇੱਕ ਪਲੇਟਫਾਰਮ ਬਣਾਉਣਾ ਚਾਹੀਦਾ ਹੈ। ਇਸ ਨਾਲ ਮੈਨੂੰ ਇਹ ਵਿਚਾਰ ਆਇਆ ਕਿ ਸਾਨੂੰ ਆਨਲਾਈਨ ਇੱਕ ਪੈਰੋਡੀ ਪਾਰਟੀ ਬਣਾਉਣੀ ਚਾਹੀਦੀ ਹੈ, ਜਿਸ ਦਾ ਨਾਮ 'ਕਾਕਰੋਚ ਜਨਤਾ ਪਾਰਟੀ' ਹੋਵੇ। ਜੇ ਤੁਸੀਂ ਸਾਨੂੰ ਕਾਕਰੋਚ ਕਹਿ ਰਹੇ ਹੋ ਤਾਂ ਠੀਕ ਹੈ, ਅਸੀਂ ਕਾਕਰੋਚ ਜਨਤਾ ਪਾਰਟੀ ਬਣਾਉਂਦੇ ਹਾਂ। ਉਨ੍ਹਾਂ ਨੇ ਕਿਹਾ, ÷ਇਸ ਪਾਰਟੀ ਵਿੱਚ ਸ਼ਾਮਲ ਹੋਣ ਲਈ ਮੈਂ ਕੁਝ ਯੋਗਤਾਵਾਂ ਤੈਅ ਕੀਤੀਆਂ, ਜਿਵੇਂ ਕਿ ਤੁਹਾਨੂੰ ਆਲਸੀ ਹੋਣਾ ਹੋਵੇਗਾ ਜਿਵੇਂ ਸੀਜੇਆਈ ਨੇ ਕਿਹਾ, ਤੁਹਾਨੂੰ ਬੇਰੁਜ਼ਗਾਰ ਹੋਣਾ ਹੋਵੇਗਾ ਅਤੇ ਤੁਸੀਂ ਲਗਾਤਾਰ ਆਨਲਾਈਨ ਰਹਿਣ ਵਾਲੇ ਹੋਵੋ, ਜਿਵੇਂ ਸੀਜੇਆਈ ਨੇ ਕਿਹਾ ਸੀ। ਇਸ ਤੋਂ ਬਾਅਦ ਸਾਨੂੰ ਲੱਗਣ ਲੱਗਾ ਕਿ ਇਹ ਵੱਡਾ ਹੋਣ ਵਾਲਾ ਹੈ ਅਤੇ ਸਿਰਫ਼ ਮਜ਼ਾਕ ਨਹੀਂ ਰਹਿ ਗਿਆ ਹੈ ਕਿਉਂਕਿ ਲੋਕ ਨਿਰਾਸ਼ ਹੋ ਚੁੱਕੇ ਸਨ। ਇੰਸਟਾਗ੍ਰਾਮ 'ਤੇ ਸਾਡੇ 20 ਲੱਖ ਫ਼ੌਲੋਅਰਜ਼ ਹੋ ਗਏ ਸਨ (ਹੁਣ ਚਾਰ ਮਿਲੀਅਨ ਤੋਂ ਵੱਧ) ਅਤੇ ਦੋ ਲੱਖ ਤੋਂ ਵੱਧ ਲੋਕਾਂ ਨੇ ਖ਼ੁਦ ਨੂੰ ਕਾਕਰੋਚ ਜਨਤਾ ਪਾਰਟੀ ਦੇ ਮੈਂਬਰ ਵਜੋਂ ਰਜਿਸਟਰ ਕੀਤਾ ਹੈ। ਭਾਰਤੀ ਰਾਜਨੀਤੀ ਵਿੱਚ ਇਹ ਕਾਫ਼ੀ ਸਮੇਂ ਬਾਅਦ ਇੱਕ ਹੈਰਾਨ ਕਰ ਦੇਣ ਵਾਲੀ ਘਟਨਾ ਹੈ। ਆਲੋਚਕ ਕਾਕਰੋਚ ਜਨਤਾ ਪਾਰਟੀ ਨੂੰ ਵਿਰੋਧੀ ਧਿਰ ਨਾਲ ਜੁੜਿਆ ਇੱਕ ਆਨਲਾਈਨ ਸਿਆਸੀ ਨਾਟਕ ਦੱਸ ਕੇ ਖਾਰਜ ਕਰ ਦਿੰਦੇ ਹਨ। ਉਹ ਦੀਪਕੇ ਦੇ ਪਹਿਲਾਂ ਆਮ ਆਦਮੀ ਪਾਰਟੀ ਨਾਲ ਸੰਬੰਧ ਦਾ ਹਵਾਲਾ ਦਿੰਦੇ ਹੋਏ ਦਲੀਲ ਦਿੰਦੇ ਹਨ ਕਿ ਇਹ ਅਚਾਨਕ ਨਹੀਂ ਹੋਇਆ, ਸਗੋਂ ਇੱਕ ਸੋਚੀ-ਸਮਝੀ ਡਿਜੀਟਲ ਰਾਜਨੀਤੀ ਹੈ।

ਭਾਰਤ ਦੀ ਆਬਾਦੀ ਦੁਨੀਆ ਦੀਆਂ ਸਭ ਤੋਂ ਨੌਜਵਾਨ ਆਬਾਦੀਆਂ ਵਿੱਚੋਂ ਇੱਕ ਹੈ, ਜਿੱਥੇ ਕਰੀਬ 1.4 ਅਰਬ ਲੋਕਾਂ ਵਿੱਚੋਂ ਅੱਧੇ 30 ਸਾਲ ਤੋਂ ਘੱਟ ਉਮਰ ਦੇ ਹਨ। ਫਿਰ ਵੀ ਨੌਜਵਾਨਾਂ ਦੀ ਰਸਮੀ ਸਿਆਸੀ ਭਾਗੀਦਾਰੀ ਕਾਫ਼ੀ ਸੀਮਤ ਹੈ। ਦੀਪਕੇ ਦਾ ਮੰਨਣਾ ਹੈ, ਲੋਕ ਨਿਰਾਸ਼ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਗੱਲ ਸੁਣੀ ਨਹੀਂ ਜਾ ਰਹੀ ਜਾਂ ਉਨ੍ਹਾਂ ਦੀ ਨੁਮਾਇੰਦਗੀ ਨਹੀਂ ਕੀਤੀ ਜਾ ਰਹੀ। ਹਾਲ ਦੇ ਸਾਲਾਂ ਵਿੱਚ ਦੱਖਣੀ ਏਸ਼ੀਆ ਦੇ ਕਈ ਦੇਸ਼ਾਂ ਵਿੱਚ ਨੌਜਵਾਨਾਂ ਦੀ ਅਗਵਾਈ ਹੇਠ ਵਿਰੋਧ ਪ੍ਰਦਰਸ਼ਨ ਹੋਏ ਹਨ, ਜਿਨ੍ਹਾਂ ਵਿੱਚ ਸ਼੍ਰੀਲੰਕਾ, ਨੇਪਾਲ ਅਤੇ ਬੰਗਲਾਦੇਸ਼ ਸ਼ਾਮਲ ਹਨ। ਇਨ੍ਹਾਂ ਪ੍ਰਦਰਸ਼ਨਾਂ ਦੇ ਪਿੱਛੇ ਆਮ ਤੌਰ 'ਤੇ ਬੇਰੁਜ਼ਗਾਰੀ, ਮਹਿੰਗਾਈ ਅਤੇ ਭਵਿੱਖ ਨੂੰ ਲੈ ਕੇ ਚਿੰਤਾ ਮੁੱਖ ਕਾਰਨ ਰਹੇ ਹਨ। ਨੇਪਾਲ ਵਿੱਚ ਤਾਂ ਜਨਰੇਸ਼ਨ ਜ਼ੈੱਡ ਭਾਵ ਜੈੱਨ ਜ਼ੀ ਅੰਦੋਲਨ ਤੋਂ ਬਾਅਦ ਸਰਕਾਰ ਨੂੰ ਅਸਤੀਫ਼ਾ ਤੱਕ ਦੇਣਾ ਪਿਆ ਸੀ। ਸ਼੍ਰੀਲੰਕਾ ਅਤੇ ਨੇਪਾਲ ਦੇ ਜੈੱਨ ਜ਼ੀ ਦੀ ਭਾਰਤ ਦੇ ਜੈੱਨ ਜ਼ੀ ਨਾਲ ਤੁਲਨਾ ਕਰਨ ਬਾਰੇ ਅਭਿਜੀਤ ਨੇ ਕਿਹਾ, ÷ਭਾਰਤ ਦੇ ਜੈੱਨ ਜ਼ੀ ਦੀ ਤੁਲਨਾ ਸ਼੍ਰੀਲੰਕਾ, ਨੇਪਾਲ ਅਤੇ ਬੰਗਲਾਦੇਸ਼ ਦੇ ਜੈੱਨ ਜ਼ੀ ਨਾਲ ਕਰਨਾ ਇੱਕ ਵੱਡਾ ਅਪਮਾਨ ਹੋਵੇਗਾ ਕਿਉਂਕਿ ਉਹ (ਭਾਰਤੀ ਜੈੱਨ ਜ਼ੀ) ਹਿੰਸਾ ਨਹੀਂ ਭੜਕਾ ਰਹੇ ਹਨ। ਉਹ ਕਹਿੰਦੇ ਹਨ, ÷ਨੌਜਵਾਨ ਮੌਜੂਦਾ ਸਿਆਸੀ ਵਿਵਸਥਾ ਤੋਂ ਤੰਗ ਆ ਚੁੱਕਾ ਹੈ। ਆਉਣ ਵਾਲੇ ਕੁਝ ਸਾਲਾਂ ਵਿੱਚ ਤੁਸੀਂ ਦੇਖੋਗੇ ਕਿ ਨੌਜਵਾਨ ਬਦਲਾਅ ਦੀ ਮੰਗ ਕਰੇਗਾ ਕਿਉਂਕਿ ਪਿਛਲੇ 10-12 ਸਾਲਾਂ ਵਿੱਚ ਨੌਜਵਾਨ ਨੇ 'ਹਿੰਦੂ-ਮੁਸਲਿਮ' ਉਪਦੇਸ਼ ਤੋਂ ਇਲਾਵਾ ਕੁਝ ਨਹੀਂ ਸੁਣਿਆ ਹੈ।

## ਅਭਿਜੀਤ ਦੀਪਕੇ ਕੌਣ ਹਨ ?

ਕਾਕਰੋਚ ਜਨਤਾ ਪਾਰਟੀ ਬਣਾਉਣ ਤੋਂ ਬਾਅਦ ਅਭਿਜੀਤ ਦੀਪਕੇ ਭਾਰਤ ਦੇ ਸਿਆਸੀ ਗਲਿਆਰਿਆਂ ਵਿੱਚ ਵੀ ਚਰਚਾ ਦਾ ਵਿਸ਼ਾ ਬਣ ਗਏ ਹਨ, ਹਾਲਾਂਕਿ ਉਨ੍ਹਾਂ ਨੇ ਖ਼ੁਦ ਅਧਿਕਾਰਕ ਤੌਰ 'ਤੇ ਕੋਈ ਸਿਆਸੀ ਦਲ ਨਹੀਂ ਬਣਾਇਆ ਹੈ।




ਅਭਿਜੀਤ ਦੀਪਕੇ ਮੀਮ ਅਤੇ ਸੋਸ਼ਲ ਮੀਡੀਆ 'ਤੇ ਮਜ਼ਾਕੀਆ ਅੰਦਾਜ਼ ਵਿੱਚ ਸ਼ੁਰੂ ਕੀਤੀ ਗਈ ਮੁਹਿੰਮ ਤੋਂ ਬਾਅਦ ਸੁਰਖ਼ੀਆਂ ਵਿੱਚ ਆਏ ਹਨ। 30 ਸਾਲਾ ਅਭਿਜੀਤ ਦੀਪਕੇ ਮੂਲ ਰੂਪ ਵਿੱਚ ਮਹਾਰਾਸ਼ਟਰ ਦੇ ਛੱਤਰਪਤੀ ਸੰਭਾਜੀ ਨਗਰ ਨਾਲ ਸਬੰਧ ਰੱਖਦੇ ਹਨ। ਉਹ ਪਿਛਲੇ ਕਰੀਬ ਦੋ ਸਾਲਾਂ ਤੋਂ ਅਮਰੀਕਾ ਵਿੱਚ ਰਹਿ ਰਹੇ ਹਨ। ਅਭਿਜੀਤ ਦੀਪਕੇ ਨੇ ਦੱਸਿਆ ਸੀ ਕਿ ਉਨ੍ਹਾਂ ਨੇ ਪੁਣੇ ਤੋਂ ਗ੍ਰੈਜੂਏਸ਼ਨ ਕੀਤੀ ਹੈ। ਅਭਿਜੀਤ ਦੀਪਕੇ ਕਰੀਬ ਤਿੰਨ ਸਾਲ ਤੱਕ ਆਮ ਆਦਮੀ ਪਾਰਟੀ ਨਾਲ ਵੀ ਜੁੜੇ ਰਹੇ। ਇੱਥੇ ਉਨ੍ਹਾਂ ਨੇ ਪਾਰਟੀ ਦੀ ਕਮਿਊਨੀਕੇਸ਼ਨ ਟੀਮ ਵਿੱਚ ਕੰਮ ਕੀਤਾ। ਉਨ੍ਹਾਂ ਨੇ ਦੱਸਿਆ, ÷ਮੈਂ ਕੁਝ ਸਮੇਂ ਲਈ ਉਨ੍ਹਾਂ ਨਾਲ ਕੰਮ ਕੀਤਾ, ਫਿਰ ਮੈਨੂੰ ਲੱਗਿਆ ਕਿ ਮੈਨੂੰ ਹੋਰ ਪੜ੍ਹਨ ਦੀ ਲੋੜ ਹੈ ਅਤੇ ਮੈਂ ਘਰ ਵਿੱਚ ਮਾਸਟਰਜ਼ ਦੀ ਤਿਆਰੀ ਕਰਨ ਲੱਗ ਪਿਆ। ਫਿਰ ਮੈਨੂੰ ਬੋਸਟਨ ਯੂਨੀਵਰਸਿਟੀ ਤੋਂ ਬੁਲਾਵਾ ਆਇਆ।÷

ਅਭਿਜੀਤ ਦੀਪਕੇ ਨੇ ਬੋਸਟਨ ਯੂਨੀਵਰਸਿਟੀ ਤੋਂ ਪਬਲਿਕ ਰਿਲੇਸ਼ਨਜ਼ ਵਿੱਚ ਆਪਣੀ ਮਾਸਟਰਜ਼ ਦੀ ਪੜ੍ਹਾਈ ਕੀਤੀ ਹੈ। ਅੰਗਰੇਜ਼ੀ ਅਖ਼ਬਾਰ ਦਿ ਹਿੰਦੂ ਮੁਤਾਬਕ ਅਭਿਜੀਤ ਨੇ ਸਾਲ 2020 ਤੋਂ 2023 ਤੱਕ ਆਮ ਆਦਮੀ ਪਾਰਟੀ ਦੀ ਸੋਸ਼ਲ ਮੀਡੀਆ ਟੀਮ ਵਿੱਚ ਕੰਮ ਕੀਤਾ ਹੈ। ਆਮ ਆਦਮੀ ਪਾਰਟੀ ਦੇ ਇੱਕ ਸੂਤਰ ਨੇ ਬੀਬੀਸੀ ਨੂੰ ਦੱਸਿਆ ਹੈ ਕਿ ਅਭਿਜੀਤ ਦੀਪਕੇ ਪਾਰਟੀ ਦੀ ਮੁੰਬਈ ਟੀਮ ਵਿੱਚ ਸਨ ਅਤੇ ਸਾਲ 2023 ਵਿੱਚ ਉਹ ਛੱਤਰਪਤੀ ਸੰਭਾਜੀ ਨਗਰ ਵਾਪਸ ਚਲੇ ਗਏ ਸਨ। ਅਭਿਜੀਤ ਦੀਪਕੇ ਨੇ ਬੀਬੀਸੀ ਮਰਾਠੀ ਨੂੰ ਦੱਸਿਆ ਸੀ, ÷ਮੈਂ ਉਨ੍ਹਾਂ (ਆਪ) ਵੱਲ ਸਿਹਤ ਅਤੇ ਸਿੱਖਿਆ 'ਤੇ ਕੰਮ ਕਰਨ ਕਰਕੇ ਆਕਰਸ਼ਿਤ ਹੋਇਆ ਸੀ। ਇਹ ਕੁਝ ਨਵਾਂ ਸੀ ਜੋ ਪਹਿਲੀ ਵਾਰ ਭਾਰਤੀ ਰਾਜਨੀਤੀ ਵਿੱਚ ਹੋ ਰਿਹਾ ਸੀ।÷ ÷ਜਿਵੇਂ ਅੱਜ ਕਾਕਰੋਚ ਜਨਤਾ ਪਾਰਟੀ ਨਵੀਂ ਹੈ। ਮੈਂ ਕੁਝ ਸਮੇਂ ਲਈ ਉਨ੍ਹਾਂ ਨਾਲ ਕੰਮ ਕੀਤਾ, ਫਿਰ ਮੈਨੂੰ ਲੱਗਿਆ ਕਿ ਮੈਨੂੰ ਹੋਰ ਪੜ੍ਹਨ ਦੀ ਲੋੜ ਹੈ ਅਤੇ ਮੈਂ ਘਰ ਵਿੱਚ ਮਾਸਟਰਜ਼ ਦੀ ਤਿਆਰੀ ਕਰਨ ਲੱਗ ਪਿਆ।

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 357
Website: www.preetnama.com Email preetnamausa@gmail.com
12 JUNE TO 18 JUNE, 2026

# ਫਿਰੌਤੀ ਦਿਓ ਜਾਂ ਗੁਰਦਾ: ਬ੍ਰਿਟੇਨ ਜਾਣ ਵਾਲੇ .ਗੈਰ-ਕਾਨੂੰਨੀ ਪਰਵਾਸੀਆਂ ਨੂੰ ਰਸਤੇ ਵਿੱਚ ਅਗਵਾ ਕਰਕੇ ਜਦੋਂ ਕੀਤੀ ਤਸ਼ੱਦਦ



ਪਿਛਲੀਆਂ ਗਰਮੀਆਂ ਵਿੱਚ ਬ੍ਰਿਟੇਨ ਜਾਣ ਵਾਲੇ 300 ਤੋਂ ਵੱਧ ਪਰਵਾਸੀਆਂ ਨੂੰ ਅਗਵਾ ਕੀਤਾ ਗਿਆ, ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ ਅਤੇ ਉਨ੍ਹਾਂ ਨੂੰ ਜ਼ਬਰੀ ਅੰਗ ਕੱਢਣ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇਹ ਸਾਰੇ ਨੌਜਵਾਨ ਇਰਾਕੀ ਕੁਰਦਿਸਤਾਨ ਤੋਂ ਸਨ। ਉਨ੍ਹਾਂ ਨੂੰ ਲੀਬੀਆ ਵਿੱਚ ਮਿਲੀਸ਼ੀਆ ਵੱਲੋਂ ਬੰਦੀ ਬਣਾ ਲਿਆ ਗਿਆ ਸੀ, ਜਿਸ ਨੇ ਉਨ੍ਹਾਂ ਦੇ ਪਰਿਵਾਰਾਂ ਤੋਂ ਹਰੇਕ ਲਈ 5,000 ਡਾਲਰ ਦੀ ਫਿਰੌਤੀ ਮੰਗੀ ਸੀ ਅਤੇ ਧਮਕੀ ਦਿੱਤੀ ਸੀ ਕਿ ਜੇ ਪੈਸੇ ਜਲਦੀ ਨਾ ਦਿੱਤੇ ਗਏ ਤਾਂ ਬੰਦੀਆਂ ਦੇ ਗੁਰਦੇ ਕੱਢ ਲਏ ਜਾਣਗੇ। ਅਸੀਂ ਕੁਝ ਅਜਿਹੇ ਬੰਦੀਆਂ ਨਾਲ ਗੱਲ ਕੀਤੀ ਹੈ ਜਿਨ੍ਹਾਂ ਨੂੰ ਬਾਅਦ ਵਿੱਚ ਰਿਹਾਅ ਕਰ ਦਿੱਤਾ ਗਿਆ ਸੀ ਅਤੇ ਅਸੀਂ ਅਜਿਹੇ ਫੋਟੋ ਸਬੂਤ ਵੀ ਵੇਖੇ ਹਨ ਜੋ ਸੰਕੇਤ ਦਿੰਦੇ ਹਨ ਕਿ ਜ਼ਬਰਦਸਤੀ ਆਪਰੇਸ਼ਨ ਕੀਤੇ ਗਏ ਸਨ।

ਸਾਬਕਾ ਬੰਦੀਆਂ ਨੇ ਸਾਨੂੰ ਤਸ਼ੱਦਦ ਦੇ ਸਬੂਤ ਦਿਖਾਏ ਅਤੇ ਦੱਸਿਆ ਕਿ ਉਨ੍ਹਾਂ ਨੂੰ ਬਹੁਤ ਹੀ ਤੰਗ ਹਾਲਾਤਾਂ ਵਿੱਚ ਰੱਖਿਆ ਗਿਆ ਸੀ, ਜਿੱਥੇ ਇੱਕ ਹੀ ਕੋਠੜੀ ਵਿੱਚ ਲਗਭਗ 180 ਲੋਕ ਬੰਦ ਸਨ। ਘੱਟੋ-ਘੱਟ ਇੱਕ ਬੰਦੀ ਦੀ ਮੌਤ ਹੋਣ ਦੀ ਪੁਸ਼ਟੀ ਹੋਈ ਹੈ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਅਜੇ ਵੀ ਕਿੰਨੇ ਲੋਕ ਬੰਦੀ ਬਣੇ ਹੋਏ ਹਨ।ਮਿਲੀਸ਼ੀਆ ਦਾ ਕੰਮ ਪਰਵਾਸੀਆਂ ਨੂੰ ਲੀਬੀਆ ਰਾਹੀਂ ਭੂਮੱਧ ਸਾਗਰ ਦੇ ਤੱਟ ਤੱਕ ਪਹੁੰਚਾਉਣਾ ਸੀ। ਹਾਲਾਂਕਿ, ਭੁਗਤਾਨ ਨੂੰ ਲੈ ਕੇ ਇਰਾਕੀ ਕੁਰਦ ਲੋਕ-ਤਸਕਰ ਨੋਆ ਐਰੋਨ ਨਾਲ ਵਿਵਾਦ ਪੈਦਾ ਹੋ ਗਿਆ ਸੀ, ਜਿਸ ਨੇ ਪਰਵਾਸੀਆਂ ਦੀ ਯਾਤਰਾ ਦਾ ਪ੍ਰਬੰਧ ਕੀਤਾ ਸੀ।ਐਰੋਨ ਇਸ ਸਮੇਂ ਫਰਾਂਸ ਵਿੱਚ ਮਨੀ ਲਾਂਡਰਿੰਗ ਅਤੇ ਤਸਕਰੀ ਨਾਲ ਸਬੰਧਤ ਵੱਖਰੇ ਮਾਮਲਿਆਂ ਵਿੱਚ 10 ਸਾਲ ਦੀ ਕੈਦ ਦੀ ਸਜ਼ਾ ਕੱਟ ਰਿਹਾ ਹੈ।ਇੱਕ ਹੋਰ ਤਸਕਰ, ਕਾਰਡੋ ਜਾਫ਼, ਬਾਰੇ ਬੀਬੀਸੀ ਦੀ ਹਾਲ ਦੀ ਜਾਂਚ ਦੌਰਾਨ ਅਗਵਾ ਕਰਨ ਦੀਆਂ ਇਨ੍ਹਾਂ ਘਟਨਾਵਾਂ ਦੇ ਵੇਰਵੇ ਸਾਹਮਣੇ ਆਏ, ਜਿਸ ਦੇ ਨਤੀਜੇ ਵਜੋਂ ਪਿਛਲੇ ਮਹੀਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਮੰਨਿਆ ਜਾਂਦਾ ਹੈ ਕਿ ਇਹ ਦੋਵੇਂ ਤਸਕਰ ਪਹਿਲਾਂ ਇਕੱਠੇ ਕੰਮ ਕਰ ਚੁੱਕੇ ਹਨ। ਦੋਵੇਂ ਇਰਾਕੀ ਕੁਰਦਿਸਤਾਨ ਦੇ ਰਾਨਿਆ ਕਸਬੇ ਨਾਲ ਸਬੰਧਤ ਹਨ। ਇੱਕ ਅਜਿਹਾ ਖੇਤਰ ਜੋ ਬ੍ਰਿਟੇਨ ਦੀ ਥਿੰਕ ਟੈਂਕ ਚੈਥਮ ਹਾਊਸ ਦੀ ਇੱਕ ਰਿਪੋਰਟ ਮੁਤਾਬਕ ÷ਸਰਗਰਮ ਤਸਕਰੀ ਨੈੱਟਵਰਕਾਂ ਨਾਲ ਭਰਿਆ ਹੋਇਆ÷ ਹੈ।



**ਗੁਰਦੇ ਦੇ ਬਦਲੇ ਫਿਰੌਤੀ**

ਫਰਵਰੀ ਵਿੱਚ, ਬੀਬੀਸੀ ਦੀ ਇੱਕ ਜਾਂਚ ਟੀਮ ਰਾਨਿਆ ਵਿੱਚ ਜਾਫ਼ ਬਾਰੇ ਜਾਣਕਾਰੀ ਇਕੱਠੀ ਕਰ ਰਹੀ ਸੀ, ਜਦੋਂ ਇੱਕ ਸਥਾਨਕ ਵਿਅਕਤੀ ਨੇ ਉਨ੍ਹਾਂ ਨਾਲ ਸੰਪਰਕ ਕੀਤਾ ਅਤੇ ਕਿਹਾ ਕਿ ਉਸ ਦਾ ਪੁੱਤਰ ਬੰਦੀ ਬਣਾਏ ਗਏ ਲੋਕਾਂ ਵਿੱਚੋਂ ਇੱਕ ਸੀ। ਉਸ ਵਿਅਕਤੀ ਨੇ ਬੀਬੀਸੀ ਨੂੰ ਦੱਸਿਆ ਕਿ ਐਰੋਨ ਦੇ ਤਸਕਰੀ ਗਿਰੋਹ ਨੇ ਉਸ ਦੇ ਪਰਿਵਾਰ ਤੋਂ ਬ੍ਰਿਟੇਨ ਦੀ ਯਾਤਰਾ ਦਾ ਪ੍ਰਬੰਧ ਕਰਨ ਲਈ ਹਜ਼ਾਰਾਂ ਡਾਲਰ ਵਸੂਲੇ ਸਨ, ਜਿਸ ਵਿੱਚ ਉੱਤਰੀ ਅਫਰੀਕਾ ਰਾਹੀਂ ਅਤੇ ਫਿਰ ਭੂਮੱਧ ਸਾਗਰ ਪਾਰ ਕਰਕੇ ਯੂਰਪ ਪਹੁੰਚਣਾ ਸ਼ਾਮਲ ਸੀ। ਇਹ ਰਸਤਾ ਲੀਬੀਆ ਵਿੱਚੋਂ ਲੰਘੇਗਾ, ਇੱਕ ਅਜਿਹਾ ਦੇਸ਼ ਜਿੱਥੇ ÷ਸਰਕਾਰ ਦਾ ਵੱਡਾ ਖਲਾਅ÷ ਹੈ, ਐਂਥਨੀ ਡੰਕਰਲੇ ਦੇ ਅਨੁਸਾਰ, ਜੋ ਕਿ ਉੱਥੇ ਮਨੁੱਖੀ ਤਸਕਰੀ ਦੀ ਜਾਂਚ ਕਰ ਚੁੱਕਾ ਹੈ। ਲੀਬੀਆ ਦਾ ਵੱਡਾ ਹਿੱਸਾ ਵਿਰੋਧੀ ਮਿਲੀਸ਼ੀਆ ਗਰੁੱਪਾਂ ਦੇ ਕਬਜ਼ੇ ਹੇਠ ਹੈ ਅਤੇ ਤਸਕਰੀ ਨੈੱਟਵਰਕ ਉਨ੍ਹਾਂ ਦੇ ਸਹਿਯੋਗ ’ਤੇ ਨਿਰਭਰ ਕਰਦੇ ਹਨ। ਸਾਨੂੰ ਪਤਾ ਲੱਗਿਆ ਕਿ 2025 ਦੀਆਂ ਗਰਮੀਆਂ ਦੌਰਾਨ ਇਰਾਕੀ ਕੁਰਦਿਸਤਾਨ ਤੋਂ ਹਵਾਈ ਜਹਾਜ਼ ਰਾਹੀਂ ਲੀਬੀਆ ਪਹੁੰਚੇ ਪਰਵਾਸੀਆਂ ਦੇ ਲਗਾਤਾਰ ਸਮੂਹਾਂ ਨੂੰ ਇੱਕ ਸੁਰੱਖਿਅਤ ਕੰਪਾਊਂਡ ਵਿੱਚ ਕੈਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਮਿਲੀਸ਼ੀਆ ਨੇ ਹਰ ਬੰਦੀ ਲਈ 5,000 ਡਾਲਰ ਦੀ ਮੰਗ ਕੀਤੀ ਅਤੇ ਦਾਅਵਾ ਕੀਤਾ ਕਿ ਐਰੋਨ ਨੇ ਪਹਿਲੇ ਸੌਦੇ ਦੀ ਇਹ ਰਕਮ ਅਦਾ ਨਹੀਂ ਕੀਤੀ ਸੀ। ਪਰਿਵਾਰਾਂ ਨੂੰ ਚੇਤਾਵਨੀ ਦਿੱਤੀ ਗਈ ਕਿ ਜੇ ਪੈਸੇ ਜਲਦੀ ਨਾ ਭੇਜੇ ਗਏ ਤਾਂ ਇਹ ÷ਇੱਕ ਗੁਰਦੇ ਕੱਢ ਕੇ ਬਦਲੇ÷ ਵਸੂਲੇ ਜਾਣਗੇ। ਲੀਬੀਆਈ ਗਰੁੱਪਾਂ ਨੇ ਬੰਦੀਆਂ ਦੀਆਂ ਤਸਵੀਰਾਂ ਅਤੇ ਵੀਡੀਓ ਵੀ ਭੇਜੀਆਂ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਪਰੇਸ਼ਾਨ ਕਰਨ ਵਾਲੀਆਂ ਜਾਂ ਹਿੰਸਕ ਸਨ। ਇੱਕ ਵੀਡੀਓ ਵਿੱਚ ਇੱਕ ਨੌਜਵਾਨ ਨੂੰ ਇਹ ਕਹਿੰਦੇ ਹੋਏ ਫ਼ ?ਲਮਾਇਆ ਗਿਆ ਸੀ ਕਿ ਉਸ ਦਾ ਗੁਰਦਾ ਕੱਢਵਾਉਣ ਲਈ ਡਾਕਟਰ ਕੋਲ ਲੈ ਕੇ ਜਾ ਰਹੇ ਹਨ।ਰਾਨਿਆ ਵਿੱਚ ਸਾਡੇ ਨਾਲ ਸੰਪਰਕ ਕਰਨ ਵਾਲੇ ਸਥਾਨਕ ਵਿਅਕਤੀ ਨੇ ਦੱਸਿਆ ਕਿ ਉਸ ਨੇ ਫਿਰੌਤੀ ਦੀ ਰਕਮ ਅਦਾ ਕਰ ਦਿੱਤੀ ਸੀ। ਉਸ ਦਾ ਪੁੱਤਰ ਉਨ੍ਹਾਂ 110 ਬੰਦੀਆਂ ਵਿੱਚ ਸ਼ਾਮਲ ਸੀ ਜਿਨ੍ਹਾਂ ਨੂੰ ਜਨਵਰੀ ਵਿੱਚ ਇਰਾਕੀ ਸਰਕਾਰ ਵੱਲੋਂ ਪ੍ਰਬੰਧਿਤ ਇੱਕ ਜਹਾਜ਼ ਰਾਹੀਂ ਵਾਪਸ ਲਿਆਂਦਾ ਗਿਆ ਸੀ। ਹਾਲਾਂਕਿ ਉਸ ਨੇ ਇੱਕ ਤਸਵੀਰ ਵੀ ਦਿਖਾਈ ਜੋ ਉਸ ਦੇ ਮੁਤਾਬਕ ਉਸ ਦੇ ਪੁੱਤਰ ਨੇ ਕੈਦ ਦੌਰਾਨ ਭੇਜੀ ਸੀ, ਜਿਸ ਵਿੱਚ ਇੱਕ ਤਾਜ਼ਾ ਜ਼ਖ਼ਮ ਦਾ ਨਿਸ਼ਾਨ ਦਿਖਾਈ ਦੇ ਰਿਹਾ ਸੀ ਅਤੇ ਉਨ੍ਹਾਂ ਨੂੰ ਸ਼ੱਕ ਸੀ ਕਿ ਇਹ ਜ਼ਬਰਦਸਤੀ ਅੰਗ ਕੱਢਣ ਕਾਰਨ ਹੋ ਸਕਦਾ ਹੈ। ਇਸ ਵਿਅਕਤੀ ਨਾਲ ਗੱਲਬਾਤ ਕਰਨ ਤੋਂ ਥੋੜ੍ਹੇ ਸਮੇਂ ਬਾਅਦ ਹੀ ਦਰਜਨਾਂ ਹੋਰ ਲੋਕ ਵੀ ਸਾਹਮਣੇ ਆਏ, ਜਿਨ੍ਹਾਂ ਵਿੱਚੋਂ ਕਈਆਂ ਨੇ ਆਪਣੇ ਫ਼ੋਨਾਂ ਵਿੱਚ ਇਸੇ ਤਰ੍ਹਾਂ ਦੀਆਂ ਤਸਵੀਰਾਂ ਦਿਖਾਈਆਂ। ਬਾਅਦ ਵਿੱਚ ਅਸੀਂ ਇਨ੍ਹਾਂ ਵਿੱਚੋਂ ਇੱਕ ਤਸਵੀਰ ਬ੍ਰਿਟੇਨ ਦੇ ਇੱਕ ਮਾਹਰ ਡਾਕਟਰ ਨੂੰ ਦਿਖਾਈ, ਜਿਸ ਨੇ ਕਿਹਾ ਕਿ ਜ਼ਖ਼ਮਾਂ ਦੇ ਨਿਸ਼ਾਨ ਉਸ ਤਰ੍ਹਾਂ ਦੇ ਲੱਗਦੇ ਹਨ ਜਿਹੜੇ ਆਮ ਤੌਰ ’ਤੇ ਗੁਰਦੇ ਦੇ ਆਪਰੇਸ਼ਨ ਦੌਰਾਨ ਲਗਾਏ ਗਏ ਚੀਰਿਆਂ ਨਾਲ ਮਿਲਦੇ ਹਨ। ਹਾਲਾਂਕਿ, ਅਸੀਂ ਇਹ ਪੁਸ਼ਟੀ ਕਰਨ ਵਿੱਚ ਅਸਮਰੱਥ ਰਹੇ ਹਾਂ ਕਿ ਅਸਲ ਵਿੱਚ ਅੰਗ ਕੱਢੇ ਗਏ ਸਨ। ਫਿਰੌਤੀ ਲਈ ਅਗਵਾ ਕੀਤੇ ਜਾਣ ਦੀਆਂ ਘਟਨਾਵਾਂ ਲੀਬੀਆ ਰਾਹੀਂ ਜਾਣ ਵਾਲੇ ਪਰਵਾਸੀ ਰਸਤਿਆਂ ’ਤੇ ਵਿਆਪਕ ਤੌਰ ’ਤੇ ਦਰਜ ਕੀਤੀਆਂ ਗਈਆਂ ਹਨ। ਡੰਕਰਲੇ ਦਾ ਕਹਿਣਾ ਹੈ ਕਿ ਕੁਝ ਖੇਤਰਾਂ ਵਿੱਚ ਸਰਕਾਰੀ ਕੰਟ ?ਰੋਲ ਸੀਮਤ ਹੋਣ ਕਾਰਨ ਅਪਰਾਧਿਕ ਗਰੁੱਪ ਇਸ ਦਾ ਫਾਇਦਾ ਉਠਾ ਲੈਂਦੇ ਹਨ, ਜਿਸ ਨਾਲ ਜਾਂਚ ਅਤੇ ਮੁਕੱਦਮੇ ਚਲਾਉਣਾ ਖ਼ਾਸ ਤੌਰ ’ਤੇ ਮੁਸ਼ਕਲ ਹੋ ਜਾਂਦਾ ਹੈ। ਹੁਣ ਬਹੁਤ ਸਾਰੇ ਬੰਦੀਆਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਕੁਝ ਪਰਿਵਾਰਾਂ ਨੇ ਤੁਰੰਤ ਫਿਰੌਤੀ ਅਦਾ ਕਰ ਦਿੱਤੀ ਸੀ, ਪਰ ਕੁਰਦ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਕੁਝ ਹੋਰ ਬੰਦੀਆਂ ਨੇ ਇਹ ਕੀਮਤ ਆਪਣੇ ਅੰਦਰੂਨੀ ਅੰਗਾਂ ਨਾਲ ਚੁਕਾਈ ਹੋ ਸਕਦੀ ਹੈ।

## ਛੇ ਮਹੀਨੇ ਸੂਰਜ ਨਹੀਂ ਦੇਖਿਆ

ਇੱਕ ਨੌਜਵਾਨ ਨੇ ਦੱਸਿਆ ਕਿ ਉਸ ਦੀ ਲੱਤ ਨੂੰ ਸਾੜ ਕੇ ਉਸ ’ਤੇ ਤਸ਼ੱਦਦ ਕੀਤਾ ਗਿਆ ਸੀ। ਉਸ ਨੇ ਆਪਣੀ ਪੈਂਟ ਉੱਪਰ ਚੁੱਕ ਕੇ ਜ਼ਖ਼ਮਾਂ ਦੇ ਨਿਸ਼ਾਨ ਦਿਖਾਏ। 16 ਸਾਲਾ ਇੱਕ ਮੁੰਡੇ ਨੇ ਦੱਸਿਆ ਕਿ ਉਹ ਉਨ੍ਹਾਂ 178 ਲੋਕਾਂ ਵਿੱਚੋਂ ਇੱਕ ਸੀ ਜਿਨ੍ਹਾਂ ਨੂੰ ਇੱਕ ਬਹੁਤ ਛੋਟੀ ਕੋਠੜੀ ਵਿੱਚ ਰੱਖਿਆ ਗਿਆ ਸੀ। ਉਸ ਨੇ ਕਿਹਾ, ÷ਅਸੀਂ ਛੇ ਮਹੀਨਿਆਂ ਤੱਕ ਸੂਰਜ ਨਹੀਂ ਦੇਖਿਆ ਸੀ। ਉਸ ਨੇ ਕਿਹਾ ਕਿ ਜਗ ?ਹਾ ਇੰਨੀ ਘੱਟ ਸੀ ਕਿ ਹਰ ਕਿਸੇ ਨੂੰ ਬੈਠ ਕੇ ਸੌਣਾ ਪੈਂਦਾ ਸੀ। ਸਾਰੇ ਕੈਦੀ ਇੱਕ ਹੀ ਬਾਥਰੂਮ ਵਰਤਦੇ ਸਨ ਅਤੇ ਜੋ ਕੋਈ ਜ਼ਿਆਦਾ ਸਮਾਂ ਲੈਂਦਾ ਸੀ, ਉਸ ਦੀ ਕੁੱਟਮਾਰ ਕੀਤੀ ਜਾਂਦੀ ਸੀ। ਬੰਦੀਆਂ ਦੇ ਪਰਿਵਾਰਾਂ ਨੇ ਬੀਬੀਸੀ ਨੂੰ ਦੱਸਿਆ ਕਿ ਖਾਣੇ ਵਜੋਂ ਹਰ ਰੋਜ਼ ਸਿਰਫ਼ ਇੱਕ ਟੁਕੜਾ ਬ੍ਰੈਡ ਦਿੱਤੀ ਜਾਂਦੀ ਸੀ, ਉਹ ਵੀ ਤਾਂ ਹੀ ਜੇ ਪਰਿਵਾਰ ਬੰਦੀਆਂ ਬਣਾਉਣ ਵਾਲਿਆਂ ਨੂੰ ਵਾਧੂ ਪੈਸੇ ਦਿੰਦੇ ਸਨ। ਕੁਰਦਿਸਤਾਨ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਹੇਮਨ ਮੇਰਾਨੀ ਦੇ ਅਨੁਸਾਰ, ਖ਼ਤਰਿਆਂ ਦੇ ਬਾਵਜੂਦ ਇਰਾਕੀ ਕੁਰਦਿਸਤਾਨ ਤੋਂ ਯੂਰਪ ਵੱਲ .ਗੈਰ-ਕਾਨੂੰਨੀ ਪਰਵਾਸੀਆਂ ਦਾ ਰੁਖ਼ ਨਹੀਂ ਰੁਕਿਆ ਹੈ। ਉਹ ਕਹਿੰਦੇ ਹਨ ਕਿ ਉਨ੍ਹਾਂ ਨੇ ਵਾਪਸ ਆਏ ਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਦੋਸਤਾਂ ਅਤੇ ਪਰਿਵਾਰਾਂ ਨੂੰ ਆਪਣੇ ਭਿਆਨਕ ਤਜਰਬਿਆਂ ਬਾਰੇ ਦੱਸਣ, ਤਾਂ ਜੋ ਉਹ ਵੀ ਇਸੇ ਯਾਤਰਾ ’ਤੇ ਨਿਕਲਣ ਤੋਂ ਬਚ ਸਕਣ। ਪਰ ਉਹ ਇੱਕ ਅਜਿਹੇ ਪਿਤਾ ਦੀ ਕਹਾਣੀ ਵੀ ਦੱਸਦੇ ਹਨ ਜਿਸ ਦੇ ਪੁੱਤਰ ਦੀ ਲੀਬੀਆ ਵਿੱਚ ਸ਼ੱਕੀ ਤੌਰ ’ਤੇ ਜ਼ਬਰਦਸਤੀ ਅੰਗ ਕੱਢੇ ਜਾਣ ਤੋਂ ਬਾਅਦ ਮੌਤ ਹੋ ਗਈ ਸੀ। ਰਾਨਿਆ ਵਿੱਚ ਅੰਤਿਮ ਸੰਸਕਾਰ ਦੌਰਾਨ ਉਸ ਵਿਅਕਤੀ ਨੂੰ ਪਤਾ ਲੱਗਿਆ ਕਿ ਉਸ ਦੇ ਦੋ ਹੋਰ ਰਿਸ਼ਤੇਦਾਰ ਹਾਲ ਹੀ ਵਿੱਚ ਯੂਰਪ ਲਈ ਰਵਾਨਾ ਹੋ ਚੁੱਕੇ ਸਨ।ਮੇਰਾਨੀ ਕਹਿੰਦੇ ਹਨ, ÷ਇਸ ਕਾਰੋਬਾਰ ਦਾ ਸਭ ਤੋਂ ਦੁਖਦਾਈ ਪੱਖ ਇਹ ਹੈ ਕਿ ਅਸੀਂ ਸਿੱਖਦੇ ਨਹੀਂ ਹਾਂ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 357

Website: www.preetnama.com Email preetnamausa@gmail.com

12 JUNE TO 18 JUNE, 2026




# ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਡਾ. ਜਸਦੀਪ ਸਿੰਘ ਜੱਸੀ' ਨੂੰ ਨੈਸ਼ਨਲ ਕੌਂਸਲ ਆਫ਼ ਏਸ਼ੀਅਨ ਇੰਡੀਅਨ ਐਸੋਸੀਏਸ਼ਨ ਵੱਲੋਂ ਵੱਕਾਰੀ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ

ਵਾਸ਼ਿੰਗਟਨ, (ਰਾਜ ਗੋਗਨਾ) – ਸਿੱਖਸ ਆਫ਼ ਅਮਰੀਕਾ ਦੇ ਚੇਅਰਮੈਨ ਡਾ. ਜਸਦੀਪ ਸਿੰਘ ਜੱਸੀ ਨੂੰ ਸਿੱਖਸ ਆਫ਼ ਅਮਰੀਕਾ ਐਸੋਸੀਏਸ਼ਨ ਆਫ਼ ਅਮਰੀਕਾ ਵੱਲੋਂ ਵਾਸ਼ਿੰਗਟਨ ਡੀ.ਸੀ ਵਿਖੇਂ ਵੱਕਾਰੀ ਲਾਈਫਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਬੀਤੇਂ ਦਿਨ ਐਤਵਾਰ ਨੂੰ ਵਾਸ਼ਿੰਗਟਨ ਡੀ. ਸੀ ਵਿੱਖੇ ਇੱਕ ਸ਼ਾਨਦਾਰ ਸਮਾਰੋਹ ਵਿੱਚ ਦਿੱਤਾ ਗਿਆ, ਜਿੱਥੇ ਜਿੱਥੇ ਨੈਸ਼ਨਲ ਕੌਂਸਲ ਆਫ਼ ਏਸ਼ੀਅਨ ਇੰਡੀਅਨ ਐਸੋਸੀਏਸ਼ਨ ਅਮਰੀਕਾ ਨੇ 20 ਸਾਲਾਂ ਦੀ ਸੇਵਾ, ਏਕਤਾ ਅਤੇ ਸਸ਼ਕਤੀਕਰਨ ਦੀ ਆਪਣੀ ਸ਼ਾਨਦਾਰ ਯਾਤਰਾ ਦਾ ਜਸ਼ਨ ਮਨਾਇਆ।

ਇਸ ਮੌਕੇ @ਤੇ ਭਾਈਚਾਰੇ ਦੇ ਆਗੂ, ਸੱਭਿਆਚਾਰਕ ਕਲਾਕਾਰ, ਪਤਵੰਤੇ ਅਤੇ ਏਸ਼ੀਆਈ ਭਾਰਤੀ ਭਾਈਚਾਰੇ ਦੇ ਵੱਡੀ ਗਿਣਤੀ ਵਿੱਚ ਮੈਂਬਰ ਮੌਜੂਦ ਸਨ। ਸਮਾਗਮ ਦੀ ਸ਼ੁਰੂਆਤ ਰਵਾਇਤੀ ਦੀਵੇ ਜਗਾਉਣ ਨਾਲ ਹੋਈ, ਜਿਸ ਤੋਂ ਬਾਅਦ ਭਾਰਤੀ ਸ਼ਾਸਤਰੀ ਨਾਚ, ਸੰਗੀਤ ਅਤੇ ਲੋਕ ਨਾਚ ਸਮੇਤ ਕਈ ਤਰ੍ਹਾਂ ਦੇ ਰੰਗੀਨ ਸੱਭਿਆਚਾਰਕ ਪ੍ਰਦਰਸ਼ਨ ਕੀਤੇ ਗਏ। ਸਿੱਖਸ ਆਫ਼ ਅਮੇਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ' ਦੇ ਭਾਈਚਾਰੇ ਨੂੰ ਦਿੱਤੇ ਯੋਗਦਾਨ ਜਿੰਨਾਂ ਚ' ਭਾਈਚਾਰੇ ਦੇ ਵਿਕਾਸ, ਸਿੱਖ ਪਛਾਣ ਨੂੰ ਮਜ਼ਬੂਤ ਕਰਨ, ਅੰਤਰ-ਧਰਮ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਅਤੇ ਸਮਾਜ ਸੇਵਾ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਐਨਸੀਏ ਦੇ ਅਹੁਦੇਦਾਰਾਂ ਨੇ ਕਿਹਾ ਕਿ ਡਾ. ਜੱਸੀ' ਨੇ ਭਾਰਤੀ ਪ੍ਰਵਾਸੀਆਂ, ਖਾਸ ਕਰਕੇ ਸਿੱਖ ਭਾਈਚਾਰੇ ਪ੍ਰਦੇਸ਼ ਵਿੱਚੇ ਰਹਿੰਦੇ ਹੋਏ ਵੀ ਬਹੁਤ ਸੇਵਾ ਕੀਤੀ ਹੈ। ਡਾ. ਜਸਦੀਪ ਸਿੰਘ ਨੂੰ ਵਾਸ਼ਿੰਗਟਨ, ਡੀ.ਸੀ. ਦੇ ਲੋਕਾਂ ਪ੍ਰਤੀ ਉਨ੍ਹਾਂ ਦੀ ਸੇਵਾ ਅਤੇ ਦੇਸ਼ ਪ੍ਰਤੀ ਉਨ੍ਹਾਂ ਦੇ ਯੋਗਦਾਨ ਲਈ ਇਹ ਪ੍ਰਸ਼ੰਸਾ ਦੇ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।ਇਸ ਸੱਭਿਆਚਾਰਕ ਵਿੱਚ ਵੱਡੀ ਗਿਣਤੀ ਵਿੱਚ ਲੋਕ ਮੌਜੂਦ ਸਨ। ਜਿੱਥੇ ਪ੍ਰਸਿੱਧ ਸੱਭਿਆਚਾਰਕ ਨਾਚ, ਭੰਗੜਾ ਤੇ ਗੀਤਾ ਰਾਹੀਂ ਪੁੱਜੇ ਲੋਕਾਂ ਦਾ ਮਨੋਰੰਜਨ ਵੀ ਕੀਤਾ ਗਿਆ। ਭਾਈਚਾਰੇ ਵੱਲੋਂ ਡਾ: ਡਾ. ਜਸਦੀਪ ਸਿੰਘ ਜੱਸੀ' ਚੇਅਰਮੈਨ ਸਿੱਖਸ ਆਫ਼ ਅਮੇਰਿਕਾ ਨੂੰ ਉਹਨਾਂ ਵੱਲੋਂ ਭਾਈਚਾਰੇ ਨੂੰ ਮੁੱਖ ਧਾਰਾ ਵਿੱਚ ਲਿਆਉਣ, ਨੌਜਵਾਨਾਂ ਨੂੰ ਲੀਡਰਸ਼ਿਪ ਲਈ ਪ੍ਰੇਰਿਤ ਕਰਨ ਅਤੇ ਲੋੜਵੰਦਾਂ ਦੀ ਮਾਲੀ ਸਹਾਇਤਾ ਲਈ ਕਈ ਜਿੰਨਾਂ ਨੇ ਕਈ ਪਹਿਲਕਦਮੀਆਂ ਪੰਜਾਬ ਵਿੱਚ ਸ਼ੁਰੂ ਕੀਤੀਆਂ ਹਨ। ਉਸਦੀ ਅਗਵਾਈ ਹੇਠ, ਸਿੱਖਸ ਆਫ਼ ਅਮਰੀਕਾ ਨੇ ਸਿੱਖਿਆ, ਸਿਹਤ, ਨਸ਼ਾ ਛੁਡਾਊ, ਆਫ਼ਤ ਰਾਹਤ ਅਤੇ ਮਨੁੱਖੀ ਅਧਿਕਾਰਾਂ ਦੇ ਖੇਤਰਾਂ ਵਿੱਚ ਮਹੱਤਵਪੂਰਨ ਕੰਮ ਕੀਤਾ, ਅਤੇ ਭਾਈਚਾਰਕ ਏਕਤਾ ਅਤੇ ਸਮਾਜਿਕ ਨਿਆਂ ਲਈ ਅਮੇਰਿਕਾ ਅਤੇ ਪੰਜਾਬ ਲਈ ਅਧਿਕਾਰੀਆਂ ਨੇ ਕਿਹਾਂ ਕਿ ਉਹਨਾਂ ਨੇ ਭਾਈਚਾਰੇ ਲਈ ਪ੍ਰਭਾਵਸ਼ਾਲੀ ਕੰਮ ਕੀਤੇ ਹਨ।ਸਮਾਗਮ ਦੇ ਅੰਤ ਵਿੱਚ, ਡਾ. ਜਸਦੀਪ ਸਿੰਘ ਜੱਸੀ ਨੇ ਇਸ ਸਨਮਾਨ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ, ÷ਇਹ ਸਨਮਾਨ ਸਮੁੱਚੇ ਸਿੱਖ ਭਾਈਚਾਰੇ ਅਤੇ ਮੇਰੀ ਟੀਮ ਨੂੰ ਸਮਰਪਿਤ ਹੈ। ਇਕੱਠੇ ਮਿਲ ਕੇ ਅਸੀਂ ਸੇਵਾ, ਏਕਤਾ ਅਤੇ ਮਨੁੱਖਤਾ ਲਈ ਕੰਮ ਕਰਦੇ ਰਹਾਂਗੇ।



# ਨਿਊਯਾਰਕ ਦੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਵਣਜਾਰਾ ਆਗੂ ਡੀ. ਰਾਮਾਨਾਇਕ ਦਾ ਵਿਸ਼ੇਸ਼ ਸਨਮਾਨ

ਨਿਊਯਾਰਕ : ਡੀ ਰਾਮਾਨਾਇਕ ਜੋ ਕਿ ਇੰਟਰਨੈਸ਼ਨਲ ਵਣਜਾਰਾ ਰੋਮਾ ਸੰਸਥਾ ਦੇ ਪ੍ਰਧਾਨ ਨੈਸ਼ਨਲ ਬਣਜਾਰਾ ਪ੍ਰੋਫੈਸਰ ਐਸੋਸੀਏਸ਼ਨ ਦੇ ਸੰਸਥਾਪਕ ਅਤੇ ਆਲ ਇੰਡੀਆ ਵਣਜਾਰਾ ਸੇਵਾ ਸੰਘ ਦੇ ਨੈਸ਼ਨਲ ਪ੍ਰਧਾਨ ਜਿਨਾਂ ਨੇ ਆਪਣਾ ਸੰਪੂਰਨ ਜੀਵਨ ਵਣਜਾਰਾ ਸਮਾਜ ਦੀ ਤਰੱਕੀ ਅਤੇ ਇਸ ਨੂੰ ਉੱਪਰ ਚੁੱਕਣ ਵਿੱਚ ਸਮਰਪਿਤ ਕੀਤਾ ਹੋਇਆ ਹੈ। ਆਪ ਜੀ ਦਾ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਯੂਐਸਏ ਵਿਖੇ ਪਹੁੰਚਣ ਉੱਪਰ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਉਹਨਾਂ ਦੀਆਂ ਨਿਸ਼ਕਾਮ ਅਤੇ ਸਦਾ ਯਤਨਸ਼ੀਲ ਰਹਿਣ ਦੇ ਅਟੱਲ ਇਰਾਦੇ ਦੀ ਸਰਾਹਣਾ ਕਰਦੇ ਹੋਏ ਚੜ੍ਹਦੀ ਕਲਾ ਅਤੇ ਇਸੇ ਤਰ੍ਹਾਂ ਹਮੇਸ਼ਾ ਸੇਵਾ ਕਰਦੇ ਰਹਿਣ ਦੀ ਅਰਦਾਸ ਕੀਤੀ ਗਈ। ਇੱਥੇ ਖਾਸ ਤੌਰ ਤੇ ਡੀ ਰਾਮਾਨਾਇਕ ਜੀ ਵੱਲੋਂ ਲਿਖੀਆਂ ਗਈਆਂ ਵਣਜਾਰਾ ਸਮਾਜ ਨਾਲ ਸੰਬੰਧਿਤ ਕਿਤਾਬਾਂ ਨੂੰ ਸਲਾਹਿਆ ਅਤੇ ਸਤਿਕਾਰਿਆ ਗਿਆ

ਸਤਿਕਾਰ ਸਮੇਂ ਮੌਜੂਦ ਪ੍ਰਮੁੱਖ ਸਿੱਖ ਹਸਤੀਆਂ ਵਿੱਚ ਮੌਜੂਦਾ ਪ੍ਰਧਾਨ ਸਰਦਾਰ ਸੁਖਜਿੰਦਰ ਸਿੰਘ ਸੁਭਾਨਪੁਰ ਚੇਅਰਮੈਨ ਸਰਦਾਰ ਨਰਿੰਦਰ ਸਿੰਘ ਬਰਾਰਾ ਕੈਸ਼ੀਅਰ ਸਰਦਾਰ ਗਰੀਬ ਸਿੰਘ ਕਾਲੀ ਜਨਰਲ ਸੈਕਟਰੀ ਸਰਦਾਰ ਹਰਜੀਤ ਸਿੰਘ ਗਿਲਜੀਆਂ ਵਾਈਸ ਪ੍ਰਧਾਨ ਸਰਦਾਰ ਸੁਰਿੰਦਰ ਸਿੰਘ ਪੰਮਾ, ਕੈਸ਼ੀਅਰ ਸਰਦਾਰ ਜਸਵਿੰਦਰ ਸਿੰਘ ਅਕਾਲਾ ਸਰਦਾਰ ਰਘਬੀਰ ਸਿੰਘ ਸੁਭਾਨਪੁਰ, ਸਰਦਾਰ ਮਹਿੰਦਰ ਸਿੰਘ ਗਿੱਲਜੀਆਂ ਅਤੇ ਵਿਸ਼ੇਸ਼ ਤੌਰ ਤੇ ਮਾਸਟਰ ਮਹਿੰਦਰ ਸਿੰਘ ਜੀ ਫਾਊਂਡਰ ਪ੍ਰਧਾਨ ਦੇ ਨਾਲ ਸਾਬਕਾ ਪ੍ਰਧਾਨ ਸਰਦਾਰ ਦਲੇਰ ਸਿੰਘ ਸਰਦਾਰ ਜਸਵਿੰਦਰ ਸਿੰਘ ਮਾਣਾ,ਸਰਦਾਰ ਸਤਨਾਮ ਸਿੰਘ ਭਲਵਾਨ, ਸਰਦਾਰ ਤੇਜਿੰਦਰ ਸਿੰਘ ਨੰਗਲ, ਮਾਸਟਰ ਹਰਜੀਤ ਸਿੰਘ, ਸਰਦਾਰ ਸੁਖਜਿੰਦਰ ਸਿੰਘ ਰਿੰਪੀ, ਸਰਦਾਰ ਹਰਮਿੰਦਰ ਸਿੰਘ ਹੈਰੀ ਕੈਸ਼ੀਅਰ, ਅਮਰੀਕ ਸਿੰਘ ਮੋਰਥਾਲੀ ਚੇਅਰਮੈਨ, ਪੰਮਾ ਵੀਰਜੀ, ਸਰਦਾਰ ਜਸਵੰਤ ਸਿੰਘ ਆਦਿਕ ਸਭ ਪਤਵੰਤੇ ਪ੍ਰਬੰਧਕਾਂ ਨੇ ਭਰਪੂਰ ਸਨੇਹ ਅਤੇ ਸਤਿਕਾਰ ਦੇ ਰੂਪ ਵਿੱਚ ਡੀ ਰਾਮਾਨਾਇਕ ਜੀ ਦਾ ਧੰਨਵਾਦ ਕੀਤਾ ਅਤੇ ਅਸੀਂ ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਦੇ ਵਿੱਚ ਵੀ ਡੀ ਰਾਮਾਨਾਇਕ ਜੀ ਸਿੱਖੀ ਅਤੇ ਵਣਜਾਰਾ ਲੁਬਾਣਾ ਸਮਾਜ ਦੀ ਸੇਵਾ ਕਰਦੇ ਰਹਿਣਗੇ






# ਅਮਰੀਕਾ-ਮੈਕਸੀਕੋ ਸਰਹੱਦ 'ਤੇ 265 ਮੀਟਰ ਲੰਬੀ ਸੁਰੰਗ ਮਿਲੀ

## ਇਸਦੀ ਵਰਤੋਂ ਹਥਿਆਰਾਂ ਦੀ ਤਸਕਰੀ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਕੀਤੀ ਜਾਂਦੀ ਸੀ

ਵਾਸ਼ਿੰਗਟਨ, ( ਰਾਜ ਗੋਗਨਾ)- ਇੱਕ ਭੂਮੀਗਤ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਾਲੀ ਸੁਰੰਗ ਅਮਰੀਕੀ ਸਰਹੱਦ 'ਤੇ ਇੱਕ ਦਫਤਰ ਤੋਂ ਨਿਕਲ ਰਹੀ ਸੀ। ਸੁਰੰਗ ਰਾਹੀਂ ਤਸਕਰੀ ਕੀਤੇ ਜਾ ਰਹੇ ਸ਼ੱਕੀ ਸਮਾਨ ਨੂੰ ਵੀ ਜ਼ਬਤ ਕੀਤਾ, ਜੋ ਮੈਕਸੀਕਨ ਸ਼ਹਿਰ ਟਿਜੁਆਨਾ ਨੂੰ ਅਮਰੀਕੀ ਸ਼ਹਿਰ ਸੈਨ ਡਿਏਗੋ ਦੀ ਇੱਕ ਗਲੀ ਨਾਲ ਜੋੜ ਸਕਦੀ ਸੀ। ਇਹ ਸੁਰੰਗ ਰੋਸ਼ਨੀ, ਹਵਾਦਾਰੀ ਅਤੇ ਇੱਕ ਇਲੈਕਟ ?ਰਾਨਿਕ ਆਵਾਜਾਈ ਪ੍ਰਣਾਲੀ ਨਾਲ ਲੈਸ ਸੀ। ਇਹ ਸੁਰੰਗ ਲਗਭਗ 265 ਮੀਟਰ (ਲਗਭਗ 870 ਫੁੱਟ) ਲੰਬੀ ਸੀ। ਇਹ ਲਗਭਗ 6.3 ਮੀਟਰ (21 ਫੁੱਟ) ਭੂਮੀਗਤ ਸੀ। ਇਸ ਸੁਰੰਗ ਨੂੰ ਹਥਿਆਰਾਂ, ਵਿਸਫੋਟਕਾਂ ਅਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਲਈ ਸਟੋਰੇਜ, ਲੌਜਿਸਟਿਕਸ ਅਤੇ ਆਵਾਜਾਈ ਕੇਂਦਰ ਵਜੋਂ ਵਰਤੇ ਜਾਣ ਦਾ ਸ਼ੱਕ ਹੈ। ਇਸ ਵਿੱਚ ਇੱਕ ਇਲੈਕਟ ?ਰਾਨਿਕ ਸਲਾਈਡਿੰਗ ਵਿਧੀ ਵੀ ਸ਼ਾਮਲ ਹੈ ਜੋ ਮੈਕਸੀਕੋ ਅਤੇ ਅਮਰੀਕਾ ਵਿਚਕਾਰ ਦੋਵਾਂ ਦਿਸ਼ਾਵਾਂ ਵਿੱਚ ਸਾਮਾਨ ਦੇ ਆਦਾਨ-ਪ੍ਰਦਾਨ ਲਈ ਤਿਆਰ ਕੀਤੀ ਗਈ ਸੀ।ਸੁਰੰਗ ਵਿੱਚੋਂ ਗੋਲਾ ਬਾਰੂਦ, ਸ਼ੱਕੀ ਮੇਥਾਮਫੇਟਾਮਾਈਨ, ਸ਼ੱਕੀ ਮਾਰਿਜੁਆਨਾ, ਸੈੱਲਫੋਨ ਅਤੇ ਕਈ ਦਸਤਾਵੇਜ਼ ਮਿਲੇ ਹਨ।ਅਤੇ 1000 ਕਿਲੋਗ੍ਰਾਮ ਕੋਕੀਨ ਵੀ ਜ਼ਬਤ ਕੀਤੀ ਗਈ ਹੈ।







ਹਫ਼ਤਾਵਾਰੀ ਪ੍ਰੀਤਨਾਮਾ
Weekly Preetnama
www.preetnama.com
+1 (201) 312-4180



**PRITPAL KAUR**
Editor-In-Chief
+1 201-312-4180
+1 917-328-8436

ADVISORY BOARD
Joga Singh
Jaswinder Singh New Jersey
Mindi Manak
NewYork
Jagjit Singh Dasuya
Gurmeet Singh Dhalwan
Chicago
G. S Singh Punjab
Sujan Nag, USA
Dr. Jagdeep Dhimaan, India
Sarabjit Kaur Punjab
Sukhmandar Brar
(Bhagata Bhaika) Vancouver,

Sunil Kumar Gund
(Journalist) India
Raj Rani
Video editor
Jagmeet Kaur
97817-41631

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

**Preetnamausa@gmail.com**
**www.preetnama.com**

# ਸੋਸ਼ਲ ਮੀਡੀਆ ਅਤੇ ਮਨੁੱਖ

**ਡਾ. ਸੰਤੋਖ ਸਿੰਘ ਸੁੱਖੀ**

ਪਰਿਵਰਤਨ ਕੁਦਰਤ ਦਾ ਸਭ ਤੋਂ ਵੱਡਾ ਸਿਧਾਂਤ ਹੈ ਜਿਸ ਕਾਰਨ ਕਿਸੇ ਪ੍ਰਕਾਰ ਦੀ ਸਥਿਰਤਾ ਨੂੰ ਸਹੀ ਸਾਬਤ ਕਰਨਾ ਜਾਂ ਚਾਹੁਣਾ ਠੀਕ ਨਹੀਂ ਹੈ। ਇਹ ਪਰਿਵਰਤਨ ਭੌਤਿਕਤਾ ਵਿਚੋਂ ਹੁੰਦੇ ਹੋਏ ਮਾਨਸਿਕ ਵਰਤਾਰਿਆਂ ਵਿਚ ਜਾਂਦੇ ਦਵੰਦਤਾਮਕਤਾ ਰਾਹੀਂ ਗਤੀ ਗ੍ਰਹਿਣ ਕਰਦੇ ਰਹਿੰਦੇ ਹਨ। ਪਿਛਲੇ ਸਮਿਆਂ ਵਿਚ ਸਮਾਜ ਵਿਚ ਭੌਤਿਕ ਤਬਦੀਲੀਆਂ ਤੇਜ਼ੀ ਨਾਲ ਵਾਪਰੀਆਂ ਹਨ ਅਤੇ ਮਨੁੱਖੀ ਮਨ ਵਿਚ ਵੀ ਹਲਚਲ ਵਧੀ ਹੈ। ਇਸ ਦਾ ਕਾਰਨ ਇਹ ਹੈ ਕਿ ਮਨੁੱਖ ਪਦਾਰਥਵਾਦੀ ਹੋਇਆ ਮਨੋਵਿਕਾਰਾਂ ਦਾ ਸ਼ਿਕਾਰ ਹੋ ਗਿਆ ਹੈ ਤੇ ਉਸ ਦੀ ਪੂਰਤੀ ਉਹ ਬਣਾਉਟੀ ਸੰਦਾਂ ਸਾਧਨਾਂ ਰਾਹੀਂ ਕਰ ਰਿਹਾ ਹੈ। ਇਹ ਸਾਧਨ ਉਸ ਨੂੰ ਅਸਥਾਈ ਤੌਰ 'ਤੇ ਸਕੂਨ ਦੇ ਰਹੇ ਹਨ, ਪਰ ਅਸਲ ਵਿਚ ਉਸ ਦੇ ਸਕੂਨ ਨੂੰ ਖੋਹ ਰਹੇ ਹਨ। ਇਨ੍ਹਾਂ ਸਾਧਨਾਂ ਵਿਚ ਟੈਲੀਵਿਜ਼ਨ, ਮੋਬਾਈਲ, ਕੰਪਿਊਟਰ ਆਦਿ ਸ਼ਾਮਿਲ ਹਨ। ਇਨ੍ਹਾਂ ਸਾਧਨਾਂ ਦਾ ਸਮਾਜਿਕ ਜੀਵਨ ਵਿਚ ਦਖਲ ਸੋਸ਼ਲ ਮੀਡੀਆ ਰਾਹੀਂ ਵੱਖਰੇ ਰੂਪ ਵਿਚ ਹੋਇਆ ਹੈ। ਇਸ ਵਿਚ ਫੇਸਬੁੱਕ, ਵਟਸਐਪ, ਇੰਸਟਾਗ੍ਰਾਮ, ਹਾਈਕ ਆਦਿ ਕਿੰਨੀਆਂ ਹੀ ਐਪਲੀਕੇਸ਼ਨਜ਼ ਸ਼ਾਮਿਲ ਹਨ। ਸੋਸ਼ਲ ਮੀਡੀਆ ਨੇ ਸਾਰੇ ਸੰਸਾਰ ਨੂੰ ਆਪਣੇ ਅਧੀਨ ਕਰ ਲਿਆ ਹੈ। ਦੁਨੀਆਂ ਦੇ ਹਰ ਕੋਨੇ 'ਤੇ ਹਰ ਕੋਈ ਹਰ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਰਿਹਾ ਹੈ। ਦੁੱਖ ਇਸ ਗੱਲ ਦਾ ਹੈ ਕਿ ਇਹ ਜਾਣਕਾਰੀ ਸਿਰਫ਼ ਜਾਣਕਾਰੀ ਤਕ ਸੀਮਤ ਹੈ। ਇਸ ਵਿਚ ਗਿਆਨ ਵਿਚ ਤਬਦੀਲ ਹੋਣ ਦੀ ਸ਼ਕਤੀ ਨਹੀਂ। ਇਸ ਦਾ ਕਾਰਨ ਇਹ ਹੈ ਕਿ ਇਸ ਵਿਚ ਮਨੁੱਖ ਦਾ ਅਨੁਭਵ/ਕਰਮ ਸ਼ਾਮਿਲ ਨਹੀਂ। ਜਿਵੇਂ ਕੋਈ ਚੀਜ਼ ਦਿਖਾਈ ਜਾ ਰਹੀ ਹੈ ਉਸੇ ਤਰ੍ਹਾਂ ਦੂਜਾ ਵਿਅਕਤੀ ਇਸ ਨੂੰ ਦੇਖ ਰਿਹਾ ਹੈ। ਭਾਵ ਸੋਸ਼ਲ ਮੀਡੀਆ ਨੇ ਕੁਝ ਹੱਦ ਤਕ ਮਨੁੱਖ ਦੀ ਮੌਲਿਕ ਸੋਚਣ ਸ਼ਕਤੀ ਨੂੰ ਘਟਾਉਣ ਵਿਚ ਕੁਝ ਹਿੱਸਾ ਪਾਇਆ ਹੈ।

ਸੋਸ਼ਲ ਮੀਡੀਆ ਨੇ ਮਨੁੱਖ ਵਿਚ ਦਿਖਾਵੇ ਦੀ ਪ੍ਰਵਿਰਤੀ ਨੂੰ ਹੋਰ ਪ੍ਰਫੁੱਲਤ ਕੀਤਾ ਹੈ। ਕਮਜ਼ੋਰ ਅਹਿਸਾਸਾਂ ਵਿਚੋਂ ਉਪਜੀ ਤਸਵੀਰਬਾਜ਼ੀ ਨੇ ਇਕ ਵੱਖਰੇ ਕਿਸਮ ਦਾ ਪ੍ਰਦੂਸ਼ਣ ਫੈਲਾ ਰੱਖਿਆ ਹੈ। ਪਿਆਰ ਦੀ ਅਣਹੋਂਦ ਵਿਚੋਂ ਨਿਕਲੀਆਂ ਬਣਾਉਟੀ ਮੁਸਕਾਨਾਂ ਨੇ ਮਨੁੱਖ ਨੂੰ ਨਵੇਂ ਕਿਸਮ ਦੇ ਭੁਲੇਖਿਆਂ ਵਿਚ ਪਾ ਦਿੱਤਾ ਹੈ। ਤਸਵੀਰਾਂ ਸੱਚ ਬੋਲ ਰਹੀਆਂ ਹਨ, ਪਰ ਮਨੁੱਖ ਆਪਣੇ ਅੰਦਰਲੇ ਝੂਠਾਂ ਨਾਲ ਸੰਵਾਦ ਰਚਾਉਣ ਤੋਂ ਮੁਨਕਰ ਹੋ ਰਿਹਾ ਹੈ। ਸੋਸ਼ਲ ਮੀਡੀਆ ਨੇ ਵਿਚਾਰ ਦੀ ਗਤੀ ਵਿਚ ਬਹੁਤ ਤਬਦੀਲੀ ਲਿਆਂਦੀ ਹੈ। ਭਾਵੇਂ ਵਿਚਾਰ ਵਿਚ ਕੋਈ ਸਿਆਣਪ ਹੈ ਜਾਂ ਨਹੀਂ। ਆਲਮ ਇਹ ਬਣ ਗਿਆ ਹੈ ਕਿ ਜਦੋਂ ਵੀ ਕਿਸੇ ਵਿਅਕਤੀ ਦੇ ਮਨ ਵਿਚ ਕੋਈ ਵਿਚਾਰ ਆਇਆ, ਬਿਨਾਂ ਦੀਰਘ ਵਟਾਂਦਰੇ ਦੇ ਉਸ ਨੂੰ ਟਾਈਪ ਕਰਕੇ ਸੋਸ਼ਲ ਸਾਈਟਸ 'ਤੇ ਭੇਜ ਦਿੱਤਾ ਜਾਂਦਾ ਹੈ ਜਿਸ ਉਪਰ ਲੋਕਾਂ ਦੇ ਕੁਮੈਂਟਸ ਵੀ ਅਜੀਬੋ ਗਰੀਬ ਹੁੰਦੇ ਹਨ। ਇਸ ਤੋਂ ਕੋਈ ਸਿਆਣਾ ਵਿਅਕਤੀ ਬੌਧਿਕ ਗਿਰਾਵਟ ਦੇ ਗ੍ਰਾਫ ਨੂੰ ਸਹਿਜੇ ਹੀ ਸਮਝ ਸਕਦਾ ਹੈ।ਸੋਸ਼ਲ ਮੀਡੀਆ ਨੇ ਸਮਾਜ ਵਿਰੋਧੀ ਧਾਰਨਾਵਾਂ ਨੂੰ ਵੀ ਬਹੁਤ ਤੇਜ਼ੀ ਦਿੱਤੀ ਹੈ। ਕਿਸੇ ਜਾਤੀ, ਫਿਰਕੇ, ਸਮੂਹ ਖਿਲਾਫ਼ ਬੇਬੁਨਿਆਦ ਟਿੱਪਣੀ ਕਰਕੇ ਸਮਾਜ ਅੰਦਰ ਬੇਲੋੜਾ ਤਣਾਓ ਪੈਦਾ ਕੀਤਾ ਜਾ ਰਿਹਾ ਹੈ। ਸ਼ਰਾਰਤੀ ਧਿਰਾਂ ਇਸ ਗਤੀਵਿਧੀ ਦਾ ਪੂਰਾ ਆਨੰਦ ਹੀ ਨਹੀਂ ਲੈਂਦੀਆਂ ਸਗੋਂ ਲੋੜ ਮੁਤਾਬਿਕ ਇਸ ਨੂੰ ਵਰਤਦੀਆਂ ਵੀ ਹਨ। ਇਸ ਕਾਰਨ ਬਾਹਰੋਂ ਜੁੜੇ ਦਿਖਾਈ ਦਿੰਦੇ ਲੋਕ ਅੰਦਰੋਂ ਟੁੱਟੇ ਹੋਏ ਹਨ। ਇਹ ਸਥਿਤੀ ਏਨੀ ਗੰਭੀਰ ਹੈ ਕਿ ਸੋਸ਼ਲ ਸਾਈਟਸ 'ਤੇ ਚਲਦੇ ਗਰੁੱਪ ਜਾਤੀ, ਵੰਸ਼, ਧਰਮ ਆਧਾਰਿਤ ਹੋ ਗਏ ਹਨ ਜਿਸ ਵਿਚ ਕੋਈ 'ਗ਼ੈਰ' ਦਖ਼ਲ ਨਹੀਂ ਦੇ ਸਕਦਾ। ਇਸ ਵਿਚ ਸਿਰਫ਼ ਨ਼ਫਰਤ ਬੀਜੀ, ਕੱਟੀ ਤੇ ਹੰਢਾਈ ਜਾਂਦੀ ਹੈ।

ਸੋਸ਼ਲ ਮੀਡੀਆ ਨੇ ਘੱਟ ਬੁੱਧੀ ਵਾਲੇ ਲੋਕਾਂ ਨੂੰ ਉਤੇਜਨਾ ਭਰਪੂਰ ਕਰ ਦਿੱਤਾ ਹੈ। ਦੁਨੀਆਂ ਵਿਚ ਅਰਧ-ਚੇਤੰਨ ਵਿਅਕਤੀ ਬਹੁਤ ਛੇਤੀ ਵਰਗਲਾਏ ਜਾ ਸਕਦੇ ਹਨ। ਇਹ ਚੇਤੰਨਤਾ ਉਲਝੀ, ਝੂਠੀ ਤੇ ਬੇਸਿਰ-ਪੈਰ ਦੀ ਹੈ ਜਿਸ ਦਾ ਕੋਈ ਵਿਚਾਰਧਾਰਕ ਆਧਾਰ ਨਹੀਂ। ਇਸ ਲਈ ਸੋਸ਼ਲ ਮੀਡੀਆ ਉਪਰ ਉੱਠਦੇ ਮੁੱਦੇ ਸਿਰਫ਼ ਸ਼ਾਬਦਿਕ ਸੰਵਾਦ ਕਰਦੇ ਹਨ, ਉਨ੍ਹਾਂ ਵਿਚ ਕੋਈ ਵੀ ਵਿਹਾਰਕਤਾ ਨਹੀਂ ਹੈ। ਸੋਸ਼ਲ ਸਾਈਟਸ ਨੇ ਇਕ ਹੋਰ ਅਜੀਬ ਵਰਤਾਰਾ ਪੈਦਾ ਕੀਤਾ ਹੈ, ਉਹ ਹੈ ਸਾਹਮਣੇ ਬੈਠੇ ਵਿਅਕਤੀ ਨੂੰ ਨਜ਼ਰਅੰਦਾਜ਼ ਕਰਨਾ ਤੇ ਦੂਰ ਬੈਠੇ ਵਿਅਕਤੀ ਲਈ ਸਾਈਟ 'ਤੇ ਆਪਣਾ ਚਿਹਰਾ ਪੇਸ਼ ਕਰਨਾ। ਸਥਿਤੀ ਇਹ ਬਣੀ ਹੋਈ ਹੈ ਕਿ ਜੋ ਸਾਹਮਣੇ ਬੈਠਾ ਹੈ ਉਸ ਵੱਲ ਪਿੱਠ ਕਰਨਾ ਹੈ ਤੇ ਜੋ ਪਿੱਠ ਕਰੀ ਬੈਠਾ ਹੈ ਉਸ ਦੇ ਸਾਹਮਣੇ ਹੋਣਾ ਹੈ (ਇੱਕ ਮਿੱਤਰ ਨਾਲ ਸੰਵਾਦ 'ਤੇ ਉੱਭਰੀ ਗੱਲ)। ਇਹ ਅਜਬ ਕਿਸਮ ਦੀ ਪਿਆਸ ਹੈ ਜਿਸ ਵਿਚ ਮਨੁੱਖ ਸਹੀ ਸਰੋਤਾਂ ਵੱਲ ਨਹੀਂ ਜਾ ਰਿਹਾ। ਪਿਆਸਾ ਵਿਅਕਤੀ ਖੂਹ ਜਾਂ ਨਲਕੇ ਕੋਲ ਨਹੀਂ ਜਾ ਰਿਹਾ ਸਗੋਂ ਉਸ ਦੀ ਫੋਟੋ ਜਾਂ ਤਸਵੀਰ ਕੋਲ ਜਾ ਰਿਹਾ ਹੈ। ਇਸ ਲਈ ਸਮੱਸਿਆ ਕਿਤੇ ਹੋਰ ਹੈ ਤੇ ਹੱਲ ਕਿਤੇ ਹੋਰ ਲੱਭਿਆ ਜਾ ਰਿਹਾ ਹੈ। ਸੋਸ਼ਲ ਮੀਡੀਆ ਨੇ ਪਰਿਵਾਰਕ ਸਬੰਧਾਂ ਨੂੰ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਹ ਸਥਿਤੀ ਉਦੋਂ ਘਾਤਕ ਬਣੀ ਹੈ ਜਦੋਂ ਮੋਬਾਈਲਾਂ ਉਪਰ ਕੰਪਿਊਟਰ ਵਾਲੀਆਂ ਸਾਰੀਆਂ ਸਹੂਲਤਾਂ ਹਾਸਲ ਹੋਣ ਦੇ ਨਾਲ ਨਾਲ ਹਰ ਥਾਂ 'ਤੇ ਹਰ ਵੇਲੇ ਇੰਟਰਨੈੱਟ ਦੀ ਸੁਵਿਧਾ ਉਪਲੱਬਧ ਹੋਈ ਹੈ। ਪਹਿਲਾਂ ਟੈਲੀਵਿਜ਼ਨ ਦੇ ਦੌਰ ਵਿਚ ਪਤਾ ਲੱਗਦਾ ਸੀ ਕਿ ਟੈਲੀਵਿਜ਼ਨ ਉਪਰ ਕੀ ਚੱਲ ਰਿਹਾ ਹੈ, ਕੌਣ ਕੀ ਦੇਖ ਰਿਹਾ ਹੈ ਤੇ ਇਸ ਦਾ ਕੀ ਅਸਰ ਹੋ ਸਕਦਾ ਹੈ। ਪਰ ਅੱਜਕੱਲ੍ਹ ਇਹੀ ਪਤਾ ਨਹੀਂ ਲੱਗ ਰਿਹਾ ਕਿ ਮਨੁੱਖ ਮਸਰੂਫ਼ ਕਿਸ ਗੱਲ ਵਿਚ ਹੈ ? ਘਰ ਵਿਚ ਵੜਦਿਆਂ ਹੀ ਸਾਰਾ ਪਰਿਵਾਰ ਆਪੋ-ਆਪਣੇ ਮੋਬਾਈਲਾਂ 'ਤੇ ਉਂਗਲੀਆਂ ਦੀ ਕਸਰਤ ਕਰਨ ਲੱਗਦਾ ਹੈ। ਘਰ ਵਿਚ ਨਾ ਪਤੀ ਆ ਰਿਹਾ ਹੈ, ਨਾ ਪਤਨੀ ਤੇ ਨਾ ਹੀ ਬੱਚੇ। ਪਤਾ ਨਹੀਂ ਲੱਗ ਰਿਹਾ ਇਹ ਕੌਣ ਹਨ। ਉਹ ਬਾਹਰਲੇ ਸੰਸਾਰ ਨਾਲ ਜੁੜੇ, ਅੰਦਰਲੇ ਢਾਂਚੇ ਤੋਂ ਬੇਖਬਰ ਹਨ। ਘਰਾਂ ਵਿਚ ਮੋਬਾਈਲਾਂ ਦੇ ਵਰਤੋਂਕਾਰ ਰਹਿ ਰਹੇ ਹਨ, ਪਰਿਵਾਰਕ ਮੈਂਬਰ ਨਹੀਂ। ਇਸ ਵਰਤਾਰੇ ਨੇ ਹੋਰ ਵੀ ਗੰਭੀਰ ਸਮੱਸਿਆ ਪੈਦਾ ਕਰ ਦਿੱਤੀ ਹੈ ਜਿਸ ਵਿਚ ਮਨੁੱਖ ਦਾ ਮਨੁੱਖ ਪ੍ਰਤੀ ਸ਼ੱਕ ਸ਼ਾਮਿਲ ਹੈ। ਜਿਹੋ ਜਿਹੀਆਂ ਹਰਕਤਾਂ ਇਕ ਵਿਅਕਤੀ ਸੋਸ਼ਲ ਮੀਡੀਆ 'ਤੇ ਕਰ ਰਿਹਾ ਹੈ, ਉਸੇ ਤਰ੍ਹਾਂ ਦੀਆਂ ਦੂਜੇ ਤੋਂ ਤਸੱਵਰ ਕਰ ਰਿਹਾ ਹੈ। ਇਸ ਲਈ ਦਿਨੋ-ਦਿਨ ਪਰਿਵਾਰਕ ਢਾਂਚੇ ਟੁੱਟਦੇ ਜਾ ਰਹੇ ਹਨ। ਉਨ੍ਹਾਂ 'ਚ ਮੋਹ ਮੁਹੱਬਤ ਨਹੀਂ ਰਹੀ। ਉਨ੍ਹਾਂ ਵਿਚਕਾਰ ਮੋਬਾਈਲ ਤੇ ਹਰ ਵਿਅਕਤੀ ਨਾਲ ਤਕਰਾਰ ਹੈ। ਮਨੁੱਖ ਦੇ ਟੁੱਟਣ ਤੇ ਜੁੜਨ ਦੇ ਨਵੇਂ ਤਰੀਕਿਆਂ ਦਾ ਸਮਾਂ ਬਣਿਆ ਹੋਇਆ ਹੈ। ਜੇ ਇਸ ਨੂੰ ਰੂਪਾਂਤਰਣ ਦਾ ਦੌਰ ਕਹਿ ਦੇਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਹੁਣ ਉਹ ਦੌਰ ਹੈ ਜਦੋਂ ਮਨੁੱਖ ਦੇ ਮਨੁੱਖ ਨਾਲ ਸਬੰਧ ਤਕਨਾਲੋਜੀ ਤੇ ਰਾਜਨੀਤੀ ਤੈਅ ਕਰ ਰਹੀ ਹੈ। ਇਨ੍ਹਾਂ ਸਬੰਧਾਂ ਵਿਚ ਇਕਾਗਰਤਾ, ਸਹਿਣਸ਼ੀਲਤਾ, ਵਿਸ਼ਵਾਸ ਅਤੇ ਗੰਭੀਰਤਾ ਨਹੀਂ ਹੈ। ਮਨੁੱਖ 'ਚੋਂ ਮਨੁੱਖਤਾ ਗਾਇਬ ਹੋ ਗਈ ਹੈ।ਸੋਸ਼ਲ ਮੀਡੀਆ ਨਾਲ ਜੁੜ ਕੇ ਹਰ ਕਿਸੇ ਨੂੰ ਇਹ ਵਿਸ਼ਵਾਸ ਹੋ ਰਿਹਾ ਹੈ ਕਿ ਉਸ ਕੋਲ ਜਾਣਕਾਰੀ ਦਾ ਅਤੁੱਟ ਖ਼ਜ਼ਾਨਾ ਹੈ। ਪਰ ਇਹ ਜਾਣਕਾਰੀ ਕਿਸ ਸੋਮੇ ਤੋਂ ਆ ਰਹੀ ਹੈ ਇਸ ਬਾਰੇ ਸੁਚੇਤ ਨਹੀਂ। ਅਧੂਰੀ, ਝੂਠੀ, ਬੇਵਿਸ਼ਵਾਸੀ ਜਾਣਕਾਰੀ ਮਨੁੱਖ ਨੂੰ ਬੌਧਿਕ ਤੌਰ 'ਤੇ ਅਪੰਗ ਬਣਾ ਰਹੀ ਹੈ ਜਿਸ ਨਾਲ ਅਸਲੀ ਤੇ ਨਕਲੀ ਜਾਣਕਾਰੀ ਵਿਚ ਉਲਝ ਕੇ ਵਿਅਕਤੀ ਦੀ ਸਥਿਤੀ ਅਜੀਬ ਬਣ ਗਈ ਹੈ। ਉਹ ਕਿਸੇ ਵੀ ਵਰਤਾਰੇ ਦੀ ਜਾਣਕਾਰੀ ਪ੍ਰਤੀ ਮੁਹਾਰਤ ਹਾਸਲ ਨਹੀਂ ਕਰ ਰਿਹਾ। ਅਧੂਰਾ ਉਹ ਰਹਿਣਾ ਨਹੀਂ ਚਾਹੁੰਦਾ। ਇਸ ਲਈ ਮਾਨਸਿਕ ਤੇ ਬੌਧਿਕ ਤਣਾਓ ਵਿਚੋਂ ਉਹ ਆਪਣੇ ਅਨੁਭਵ ਰਾਹੀਂ ਇਕੱਠੇ ਕੀਤੇ ਗਿਆਨ ਨੂੰ ਖਰਾਬ ਕਰ ਰਿਹਾ ਹੈ। ਇਸ ਦੇ ਨਾਲ ਹੀ ਪਰਿਵਾਰਕ ਤਣਾਓ ਪੈਦਾ ਕਰ ਜ਼ਿੰਦਗੀ ਨੂੰ ਜਿਉਣ ਜੋਗੀ ਵੀ ਨਹੀਂ ਛੱਡ ਰਿਹਾ। 'ਭੱਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਵੇ' ਦੀ ਕਹਾਵਤ ਨੂੰ ਸਹੀ ਸਾਬਤ ਕਰ ਰਿਹਾ ਹੈ।ਸੋਸ਼ਲ ਮੀਡੀਆ ਨੇ ਧਰਮ ਰਾਹੀਂ ਹੋ ਰਹੇ ਕਰਮਕਾਂਡੀ ਵਪਾਰ ਤੇ ਅੰਧ-ਵਿਸ਼ਵਾਸ ਨੂੰ ਪੂਰਾ ਹੁਲਾਰਾ ਦਿੱਤਾ ਹੈ। ਵੱਟਸਐਪ 'ਤੇ ਕਿਸੇ ਵੀ ਕਰਮਕਾਂਡ ਦੀ ਜਾਣਕਾਰੀ ਮੰਗੋ, ਤੁਹਾਨੂੰ ਧਾਰਮਿਕ ਗ੍ਰੰਥਾਂ ਦੇ ਪੰਨਿਆਂ ਦੀਆਂ ਫੋਟੋਆਂ ਵੀ ਉਪਲੱਬਧ ਹੋ ਜਾਂਦੀਆਂ ਹਨ ਭਾਵ ਇਸ ਨੇ ਅੰਧ-ਵਿਸ਼ਵਾਸ ਫੈਲਾ ਕੇ ਨਵੇਂ ਕਾਰੋਬਾਰਾਂ ਨੂੰ ਜਨਮ ਦਿੱਤਾ ਹੈ।



Preetnama
प्रीतनामा
खरा सच
Khara Sach
On our English language New Website
WWW.PREET NEWS.COM
Chief Editor
Pritpal Kaur
+1 201-312-4180
Vol 4, Issue 357
Website: www.preetnama.com Email preetnamausa@gmail.com
12 JUNE TO 18 JUNE, 2026

# जंतरमंतर पर कॉकरोच जनता पार्टी का प्रदर्शन कितना असरकारक

- **राजीव खंडेलवाल**

राजनीति में कभी-कभी एक छोटी-सी ''चिंगारी'' भी दूर तक ''रोशनी'' फैला देती है। ''कॉकरोच जनता पार्टी (सीजेपी)'' का उदय ऐसा ही एक घटनाक्रम प्रतीत होता है।

15 में 2026 को सुप्रीम कोर्ट में एक प्रकरण की सुनवाई के दौरान मुख्य न्यायाधीश जस्टिस सूर्यकांत की एक विवादास्पद मौखिक टिप्पणी जिसमें कुछ बेरोजगार युवाओं को ''कॉकरोच'' कहा गया था, के जवाब मेंअभिजीत दिपके द्वारा शुरू किया गया यह ''व्यंग्यात्मक राजनीतिक आंदोलन'' कुछ ही दिनों में सोशल मीडिया की सीमाएँ लांघकर दिल्ली के जंतर-मंतर तक पहुँच गया। जिस ''कॉकरोच'' शब्द का प्रयोग कथित रूप से अपमान के लिए हुआ, उसी को प्रतीक बनाकर सकारात्मक प्रतिरोध का माध्यम बनाना अपने आप में एक नया राजनीतिक प्रयोग है। मानो यह कहने का प्रयास हो कि ''लोहा लोहे को काटता है''।

'' जंतर-मंतर: केवल प्रदर्शन नहीं, अनेक संकेत ?''लंबे समय बाद अन्ना आंदोलन के बाद जंतर-मंतर फिर राष्ट्रीय चर्चा का केंद्र बना। संयोग देखिए, ''जंतर-मंतर'' का अर्थ आकाशीय गतिविधियों को मापने के उपकरणों से है। इस बार जंतर-मंतर के प्रदर्शन के माध्यम से देश की राजनीति के तापमान को सांकेतिक रूप से मापने का प्रयास करते हैं। मात्र बीस दिनों में ''ऑनलाइन'' अभियान का ऑफलाइन प्रदर्शन में बदल जाना अपने आप में साहसिक सफल कदम होकर ''अध्ययन'' का विषय है। 12 संकेत, जो नजरअंदाज नहीं किये सकते हैं

'' पहला- संख्या कम, संदेश बड़ा''पुलिस कर्मियों और युटयुबर्स की तुलना में प्रदर्शनकारियों की संख्या अपेक्षाकृत कम थी। आलोचकों के अनुसार 2.90 करोड़ ऑनलाइन समर्थकों वाली पार्टी के कार्यक्रम में केवल कुछ हजार लोग ही पहुँचे? जेएनयू विश्वविद्यालय की अध्यक्षता के अनुसार लगभग 5000। ''ऑनलाइन से ऑफलाइन'' आने में ''चमक की दमक'' कम होना तो स्वाभाविक ही है। यद्यपि किसी भी आंदोलन में संख्या का महत्व है, मगर इतिहास गवाह है, कई बार छोटी संख्या भी बड़ा संदेश दे जाती है।

**''दूसरा- प्रशासन का असाधारण, अप्रत्याशित व्यवहार**

अभिजीत दिपके का रेड कारपेट स्वागत, आवेदन के बिना प्रदर्शन की अनुमति और प्रशासनिक व्यवहार को समर्थक लोकतांत्रिक उदारता मान रहे हैं, तो आलोचक इसके पीछे राजनीतिक अर्थ पर्दे के पीछे पटकथा तलाश रहे हैं। सवाल वह क्या यह आंदोलन स्वत:स्फूर्त है या किसी राजनीतिक रणनीति का हिस्सा होकर ''अन्ना आंदोलन'' 2.0 जैसा प्रायोजित प्रयोग''?

''तीसरा- पूर्णत: शांतिपूर्ण स्वरूप।

आज के दौर में जब छोटी घटनाएँ भी हिंसक मोड़ ले लेती हैं, तब यह प्रदर्शन एक-दो उकसावे के बावजूद पूरी तरह शांतिपूर्ण रहा।

'' *चौथा- हाथ में संविधान की प्रति! ''

अभिजीत दिपके का संविधान की प्रति लेकर पहुँचना अनेक राजनीतिक संदेश देता है। पिछले कुछ वर्षों में ''संविधान की किताब'' विपक्षी राजनीति खासकर राहुल गांधी की राजनीति का एक प्रमुख हथियार बन चुका है। स्वाभाविक रूप से यह प्रश्न उठता है कि क्या राहुल गांधी से अभिजीत अभिप्रेरित है?'' पाँचवां- सांप्रदायिकता से ऊपर''।''हिंदू-मुस्लिम राजनीति बंद करो'' जैसे नारों ने संकेत दिया कि युवा वर्ग रोजगार और परीक्षा व्यवस्था जैसे मुद्दों को सांप्रदायिक विमर्श से ऊपर रखना चाहता है।

''छठा- मीडिया की बदलती भूमिका* ''।अन्ना आंदोलन की सफलता का सबसे बड़ा हथियार मेंनस्ट्रीम मीडिया था। इसके विपरीत यह आंदोलन लगभग पूरी तरह सोशल मीडिया और यूट्यूब आधारित दिखाई दिया। गोदी मीडिया विरोधी नारे और मुख्यधारा मीडिया की लगभग अनुपस्थिति। मतलब अब आंदोलन टीवी स्टूडियो से नहीं, मोबाइल स्क्रीन से भी खड़े हो सकते हैं?

**'सातवां- कांग्रेस की दुविधा ?**

समाजवादी पार्टी, शिवसेना (उद्धव), एनसीपी (शरद) सोशल मीडिया में समर्थन के साथ देश के विभिन्न क्षेत्रों से आए लोगो के साथ लद्दाख के प्रसिद्ध जलवायु कार्यकर्ता सोनम वांगचुक और सीपीआई (एमएल) के महामंत्री दीपंकर भट्टाचार्य एआईएसए की प्रत्यक्ष सक्रिय भागीदारी के साथ कांग्रेस का मौन, बेरुखी व सावधानी पूर्ण दूरी। यद्यपि कांग्रेस के किसी भी अधिकृत हैंडल्स से इस प्रदर्शन की आलोचना नहीं की गई है। पेपर लीक जैसा युवा मुद्दा को क्या विपक्ष को दलगत सीमाओं से ऊपर उठकर एकजुट समर्थन नहीं देना चाहिए? जैसा कि योगेंद्र यादव ने आव्हान भी किया है। **' आठवाँ- हर कोई भ्रमित ''।**

On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 357
Website: www.preetnama.com Email preetnamausa@gmail.com
12 JUNE TO 18 JUNE, 2026

# From Cannes to London Glory: KHOONTA Wins Best Foreign Feature Film Award, Taking Its Environmental Message to the World

## Following Its Market Premiere Screening at Cannes, the Himalayan Drama Earns Prestigious International Recognition at the London Independent Film Awards 2026










LONDON, UNITED KINGDOM – May 2026: Following its successful Market Premiere Screening at Cannes, KHOONTA has continued its remarkable international journey by winning the Best Foreign Feature Film Award at the London Independent Film Awards 2026.

Produced by internationally acclaimed filmmaker Mukesh Modi under the banners of Indie Films Inc and D Star Entertainment, and written and directed by Anushi Sharma, KHOONTA is rapidly gaining worldwide recognition for its powerful storytelling, cultural authenticity, and urgent environmental message.

The prestigious award marks another significant milestone for the film, which has captivated audiences with its portrayal of life, faith, and tradition in the Himalayan region while addressing one of the most critical issues facing the mountains today.

From the Himalayas to the Global Stage

Set against the breathtaking backdrop of the Himalayas and inspired by the spiritual traditions associated with Mahasu Maharaj, KHOONTA tells a compelling story deeply rooted in the culture, beliefs, and heritage of the mountain communities.

After making a strong impression during its Market Premiere Screening at Cannes, the film has continued to resonate with international audiences and industry professionals alike, culminating in this major victory in London.

The award further establishes KHOONTA as a significant voice in contemporary independent cinema and highlights the growing global appreciation for stories emerging from the Himalayan region.

A Film with a Powerful Environmental Message

Beyond its cinematic achievements, KHOONTA carries a profound social message about the fragile relationship between humanity and nature.

The film draws attention to the environmental challenges that affect Himachal Pradesh and Uttarakhand year after year, including devastating floods, landslides, ecological imbalance, and the consequences of unchecked human intervention in nature.

Through its emotionally powerful narrative, KHOONTA reminds audiences that nature must be respected, protected, and preserved.

"Don't Play with Nature."

This simple yet powerful message lies at the heart of the film. As climate-related disasters continue to impact mountain communities, KHOONTA serves as both a cinematic experience and a wake-up call, urging greater environmental responsibility and awareness.

A Proud Achievement for Independent Cinema

The international success of KHOONTA demonstrates how stories rooted in local culture can transcend borders and connect with audiences around the world.

The Best Foreign Feature Film Award at the London Independent Film Awards recognizes not only the artistic excellence of the film but also the dedication, passion, and vision of its creative team.

As KHOONTA continues its international journey, its message remains more relevant than ever: respect nature before it is too late.

This prestigious award celebrates the vision and dedication of producer Mukesh Modi, writerdirector Anushi Sharma, and the entire cast and crew whose collective efforts brought this important story to life.

Official Credits

KHOONTA

Winner – Best Foreign Feature Film

London Independent Film Awards 2026

Tagline

From the sacred mountains of the Himalayas to the global stage, KHOONTA is more than an award-winning film—it is a powerful reminder that when humanity challenges nature, nature always has the final word.

"Nature sustains us. Respect it, protect it, and never play with it."

The mountains are speaking. Through KHOONTA, the world is listening.

# ਬਰਦਾਸ਼ਤ ਅਤੇ ਬਲੀਦਾਨ ਦੀ ਮੂਰਤ - ਗੁਰੂ ਅਰਜਨ ਦੇਵ ਜੀ



ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਾਕਾ ਪੰਜਾਬੀ ਇਤਿਹਾਸ ਵਿਚ ਇਕ ਮਹਾਨ ਅਤੇ ਲਾਸਾਨੀ ਘਟਨਾ ਵਜੋਂ ਯਾਦ ਕੀਤਾ ਜਾਂਦਾ ਹੈ, ਕਿਉਂਕਿ ਇਸ ਨੇ ਹੱਕ, ਸੱਚ ਅਤੇ ਮਨੁੱਖੀ ਇਜ਼ਤ ਲਈ ਖੜ੍ਹੇ ਹੋਣ ਦੀ ਸਭ ਤੋਂ ਸਖ਼ਤ ਕੀਮਤ ਸਾਹਮਣੇ ਰੱਖੀ। ਗੁਰੂ ਸਾਹਿਬ ਨੇ ਜ਼ੁਲਮ, ਜਬਰ, ਅਨਿਆਂ ਅਤੇ ਬੇਇਨਸਾਫ਼ੀ ਦੇ ਵਿਰੁੱਧ ਡਟ ਕੇ ਆਵਾਜ਼ ਚੁੱਕੀ, ਅਤੇ ਇਸੇ ਕਾਰਨ ਉਨ੍ਹਾਂ ਨੂੰ ਤੱਤੀ ਤਵੀ, ਸੀਸ ਵਿੱਚ ਸੜਦੀ ਰੇਤ ਅਤੇ ਉਬਲਦੇ ਪਾਣੀ ਦੀ ਦੇਗ ਵਰਗੇ ਭਿਆਨਕ ਤਸੀਹਿਆਂ ਦਾ ਸਾਹਮਣਾ ਕਰਨਾ ਪਿਆ। ਫਿਰ ਵੀ, ਉਨ੍ਹਾਂ ਨੇ ਮਨੁੱਖੀ ਹੱਕਾਂ ਦਾ ਝੰਡਾ ਥੱਲੇ ਨਹੀਂ ਆਉਣ ਦਿੱਤਾ, ਅਤੇ ਸਬਰ, ਸਿਦਕ ਤੇ ਅਡਿੱਗ ਵਿਸ਼ਵਾਸ ਨਾਲ ਜਬਰ ਦਾ ਮੁਕਾਬਲਾ ਕੀਤਾ।

ਗੁਰਮਤਿ ਦੀ ਬਰਾਬਰੀ ਵਾਲੀ ਸੋਚ, ਜੋ ਜ਼ਾਤ-ਪਾਤ, ਛੂਆ-ਛਾਤ ਅਤੇ ਵਰਣ ਵੰਡ ਨੂੰ ਮੂਲੋਂ ਰੱਦ ਕਰਦੀ ਹੈ, ਮੰਨੂਵਾਦੀ ਸੋਚ ਨਾਲ ਜੁੜੀਆਂ ਧਿਰਾਂ ਨੂੰ ਸਹਿਮਤ ਨਹੀਂ ਹੋਈ, ਇਸ ਲਈ ਗੁਰੂ ਘਰ ਦੇ ਵਿਰੁੱਧ ਸਰਕਾਰੀ ਦਰਬਾਰਾਂ ਤੱਕ ਸ਼ਿਕਾਇਤਾਂ ਪਹੁੰਚਾਈਆਂ ਗਈਆਂ। ਇਨ੍ਹਾਂ ਵਿਰੋਧੀ ਕੋਸ਼ਿਸ਼ਾਂ ਨੇ ਗੁਰੂ ਸਾਹਿਬ ਦੇ ਅਸੂਲਾਂ ਨੂੰ ਰੋਕਣ ਦੀ ਹਰ ਕੋਸ਼ਿਸ਼ ਕੀਤੀ, ਪਰ ਉਹ ਸਿਦਕ ਦਾ ਰੂਪ ਬਣ ਕੇ ਹੋਰ ਵੱਧ ਚਮਕੇ, ਕਿਉਂਕਿ ਦਬਾਅ ਨੇ ਉਨ੍ਹਾਂ ਦੀ ਸੱਚਾਈ ਨੂੰ ਢਾਹਿਆ ਨਹੀਂ, ਸਗੋਂ ਸਾਫ਼ ਕੀਤਾ। 30 ਮਈ 1606 ਦੀ ਸ਼ਹਾਦਤ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਮਨੁੱਖੀ ਹੱਕਾਂ ਲਈ ਦਿੱਤੀ ਕੁਰਬਾਨੀ ਸਿਰਫ਼ ਇਕ ਵਿਅਕਤੀ ਦੀ ਮੌਤ ਨਹੀਂ ਹੁੰਦੀ, ਉਹ ਇਕ ਐਸੀ ਨੈਤਿਕ ਮਿਸਾਲ ਬਣ ਜਾਂਦੀ ਹੈ ਜੋ ਅਗਲੀਆਂ ਪੀੜ੍ਹੀਆਂ ਨੂੰ ਇਨਸਾਫ਼ ਦੇ ਪੱਖ ਵਿਚ ਖੜ੍ਹੇ ਰਹਿਣ ਦੀ ਸੀਖ਼ ਦਿੰਦੀ ਹੈ।

ਗੁਰੂ ਸਾਹਿਬਾਨ ਦੀ ਧਰਮ-ਚੇਤਨਾ ਨੇ ਮਨੁੱਖੀ ਭਲਾਈ ਨੂੰ ਸਭ ਤੋਂ ਉੱਪਰ ਰੱਖਿਆ, ਇਸ ਲਈ ਉੱਥੇ ਜਾਤ, ਜਨਮ, ਰਸਮਾਂ, ਜਾਂ ਠੇਠ ਧਾਰਮਿਕ ਪਾਬੰਦੀਆਂ ਲਈ ਕੋਈ ਥਾਂ ਨਹੀਂ ਸੀ। ਗੁਰਮਤਿ ਦਾ ਕੇਂਦਰ ਮਨੁੱਖ ਸੀ, ਅਤੇ ਉਸ ਮਨੁੱਖ ਦੀ ਇਜ਼ਤ, ਭੁੱਖ, ਦੁੱਖ, ਸੱਚ, ਤੇ ਸਾਂਝ ਉਸ ਦੇ ਅਸਲੀ ਮਾਪਦੰਡ ਸਨ। ਇਸ ਕਾਰਨ ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਦੇਵ ਜੀ ਤੱਕ ਬਾਣੀ ਨੂੰ ਇਕੱਠਾ ਕਰਨ, ਸੰਭਾਲਣ, ਤੇ ਇੱਕ ਥਾਂ ਰੱਖਣ ਦਾ ਕੰਮ ਸਿਰਫ਼ ਧਾਰਮਿਕ ਨਹੀਂ, ਬਲਕਿ ਸਮਾਜਕ ਪੱਧਰ ਤੇ ਵੀ ਬਹੁਤ ਵੱਡਾ ਕਦਮ ਸੀ। ਗੁਰੂ ਅਰਜਨ ਦੇਵ ਜੀ ਵੱਲੋਂ ਆਦਿ ਗ੍ਰੰਥ ਦੀ ਸੰਪਾਦਨਾ ਨੇ ਉਸ ਵਿਚਾਰ ਨੂੰ ਪੱਕੀ ਸ਼ਕਲ ਦਿੱਤੀ ਜੋ ਲੋਕਾਂ ਨੂੰ ਫੋਕਟ ਕਰਮਕਾਂਡਾਂ ਤੋਂ ਹਟਾ ਕੇ ਸਿੱਧੀ ਸੱਚਾਈ ਵੱਲ ਲੈ ਜਾਂਦੀ ਸੀ। ਅਜਿਹੀ ਸਾਫ਼ ਅਤੇ ਲੋਕ-ਹਿਤੀ ਸੋਚ ਕੱਟੜ ਜਮਾਤਾਂ ਨੂੰ ਕਦੇ ਨਹੀਂ ਭਾਈ, ਕਿਉਂਕਿ ਇਸ ਨੇ ਉਨ੍ਹਾਂ ਦੇ ਬਣਾਏ ਹੋਏ ਭੇਦਾਂ ਨੂੰ ਸਵਾਲਾਂ ਦੇ ਘੇਰੇ ਵਿਚ ਲਿਆ ਦਿੱਤਾ। ਆਮ ਲੋਕਾਂ ਲਈ ਗੁਰਬਾਣੀ ਦਾ ਸੁਨੇਹਾ ਸੌਖਾ ਸੀ, ਉਹਨਾਂ ਨੂੰ ਆਪਣੀ ਮਿਹਨਤ, ਆਪਣੀ ਇਨਸਾਫ਼ੀ ਜ਼ਿੰਦਗੀ, ਤੇ ਆਪਣੀ ਅੰਦਰਲੀ ਸਚਾਈ ਨਾਲ ਜੋੜਦਾ ਸੀ। ਦੂਜੇ ਪਾਸੇ, ਜਿਨ੍ਹਾਂ ਦੀ ਤਾਕਤ ਰੀਤਾਂ, ਡਰ, ਤੇ ਵੰਡਾਂ ਉੱਤੇ ਟਿਕੀ ਹੋਈ ਸੀ, ਉਹਨਾਂ ਲਈ ਇਹ ਵਿਚਾਰਧਾਰਾ ਸਿੱਧੀ ਚੁਣੌਤੀ ਬਣ ਗਈ। ਇਸੇ ਲਈ ਗੁਰੂ-ਬਾਣੀ ਵਿਰੁੱਧ ਸ਼ਿਕਾਇਤਾਂ, ਵਿਰੋਧ, ਤੇ ਦਬਾਅ ਦੇ ਰੂਪ ਵੱਖ-ਵੱਖ ਸਮਿਆਂ ਵਿਚ ਸਾਹਮਣੇ ਆਏ, ਜਿਵੇਂ ਗੁਰੂ ਅਮਰਦਾਸ ਜੀ ਦੇ ਦੌਰ ਵਿਚ ਅਕਬਰ ਕੋਲ ਕੀਤੀਆਂ ਸ਼ਿਕਾਇਤਾਂ। ਸਿਧਾਂਤਕ ਤੌਰ ਤੇ ਇਹ ਵਿਰੋਧੀ ਧਿਰਾਂ ਇੱਕ ਦੂਜੇ ਨਾਲ ਨਹੀਂ ਮਿਲਦੀਆਂ ਸਨ, ਪਰ ਗੁਰਮਤਿ ਨੂੰ ਰੋਕਣ ਦੇ ਮਸਲੇ ਤੇ ਉਹਨਾਂ ਦਾ ਨਿਸ਼ਾਨਾ ਇੱਕ ਹੀ ਸੀ। ਇੱਥੇ ਗੱਲ ਸਿਰਫ਼ ਧਾਰਮਿਕ ਅਸਹਿਮਤੀ ਦੀ ਨਹੀਂ ਸੀ, ਸਗੋਂ ਉਸ ਸਮਾਜਕ ਬਦਲਾਅ ਦੀ ਸੀ ਜੋ ਭੇਦ-ਭਾਵ ਦੀ ਜੜ੍ਹ ਨੂੰ ਹਿਲਾ ਰਿਹਾ ਸੀ।

ਗੁਰੂ ਅਰਜਨ ਦੇਵ ਜੀ ਦਾ ਜਨਮ ਗੁਰੂ ਰਾਮ ਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਘਰ ਹੋਇਆ। ਉਨ੍ਹਾਂ ਦੀ ਪਰਵਰਿਸ਼ ਗੋਇੰਦਵਾਲ ਸਾਹਿਬ ਦੇ ਰੂਹਾਨੀ ਮਾਹੌਲ ਵਿੱਚ ਹੋਈ, ਜਿੱਥੇ ਸੇਵਾ, ਨਿਮਰਤਾ ਅਤੇ ਬਾਣੀ ਦੀ ਕਦਰ ਘਰ ਦੀ ਹਵਾ ਵਾਂਗ ਸੀ। 1581 ਵਿੱਚ ਗੁਰਗੱਦੀ ਸੰਭਾਲ ਕੇ ਉਹ ਪੰਜਵੇਂ ਗੁਰੂ ਬਣੇ ਅਤੇ ਲਗਭਗ 25 ਸਾਲਾਂ ਤੱਕ ਸਿੱਖ ਪੰਥ ਦੀ ਅਗਵਾਈ ਕੀਤੀ।

ਉਨ੍ਹਾਂ ਦੇ ਜੀਵਨ ਵਿੱਚ ਸਾਦਗੀ ਅਤੇ ਪ੍ਰਬੰਧ ਦੋਵੇਂ ਸਪਸ਼ਟ ਸਨ। ਪਰੰਪਰਾਗਤ ਸਾਖੀ ਦੱਸਦੀ ਹੈ ਕਿ ਕਾਬਲ ਤੋਂ ਆ ਰਹੀ ਸੰਗਤ ਨੂੰ ਰਾਹ ਵਿੱਚ ਇੱਕ ਨੌਜਵਾਨ ਜੋੜੇ ਨੇ ਸੇਵਾ ਦਿੱਤੀ, ਚਰਨ ਦਬਾਏ, ਪਾਣੀ ਪਿਲਾਇਆ ਅਤੇ ਭੋਜਨ ਕਰਵਾਇਆ। ਅੰਮ੍ਰਿਤਸਰ ਪਹੁੰਚ ਕੇ ਜਦੋਂ ਪਤਾ ਲੱਗਾ ਕਿ ਉਹ ਗੁਰੂ ਅਰਜਨ ਦੇਵ ਜੀ ਅਤੇ ਬੀਬੀ ਗੰਗਾ ਜੀ ਸਨ, ਤਾਂ ਸੰਗਤ ਹੈਰਾਨ ਰਹਿ ਗਈ। ਇਸ ਸਾਖੀ ਵਿੱਚ ਗੁਰੂ ਸਾਹਿਬ ਦੀ ਨਿਮਰਤਾ ਸਾਫ਼ ਦਿਸਦੀ ਹੈ।

ਆਦੀ ਗ੍ਰੰਥ ਦੀ ਸੰਪਾਦਨਾ ਅਤੇ ਸਿੱਖ ਪਾਠ ਪਰੰਪਰਾ ਦੀ ਮਜ਼ਬੂਤੀ

ਗੁਰੂ ਅਰਜਨ ਦੇਵ ਜੀ ਦੇ ਸਮੇਂ ਮੁਸਲਮਾਨ ਅਤੇ ਹਿੰਦੂ, ਗੁਰੂ ਜੀ ਦੇ ਸਿੱਖਾਂ ਨੂੰ ਤਾਨਾ ਮਾਰ ਕੇ ਕਹਿੰਦੇ ਸਨ ਕਿ ਤੁਹਾਡੇ ਕੋਲ ਨਾ ਕੋਈ ਤੀਰਥ-ਅਸਥਾਨ ਹੈ ਅਤੇ ਨਾ ਹੀ ਕੋਈ ਧਾਰਮਿਕ ਗ੍ਰੰਥ, ÷ਸ਼ੁਮਾ ਨਾ ਅਹਲ ਕਿਤਾਬ ਅਸਤ ਨਾ ਅਹਲਿ ਮਕਾਮ÷। ਪਰ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਇਕ ਅਨੋਖਾ ਤੀਰਥ-ਅਸਥਾਨ, ਹਰਿਮੰਦਰ ਸਾਹਿਬ, ਦਿੱਤਾ, ਜਿਸ ਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਸਾਨੂੰ ਸਾਹਿਬ ਗੁਰੂ ਗ੍ਰੰਥ ਸਾਹਿਬ ਜੀ ਦੀ ਅਨਮੋਲ ਬਖ਼ਸ਼ਿਸ਼ ਵੀ ਕੀਤੀ, ਜਿਸ ਵਰਗਾ ਧਾਰਮਿਕ ਗ੍ਰੰਥ ਸਾਰੇ ਸੰਸਾਰ ਵਿਚ ਹੋਰ ਕੋਈ ਨਹੀਂ।

ਇਸ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹਿੰਦੂ, ਮੁਸਲਮਾਨ ਅਤੇ ਸ਼ੂਦਰ ਮਹਾਂਪੁਰਸ਼ਾਂ ਦੀ ਬਾਣੀ ਵੀ ਦਰਜ ਹੈ। ਇਸ ਦੀ ਸਿੱਖਿਆ ਸਾਰੇ ਮਨੁੱਖਾਂ ਲਈ ਸਾਂਝੀ ਹੈ:

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ (ਅੰਗ: ੭੪੭)

ਗੁਰੂ ਅਰਜਨ ਦੇਵ ਜੀ ਨੇ ਆਦੀ ਗ੍ਰੰਥ ਦੀ ਸੰਪਾਦਨਾ ਕਰਕੇ ਸਿੱਖਾਂ ਨੂੰ ਧੁਰ ਕੀ ਬਾਣੀ ਨਾਲ ਜੋੜਿਆਂ ਅਤੇ ਪਰੰਪਰਾ ਨੂੰ ਮਜ਼ਬੂਤ ਕੀਤਾ। ਉਨ੍ਹਾਂ ਨੇ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਰਚਨਾ ਨੂੰ ਇਕੱਠਾ ਕੀਤਾ। ਇਸ ਨੇ ਸਿੱਖੀ ਨੂੰ ਇੱਕ ਐਸੀ ਲਿਖਤੀ ਨੀਂਹ ਦਿੱਤੀ, ਜਿਸ ਉੱਤੇ ਅੱਗੇ ਦੀ ਰੂਹਾਨੀ ਪਰੰਪਰਾ ਖੜ੍ਹੀ ਹੋਈ।

ਬਾਣੀ ਸਿੱਖੀ ਵਿੱਚ ਸਿਰਫ਼ ਪਾਠ ਨਹੀਂ, ਜੀਵਨ ਦੀ ਰਾਹਦਾਰੀ ਹੈ। ਗੁਰੂ ਸਾਹਿਬ ਨੇ ਇਹ ਗੱਲ ਕਾਗਜ਼ ਤੇ ਨਹੀਂ, ਸੰਗਤ ਦੇ ਅਭਿਆਸ ਵਿੱਚ ਉਤਾਰੀ।

ਹਰਿਮੰਦਰ ਸਾਹਿਬ ਅਤੇ ਅੰਮ੍ਰਿਤਸਰ ਦੀ ਰੂਹਾਨੀ ਤਾਮੀਰ

ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੀ ਤਰੱਕੀ ਨੂੰ ਨਵਾਂ ਰੂਪ ਦਿੱਤਾ। ਹਰਿਮੰਦਰ ਸਾਹਿਬ ਦੇ ਨਿਰਮਾਣ ਨਾਲ ਸ਼ਹਿਰ ਸਿਰਫ਼ ਕੇਂਦਰ ਨਹੀਂ ਰਿਹਾ, ਉਹ ਸੰਗਤ ਦੀ ਧੜਕਣ ਬਣ ਗਿਆ। ਚਾਰ ਦਰਵਾਜ਼ੇ ਖੁਲ੍ਹੇਪਣ ਦਾ ਸੰਦੇਸ਼ ਦਿੰਦੇ ਹਨ। ਇਹ ਥਾਂ ਹਰ ਵਰਗ, ਹਰ ਦਿਸ਼ਾ ਅਤੇ ਹਰ ਮਨੁੱਖ ਲਈ ਖੁੱਲ੍ਹੀ ਹੈ। ਇਥੇ ਪਵਿੱਤਰਤਾ ਦਾ ਅਰਥ ਬੰਦ ਕਿਲ੍ਹਾ ਨਹੀਂ, ਸਾਂਝੀ ਹਾਜ਼ਰੀ ਹੈ। ਇਹੀ ਕਾਰਨ ਹੈ ਕਿ ਹਰਿਮੰਦਰ ਸਾਹਿਬ ਸਿੱਖੀ ਵਿੱਚ ਬਰਾਬਰੀ ਦਾ ਸਭ ਤੋਂ ਸਪਸ਼ਟ ਚਿੰਨ੍ਹ ਮੰਨਿਆ ਜਾਂਦਾ ਹੈ। ਪਰ ਸਮੇਂ ਦੇ ਨਾਲ ਜਹਾਂਗੀਰ ਦੇ ਰਾਜ ਨਾਲ ਮਾਹੌਲ ਬਦਲਿਆ। ਗੁਰੂ ਅਰਜਨ ਦੇਵ ਜੀ ਦੀ ਵਧਦੀ ਸਾਖ, ਪੰਥ ਦੀ ਮਜ਼ਬੂਤੀ ਅਤੇ ਕੁਝ ਰਾਜਨੀਤਿਕ ਸ਼ੱਕਾਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ। ਲਾਹੌਰ ਵਿੱਚ ਗ੍ਰਿਫ਼ਤਾਰੀ ਹੋਈ, ਧਰਮ ਬਦਲਣ ਦੀ ਮੰਗ ਰੱਖੀ ਗਈ ਅਤੇ ਤਸ਼ੱਦਦ ਨਾਲ ਉਨ੍ਹਾਂ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ। ਪਰ 1606 ਵਿੱਚ ਉਹ ਅਡੋਲ ਰਹੇ। ਇਹ ਸ਼ਹੀਦੀ ਸਿਰਫ਼ ਇੱਕ ਮਨੁੱਖ ਦੀ ਮੌਤ ਨਹੀਂ ਸੀ। ਇਸ ਨੇ ਪੰਥ ਨੂੰ ਇਹ ਸੀਖ ਦਿੱਤੀ ਕਿ ਸੱਚ ਦੀ ਕੀਮਤ ਹੁੰਦੀ ਹੈ, ਅਤੇ ਅਨਿਆਂ ਦੇ ਸਾਹਮਣੇ ਚੁੱਪ ਰਹਿਣਾ ਧਰਮ ਨਹੀਂ। ਤੇਰਾ ਕੀਆ ਮੀਠਾ ਲਾਗੈ÷ ਦਾ ਆਤਮਿਕ ਅਰਥ

ਇਹ ਸਿਰਫ਼ ਇੱਕ ਸ਼ਬਦ ਨਹੀਂ, ਇੱਕ ਮਨ ਦੀ ਅਵਸਥਾ ਹੈ। ਇਸ ਵਿੱਚ ਦੁੱਖ ਨੂੰ ਵੀ ਇਬਾਦਤ ਵਾਂਗ ਸਵੀਕਾਰ ਕਰਨ ਦੀ ਤਾਕਤ ਹੈ। ਗੁਰੂ ਜੀ ਦਾ ਮਨ ਤਕਲੀਫ਼ ਵਿੱਚ ਵੀ ਸ਼ਿਕਾਇਤ ਨਹੀਂ ਕਰਦਾ, ਉਹ ਅਰਦਾਸ ਵਿੱਚ ਰਹਿੰਦਾ ਹੈ।

ਇਸ ਵਾਕ ਵਿੱਚ ਸਹਿਣਸ਼ੀਲਤਾ, ਭਰੋਸਾ ਅਤੇ ਭਗਤੀ ਇਕੱਠੇ ਚਲਦੇ ਹਨ। ਜਿੱਥੇ ਸਰੀਰ ਨੂੰ ਪੀੜ੍ਹਾ ਮਿਲਦੀਆਂ ਹਨ, ਉੱਥੇ ਵੀ ਆਤਮਾ ਦੀ ਨਰਮੀ ਟੁੱਟਦੀ ਨਹੀਂ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖ ਪਛਾਣ ਨੂੰ ਹੋਰ ਸਪਸ਼ਟ ਕੀਤਾ। ਪੰਥ ਨੇ ਸਮਝਿਆ ਕਿ ਰੂਹਾਨੀ ਜੀਵਨ ਅਤੇ ਨਿਆਂ ਦੀ ਰੱਖਿਆ ਇੱਕ ਦੂਜੇ ਤੋਂ ਵੱਖ ਨਹੀਂ। ਇਸ ਘਟਨਾ ਤੋਂ ਬਾਅਦ ਸਿੱਖ ਚੇਤਨਾ ਵਿੱਚ ਅਤਿਆਚਾਰ ਦੇ ਖ਼ਿਲਾਫ਼ ਖੜ੍ਹੇ ਹੋਣ ਦੀ ਸੋਚ ਹੋਰ ਮਜ਼ਬੂਤ ਹੋਈ।

ਲਾਹੌਰ ਦਾ ਗੁਰਦੁਆਰਾ ਡੇਰਾ ਸਾਹਿਬ ਉਹ ਥਾਂ ਹੈ ਜਿੱਥੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਯਾਦ ਕੀਤੀ ਜਾਂਦੀ ਹੈ। ਇੱਥੇ ਪਹੁੰਚਣ ਵਾਲੀ ਸੰਗਤ ਲਈ ਇਹ ਸਿਰਫ਼ ਇੱਕ ਇਮਾਰਤ ਨਹੀਂ, ਸਾਂਝੀ ਵਿਰਾਸਤ ਦਾ ਕੇਂਦਰ ਹੈ। ਸਰਹੱਦ ਪਾਰ ਯਾਤਰਾ ਹੋਵੇ ਜਾਂ ਅੰਤਰਰਾਸ਼ਟਰੀ ਅਰਦਾਸ, ਹਰ ਹਾਜ਼ਰੀ ਇਸ ਯਾਦ ਨੂੰ ਹੋਰ ਵੱਡਾ ਕਰ ਦਿੰਦੀ ਹੈ।

ਇਹ ਥਾਂ ਦੱਸਦੀ ਹੈ ਕਿ ਇਤਿਹਾਸ ਸਰਹੱਦਾਂ ਤੋਂ ਛੋਟਾ ਨਹੀਂ ਹੁੰਦਾ। ਸੰਗਤ ਲਈ ਇਹ ਅਰਦਾਸ ਦਾ ਉਹ ਬਿੰਦੂ ਹੈ ਜਿੱਥੇ ਦਰਦ ਅਤੇ ਸ਼ਾਂਤੀ ਇਕੱਠੇ ਖੜ੍ਹੇ ਰਹਿੰਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਇਕ ਇਤਿਹਾਸਕ ਘਟਨਾ ਤੋਂ ਕਿਤੇ ਵੱਧ ਹੈ। ਇਹ ਸੱਚ, ਸਹਿਣਸ਼ੀਲਤਾ ਅਤੇ ਨਿਸ਼ਕਾਮ ਸੇਵਾ ਦੀ ਜੀਉਂਦੀ ਯਾਦ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰੂ ਅਰਜਨ ਦੇਵ ਜੀ ਨੇ ਤਾਨਾਸ਼ਾਹ ਮੁਗਲ ਬਾਦਸ਼ਾਹ ਦੀ ਤਾਕਤ ਦਾ ਡਟ ਕੇ ਸਾਹਮਣਾ ਕੀਤਾ ਅਤੇ ਬਹਾਦਰੀ, ਹੌਸਲੇ ਦੀ ਇਕ ਉੱਚੀ ਮਿਸਾਲ ਪੇਸ਼ ਕੀਤੀ। ਇਸ ਨਾਲ ਉਨ੍ਹਾਂ ਨੇ ਉਹ ਬੀਜ ਬੀਜਿਆ, ਜਿਸ ਨੇ ਸਿੱਖ ਇਤਿਹਾਸ ਨੂੰ ਇਕ ਨਵਾ ਮੋੜ ਦਿੱਤਾ। ਉਨ੍ਹਾਂ ਦੀ ਅਦੁੱਤੀ ਕੁਰਬਾਨੀ ਸੰਸਾਰ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਨਾਲ ਲਿਖੀ ਗਈ, ਜੋ ਅੱਜ ਤੱਕ ਸਿੱਖ ਜਗਤ ਵਿਚ ਯਾਦ ਹੀ ਨਹੀਂ ਬੱਲਕੇ ਉਹਨਾਂ ਦੀ ਕੁਰਬਾਨੀ ਨੂੰ ਸਾਰੀ ਦੁਨੀਆਂ ਵਿਚ ਮਨਾਇਆ ਜਾਂਦਾ ਹੈ।

ਲੋੜ ਇਹ ਹੈ ਕਿ ਅਸੀਂ ਉਨ੍ਹਾਂ ਦੀ ਬਾਣੀ ਪੜ੍ਹੀਏ, ਉਸ ਬਾਰੇ ਵਿਚਾਰ ਕਰੀਏ ਅਤੇ ਆਪਣੇ ਜੀਵਨ ਵਿੱਚ ਉਸ ਅਨੁਸਾਰ ਚੱਲੀਏ। ਕਈ ਪਾਠਕ ਕਹਿ ਸਕਦੇ ਹਨ ਕਿ ਕਹਿਣਾ ਤੇ ਲਿਖਣਾ ਸੌਖਾ ਹੈ, ਪਰ ਕਰਨਾ ਔਖਾ ਹੈ। ਉਨ੍ਹਾਂ ਲਈ ਬੇਨਤੀ ਹੈ ਕਿ ਇਕ ਵਾਰ ਪੂਰਾ ਯਤਨ ਕਰਨ, ਸ਼ਬਦ ਜਾਂ ਪਾਠ ਸੁਣ ਕੇ ਉਸ @ਤੇ ਸੋਚ-ਵਿਚਾਰ ਕਰਨ।

2026 ਦਾ ਸ਼ਹੀਦੀ ਦਿਹਾੜਾ ਇਤਿਹਾਸ, ਰਿਵਾਇਤ ਅਤੇ ਆਧੁਨਿਕ ਸੰਗਤ ਨੂੰ ਇਕੋ ਧਾਗੇ ਵਿੱਚ ਜੋੜਦਾ ਹੈ। 18 ਜੂਨ ਦੀ ਇਹ ਯਾਦ ਦੱਸਦੀ ਹੈ ਕਿ ਬਾਣੀ, ਬਰਦਾਸ਼ਤ ਅਤੇ ਬਲੀਦਾਨ ਸਿੱਖੀ ਵਿੱਚ ਅਜੇ ਵੀ ਇਕੱਠੇ ਸਾਹ ਲੈਂਦੇ ਹਨ।

ਸੁਰਜੀਤ ਸਿੰਘ ਫਲੋਰਾ
647-829-9397

# ਬੱਚਿਆਂ ਵਿਚ ਸਮਾਜਿਕ ਗੁਣਾ ਦਾ ਵਿਕਾਸ ਜ਼ਰੂਰੀ

ਪੜ੍ਹਾਈ ਦੇ ਨਾਲ ਹੀ ਬੱਚਿਆਂ ਦੇ ਸੰਪੂਰਨ ਵਿਕਾਸ ਦੇ ਲਈ ਉਨ੍ਹਾਂ ’ਚ ਸਮਾਜਿਕ ਗੁਣਾਂ ਦਾ ਵਿਕਾਸ ਵੀ ਜਰੂਰੀ ਹੈ। ਬੱਚੇ ਨੂੰ ਸਮਾਜਕ ਬਣਾਉਣ ਦੇ ਲਈ ਗੱਲਬਾਤ ਦੀ ਕਲਾ ਅਤੇ ਭਾਵਨਾਤਮਕ ਸੰਜਮ ਦੀ ਜ਼ਰੂਰੀ ਹੁੰਦੀ ਹੈ। ਇਨ੍ਹਾਂ ਗੁਣਾਂ ਨੂੰ ਵਿਕਸਤ ਕਰਨ ਦੀ ਜਿੰਮੇਵਾਰੀ ਮਾਪਿਆਂ ਦੀ ਹੁੰਦੀ ਹੈ ਪਰ ਮਾਪਿਆਂ ਦੇ ਸਾਹਮਣੇ ਅਹਿਮ ਸਮੱਸਿਆ ਇਹ ਹੁੰਦੀ ਹੈ ਕਿ ਇਨ੍ਹਾਂ ਗੁਣਾਂ ਨੂੰ ਕਿਸ ਤਰ੍ਹਾਂ ਨਾਲ ਵਿਕਸਤ ਕੀਤਾ ਜਾਵੇ ? ਇਸ ਲੇਖ ’ਚ ਅਸੀਂ ਕੁਝ ਅਜਿਹੀਆਂ ਹੀ ਅਹਿਮ ਗੱਲਾਂ ’ਤੇ ਚਰਚਾ ਕਰਾਂਗੇ ਜਿਨ੍ਹਾਂ ਨੂੰ ਧਿਆਨ ’ਚ ਰੱਖ ਕੇ ਤੁਸੀਂ ਬੱਚੇ ਨੂੰ ਤੇਜ ਬਣਾ



ਸਕਦੇ ਹੋਂ।ਮਾਹਿਰਾਂ ਦੇ ਅਨੁਸਾਰ ਬੱਚੇ ਜਨਮ ਤੋਂ ਹੀ ਸਮਾਜਿਕ ਹੁੰਦੇ ਹਨ। ਉਨ੍ਹਾਂ ’ਚ ਕੁਦਰਤੀ ਰੂਪ ਤੋਂ ਹੀ ਸਮਾਜਿਕ ਹੋਣ ਦਾ ਗੁਣ ਹੁੰਦਾ ਹੈ ਇਸਲਈ ਉਨ੍ਹਾਂ ਦਾ ਸਭ ਤੋਂ ਪਹਿਲਾਂ ਸਮਾਜਕ ਲਗਾਅ ਆਪਣੇ ਮਾਤਾ ਪਿਤਾ ਨਾਲ ਹੁੰਦਾ ਹੈ ਜੋ ਉਨ੍ਹਾਂ ਲਈ ਭਾਵਨਾਤਮਕ ਮਾਰਗਦਰਸ਼ਕ ਦਾ ਰੋਲ ਅਦਾ ਕਰਦਾ ਹੈ। ਇਹੋ ਭਾਵਨਾਤਮਕ ਲਗਾਅ ਬੱਚਿਆਂ ’ਚ ਭਾਵਨਾਤਮਕ ਸੰਜ਼ਮ ਅਤੇ ਗੱਲਬਾਤ ਕਰਨ ਦੀ ਕਲਾ ਵਿਕਸਤ ਕਰਦਾ ਹੈ, ਜੋ ਉਨ੍ਹਾਂ ਨੂੰ ਸਮਾਜਿਕ ਬਣਾਉਣ ’ਚ ਮਦਦ ਕਰਦਾ ਹੈ। ਇਸੇ ਲਈ ਇਹ ਸ਼ੁਰੂਆਤ ਜਲਦੀ ਕਰ ਦੇਣੀ ਚਾਹੀਦੀ ਹੈ। ਬੱਚਿਆਂ ਨੂੰ ਅਲੱਗ-ਅਲੱਗ ਤਰ੍ਹਾਂ ਨਾਲ ਖੇਡਾਂ ’ਚ ਸ਼ਾਮਲ ਕਰੋ। ਉਥੇ ਤੁਹਾਡਾ ਬੱਚਾ ਆਪਣੇ ਹਮਉਮਰ ਬੱਚਿਆਂ ਦੇ ਨਾਲ ਅਰਾਮਦਾਇਕ ਮਹਿਸੂਸ ਕਰੇਗਾ। ਇਹਨਾਂ ਖੇਡਾਂ ਦੇ ਜ਼ਰੀਏ ਬੱਚਾ ਦੂਜੇ ਬੱਚਿਆਂ ਦੇ ਨਾਲ ਜੁੜੇਗਾ। ਇਸ ਦੌਰਾਨ ਉਹ ਆਪਣੇ ਆਪ ਨੂੰ ਅਜ਼ਾਦ ਮਹਿਸੂਸ ਕਰੇਗਾ ਜਿਸ ਕਰਕੇ ਬੱਚੇ ਦਾ ਸਮਾਜਿਕ ਵਿਕਾਸ ਤੇਜੀ ਨਾਲ ਹੋਵੇਗਾ।ਬੱਚਿਆਂ ਨੂੰ ਖਿਡੌਣਿਆਂ ’ਚ ਵਿਅਸਤ ਰੱਖਣ ਦੀ ਥਾਂ ਬਾਹਰ ਖੇਡਾਂ ਖੇਡਣ ਦੇ ਲਈ ਪ੍ਰੇਰਿਤ ਕਰੋ। ਬਾਹਰੀ ਖੇਡਾਂ ਖੇਡਦੇ ਹੋਏ ਉਹ ਹੋਰ ਬੱਚਿਆਂ ਦੇ ਸੰਪਰਕ ’ਚ ਆਵੇਗਾ ਅਤੇ ਨਵੀਆਂ ਨਵੀਆਂ ਗੱਲਾਂ ਸਿੱਖੇਗਾ ਅਤੇ ਉਸਦੇ ਮਾਨਸਿਕ ਵਿਕਾਸ ’ਚ ਵੀ ਵਾਧਾ ਹੋਵੇਗਾ। ਖੇਡਾਂ ਦੇ ਦੌਰਾਨ ਆਪਣੇ ਬੱਚੇ ਨੂੰ ਖਿਡੌਣੇ ਜਾਂ ਖਾਣ ਦੀ ਚੀਜਾਂ ਵੰਡ ਕੇ ਇਸਤਮਾਲ ਕਰਨ ਨੂੰ ਕਹੋ।ਉਸ ਨੂੰ ਸਾਂਝਾ ਕਰਨ ਦਾ ਮਹੱਤਵ ਸਮਝਾਓ। ਬੱਚਿਆਂ ’ਤੇ ਹੋਈਆਂ ਬਹੁਤ ਸਾਰੀਆਂ ਸੋਧਾਂ ’ਚ ਇਹ ਗੱਲ ਸਾਬਤ ਹੋਈ ਹੈ ਕਿ ਜੋ ਮਾਪੇ ਆਪਣੇ ਬੱਚਿਆਂ ਦੇ ਨਾਲ ਬਹੁਤ ਜਿਆਦਾ ਗੱਲਬਾਤ ਜਾਂ ਵਿਚਾਰ ਸਾਂਝੇ ਕਰਦੇ ਹਨ ਉਨ੍ਹਾਂ ਬੱਚਿਆਂ ਦਾ ਸਮਾਜਿਕ ਵਿਕਾਸ ਤੇਜੀ ਨਾਲ ਹੁੰਦਾ ਹੈ। ਸਮੇਂ ਦੇ ਨਾਲ ਨਾਲ ਉਨ੍ਹਾਂ ਬੱਚਿਆਂ ’ਚ ਬਿਹਤਰ ਤਰੀਕੇ ਨਾਲ ਗੱਲਬਾਤ ਕਰਨ ਦੀ ਕਲਾ ਵੀ ਵਿਕਸਤ ਹੁੰਦੀ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੇ ਨਾਲ ਹਮੇਸ਼ਾ ਅੱਖ ’ਚ ਅੱਖ ਪਾਕੇ ਗੱਲਬਾਤ ਕਰਨ। ਜਦੋਂ ਵੀ ਬੱਚੇ ਦੂਜੇ ਲੋਕਾਂ ਨਾਲ ਗੱਲਬਾਤ ਕਰਨ ਤਾਂ ਉਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣੋ।ਸਭ ਤੋਂ ਪਹਿਲਾ ਅਤੇ ਅਹਿਮ ਕੰਮ ਹੈ ਕਿ ਬੱਚਿਆਂ ’ਚ ਨਕਰਾਮਕਤਾ ਹਾਵੀ ਨਾ ਹੋਣ ਦਿਓ।ਬੱਚਿਆਂ ਦੇ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦੇ ਵਿਚਾਰਾਂ ਅਤੇ ਇੱਛਾ ਨੂੰ ਜਾਣਨ ਦੀ ਕੋਸ਼ਿਸ਼ ਕਰੋ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰੋ। ਅਲੱੜ੍ਹ ਉਮਰ ਦੇ ਬੱਚਿਆਂ ’ਤੇ ਨਜਰ ਜ਼ਰੂਰ ਰੱਖਣੀ ਚਾਹੀਦੀ ਹੈ ਪਰ ਹਰ ਵਕਤ ਉਨ੍ਹਾਂ ਦੇ ਆਲੇਦੁਆਲੇ ਮੰਡਰਾਉਣ ਦੀ ਕੋਸ਼ਿਸ਼ ਨਾ ਕਰੋ। ਬੱਚਿਆਂ ਨੂੰ ਵੀ ਆਪਣੇ ਇਕ ਨਿੱਜੀ ਸਮੇਂ ਦੀ ਜ਼ਰੂਰਤ ਹੁੰਦੀ ਹੈ।ਉਮਰ ਵਧਣ ਦੇ ਨਾਲ ਨਾਲ ਉਨ੍ਹਾਂ ’ਚ ਵੀ ਸਮਝਦਾਰੀ ਆਉਣ ਲੱਗਦੀ ਹੈ।ਜਿਆਦਾ ਰੋਕ ਟੋਕ ਕਰਨ ਦੀ ਥਾਂ ਉਨ੍ਹਾਂ ਨੂੰ ਆਪਣੇ ਫੈਸਲੇ ਲੈਣ ਦਿਓ, ਸਗੋਂ ਫੈਸਲੇ ਲੈਣ ’ਚ ਉਨ੍ਹਾਂ ਦੀ ਮਦਦ ਵੀ ਕਰੋ। ਜੋ ਮਾਪੇ ਹਰ ਵਕਤ ਆਪਣੇ ਬੱਚਿਆਂ ਦੇ ਆਲੇ ਦੁਆਲੇ ਮੰਡਰਾਉਂਦੇ ਰਹਿੰਦੇ ਹਨ ਉਹ ਆਪਣੇ ਬੱਚਿਆਂ ’ਚ ਸਮਾਜਿਕ ਹੁਨਰ ਵਿਕਸਤ ਨਹੀਂ ਹੋਣ ਦਿੰਦੇ। ਜਿਨ੍ਹਾਂ ਮਾਪਿਆਂ ਦੇ ਪਾਲਣ-ਪੋਸ਼ਣ ਦੀ ਸ਼ੈਲੀ ’ਚ ਬੱਚਿਆਂ ’ਤੇ ਕੰਟਰੋਲ ਜਿਆਦਾ ਪਰ ਪਿਆਰ ਘੱਟ ਹੁੰਦਾ ਹੈ, ਉਨ੍ਹਾਂ ਦੇ ਬੱਚੇ ਜਿਆਦਾ ਸਮਾਜਿਕ ਨਹੀਂ ਹੁੰਦੇ।ਅਧਿਅਨਾਂ ਨੇ ਸਿੱਧ ਕੀਤਾ ਹੈ ਕਿ ਬੱਚਿਆਂ ’ਤੇ ਦਬਦਬਾ ਰੱਖਣ ਵਾਲੇ ਮਾਪਿਆਂ ਦੇ ਬੱਚੇ ਅੰਤਰਮੁਖੀ ਹੁੰਦੇ ਹਨ ਅਤੇ ਉਨ੍ਹਾਂ ਦੇ ਬਹੁਤ ਘੱਟ ਦੋਸਤ ਹੁੰਦੇ ਹਨ। ਅਜਿਹੇ ਮਾਪੇ ਆਪਣੇ ਬੱਚਿਆਂ ਨੂੰ ਆਪਸੀ ਗੱਲਬਾਤ ਕਰਨ ਤੋਂ ਨਿਰਾਸ਼ ਕਰਦੇ ਹਨ। ਸਮੇਂ ਦੇ ਨਾਲ ਅਜਿਹੇ ਬੱਚੇ ਅਨੁਸ਼ਾਸਨਹੀਣ, ਬਾਗੀ ਅਤੇ ਵਧੇਰੇ ਹਮਲਾਵਰ ਬਣ ਜਾਂਦੇ ਹਨ। ਸਮੇਂ ਸਿਰ ਬੱਚਿਆਂ ਦੇ ਦੋਸਤਾਂ ਬਾਰੇ ਪੂਰੀ ਜਾਣਕਾਰੀ ਰੱਖੋ ਤਾਂ ਕਿ ਉਹ ਗਲਤ ਸੰਗਤ ਦੇ ਸ਼ਿਕਾਰ ਨਾ ਹੋ ਸਕਣ।ਬੱਚਿਆਂ ਵਿਚ ਬਾਹਰਲੇ ਲੋਕਾਂ ਨੂੰ ਸਮਝਣ ਦੀ ਕਲਾ ਵਿਕਸਤ ਕਰੋ ਤਾਂਕਿ ਉਹ ਧੋਖੇਬਾਜੀ ਦੇ ਸ਼ਿਕਾਰ ਹੋਣ ਤੋਂ ਬਚ ਸਕਣ।

ਹਰਪ੍ਰੀਤ ਸਿੰਘ ਬਰਾੜ
ਸਿਹਤ ,ਸਿੱਖਿਆ ਅਤੇ ਸਮਾਜਿਕ ਲੇਖਕ
ਮੇਨ ਏਅਰ ਫੋਰਸ ਰੋਡ ,ਬਠਿੰਡਾ

# ਰੱਬ ਨਾਲ ਯਾਰੀ...!!!

ਡਾ. ਨਿਸ਼ਾਨ ਸਿੰਘ ਰਾਠੌਰ
ਸੰਪਰਕ: 90414-98009

ਇਹ ਗੱਲ ਪਿਛਲੇ ਸਾਲ 2025 ਦੀ ਹੈ। ਫ਼ੌਜ ਵਿੱਚ ਸਰਵਿਸ ਕਰਦਿਆਂ ਮੈਨੂੰ ਬਹੁਤ ਵਾਰ ਟਰੇਨ ਦਾ ਸਫ਼ਰ ਕਰਨਾ ਪੈਂਦਾ ਹੈ। ਦਸੰਬਰ ਮਹੀਨੇ ਜੰਮੂ ਵਿਖੇ ਡਿਉਟੀ ਤੇ ਹਾਜ਼ਰ ਹੋਣ ਲਈ ਮੈਂ ਅੰਬਾਲਿਓਂ 'ਵੰਦੇ ਭਾਰਤ' ਟਰੇਨ ਵਿੱਚ ਸੀਟ ਬੁਕ ਕਰਵਾਈ ਹੋਈ ਸੀ। ਅਸਲ ਵਿੱਚ ਲੇਹ-ਲੱਦਾਖ ਤੋਂ ਲੈ ਕੇ ਪੁਣਛ-ਰਾਜੌਰੀ ਤਕ ਦੇ ਇਲਾਕਿਆਂ ਵਿੱਚ ਤੈਨਾਤ ਫ਼ੌਜੀ ਜਵਾਨਾਂ ਨੂੰ ਪਹਿਲਾਂ ਜੰਮੂ ਸ਼ਹਿਰ ਵਿਖੇ ਹੀ ਹਾਜ਼ਰ ਹੋਣਾ ਪੈਂਦਾ ਹੈ। ਹਾਂ, ਕਦੇ-ਕਦੇ ਚੰਡੀਗੜ੍ਹ ਜਾਂ ਦਿੱਲੀ ਲਈ ਵੀ ਹੁਕਮ ਹੋ ਜਾਂਦਾ ਹੈ। ਪਰ ਬਹੁਤੀ ਵਾਰ ਫ਼ੌਜੀ ਜਵਾਨ ਜੰਮੂ ਵਿਖੇ ਹੀ ਹਾਜ਼ਰ ਹੁੰਦੇ ਹਨ। ਖ਼ੈਰ,

ਜੰਮੂ ਵਿਖੇ ਹਾਜ਼ਰ ਹੋਣ ਲਈ ਮੈਂ ਅੰਬਾਲਾ ਛਾਉਣੀ ਤੋਂ 'ਵੰਦੇ ਭਾਰਤ' ਟਰੇਨ ਵਿੱਚ ਸਵਾਰ ਹੋ ਗਿਆ। ਰੇਲਗੱਡੀ 'ਚ ਬੈਠਦਿਆਂ ਹੀ ਘਰ ਆਪਣੀ ਪਤਨੀ ਨੂੰ ਫੋਨ ਲਾ ਲਿਆ ਅਤੇ ਗੱਡੀ ਵਿੱਚ ਬੈਠਣ ਅਤੇ ਗੱਡੀ ਦੇ ਤੁਰਨ ਬਾਰੇ ਦੱਸ ਦਿੱਤਾ। ਫੇਰ ਇੱਕ-ਦੋ ਹੋਰ ਦੋਸਤਾਂ-ਮਿੱਤਰਾਂ ਦੇ ਫੋਨ ਆ ਗਏ। ਮੈਂ ਆਪਣੇ ਦੋਸਤਾਂ ਨਾਲ ਗੱਲਬਾਤ ਵਿੱਚ ਰੁੱਝਾ ਸਾਂ। ਮੇਰਾ ਧਿਆਨ ਇੱਧਰ-ਉੱਧਰ ਘੱਟ ਹੀ ਸੀ। ਅਸਲ ਵਿੱਚ ਘਰ ਛੱਡ ਕੇ ਜਾਣ ਕਰਕੇ ਮਨ ਰਤਾ ਉਦਾਸ ਹੁੰਦਾ ਹੈ। ਇਹ ਹਰ ਵਾਰ ਦਾ ਵਰਤਾਰਾ ਹੁੰਦਾ ਹੈ। ਪਤਾ ਹੁੰਦਾ ਹੈ ਕਿ ਹੁਣ ਤਿੰਨ-ਚਾਰ ਮਹੀਨੇ ਫੇਰ ਜੰਗਲ, ਬਰਫ ਅਤੇ ਪਹਾੜ 'ਤੇ ਰਹਿਣਾ ਪੈਣਾ ਹੈ। ਖ਼ੈਰ, ਇਹ ਫ਼ੌਜੀ ਜ਼ਿੰਦਗੀ ਹੈ ਇਹ ਇੰਝ ਹੀ ਤੁਰੀ ਜਾਂਦੀ ਹੈ। ਰਾਜਪੁਰਾ ਲੰਘ ਕੇ ਟਰੇਨ ਜਦੋਂ ਸਰਹਿੰਦ ਦੇ ਨੇੜੇ ਪਹੁੰਚੀ ਤਾਂ ਮੈਂ ਇਹ ਮਹਿਸੂਸ ਕੀਤਾ ਕਿ ਮੇਰੇ ਨਾਲ ਵਾਲੀ ਸੀਟ ਦੇ ਬੈਠੇ ਸਖਸ਼ ਨੂੰ ਟਰੇਨ ਵਿੱਚ ਬੈਠੇ ਬਹੁਤੇ ਯਾਤਰੀ (ਖਾਸ ਕਰਕੇ ਬੀਬੀਆਂ ਅਤੇ ਬੱਚੇ) ਮੱਥਾ ਟੇਕ ਕੇ ਲੰਘ ਰਹੇ ਹਨ। ਕੋਈ ਉਨ੍ਹਾਂ ਨੂੰ ਝੁਕ ਕੇ ਨਮਸਕਾਰ ਕਰਦਾ ਅਤੇ ਕੋਈ ਮੁਸਕਰਾ ਦੇ ਉਨ੍ਹਾਂ ਦੇ ਕੋਲੋਂ ਲੰਘਦਾ। ਉਹ ਤਕਰੀਬਨ 70 ਕੁ ਸਾਲ ਦੇ ਬਜ਼ੁਰਗ ਵਿਅਕਤੀ ਸਨ। ਉਨ੍ਹਾਂ ਇੱਕ-ਦੋ ਵਾਰ ਮੇਰੇ ਵੱਲ ਮੁਸਕਰਾ ਕੇ ਵੇਖਿਆ। ਮੈਂ ਵੀ ਹਲਕੀ ਜਿਹੀ ਮੁਸਕਰਾਹਟ ਨਾਲ ਉਨ੍ਹਾਂ ਦਾ ਸਤਿਕਾਰ ਕੀਤਾ। ਉਹ ਮੇਰੇ ਨਾਲ ਗੱਲ ਕਰਨ ਦੇ ਚਾਹਵਾਨ ਲੱਗਦੇ ਸਨ ਪਰ ਮੈਂ ਫੋਨ ਤੇ ਆਪਣੇ ਦੋਸਤਾਂ ਨਾਲ ਗੱਲਾਂ ਵਿੱਚ ਮਸਤ ਸਾਂ।

ਮੇਰਾ ਇੱਕ ਦੋਸਤ ਫੋਨ ਤੇ ਕੋਈ ਹਾਸੇ ਵਾਲੀ ਗੱਲ ਸੁਣਾ ਰਿਹਾ ਸੀ। ਮੈਂ ਵੀ ਹੱਸ ਕੇ ਉਸਦੀ ਗੱਲ ਵਿੱਚ ਕੋਈ ਹੋਰ ਗੱਲ ਜੋੜੀ ਤਾਂ ਉਹ ਬਾਬਾ ਜੀ ਵੀ ਹੱਸ ਪਏ। ਫੇਰ ਮੈਨੂੰ ਅਹਿਸਾਸ ਹੋਇਆ ਕਿ ਉਹ ਪੰਜਾਬੀ ਵੀ ਸਮਝ ਸਕਦੇ ਹਨ। ਫੋਨ ਕੱਟ ਕੇ ਮੈਂ ਉਨ੍ਹਾਂ ਨੂੰ ਨਮਸਕਾਰ ਕੀਤੀ। ਕਹਿੰਦੇ, 'ਸਰਦਾਰ ਜੀ, ਤੁਹਾਡੀ ਗੱਲ ਬਹੁਤ ਮਜ਼ੇਦਾਰ ਸੀ।' ਮੈਂ ਸ਼ੁਕਰੀਆ ਕਹਿ ਕੇ ਪੁੱਛਿਆ, 'ਪੰਜਾਬੀ ਵੀ ਸਮਝ ਲੈਂਦੇ ਹੋ?'

ਉਹ ਕਹਿੰਦੇ, 'ਮੇਰੇ ਬਹੁਤ ਸਾਰੇ ਸ਼ਿੱਸ਼ (ਭਗਤ) ਪੰਜਾਬੀ ਲੋਕ ਹੀ ਹਨ।'

ਮੈਂ ਪੁੱਛਿਆ, 'ਕਿਸੇ ਡੇਰੇ ਦੇ ਆਗੂ ਹੋ ਜਾਂ ਕੋਈ ਸੰਸਥਾ ਚਲਾਉਂਦੇ ਹੋ?'

ਉਹ ਮੁਸਕਰਾ ਕੇ ਕਹਿੰਦੇ, 'ਟਰੇਨ ਦੇ ਇਸ ਡੱਬੇ ਵਿੱਚ ਬਹੁਤੇ ਮੇਰੇ ਭਗਤ-ਮਿੱਤਰ ਹਨ ਅਤੇ ਮੈਂ ਇਨ੍ਹਾਂ ਨੂੰ ਇੱਕ ਧਾਰਮਿਕ ਸਮਾਗਮ ਤੇ ਜੰਮੂ ਲੈ ਕੇ ਜਾ ਰਿਹਾ ਹਾਂ।'

ਮੈਂ ਕਿਹਾ, 'ਚੰਗੀ ਗੱਲ ਹੈ। ਲੋਕਾਂ ਨੂੰ ਕਰਮ-ਧਰਮ ਨਾਲ ਜੋੜਨਾ ਚਾਹੀਦਾ ਹੈ।'

ਉਹ ਅੱਗਿਓਂ ਕਹਿੰਦੇ, 'ਸਰਦਾਰ ਜੀ, ਤੁਸੀਂ ਬਹੁਤ ਵਧੀਆ ਗੱਲ ਕਰ ਰਹੇ ਸੀ।'

ਮੈਂ ਕਿਹਾ, 'ਬਾਬਾ ਜੀ ਇਹ ਮੇਰੇ ਮਿੱਤਰ ਹਨ। ਮੇਰੇ ਡਿਉਟੀ ਜਾਣ ਦੀ ਇਨ੍ਹਾਂ ਨੂੰ ਵੀ ਤਕਲੀਫ਼ ਹੁੰਦੀ ਹੈ। ਹੁਣ ਅਗਲੀ ਛੁੱਟੀ ਤੱਕ ਇੰਤਜ਼ਾਰ ਕਰਨਾ ਪੈਣਾ ਹੈ ਤਾਂ ਹੀ ਹਾਸੇ ਵਾਲੀਆਂ ਗੱਲਾਂ ਕਰਕੇ ਮੇਰੀ ਉਦਾਸੀ ਨੂੰ ਦੂਰ ਕਰਨ ਦਾ ਯਤਨ ਕਰ ਰਹੇ ਸਨ।'

ਇਹ ਗੱਲ ਸੁਣ ਕੇ ਉਹ ਬਜ਼ੁਰਗ ਬਾਬਾ ਜੀ ਕਹਿੰਦੇ, 'ਮੈਨੂੰ ਆਪਣੀ ਜਵਾਨੀ ਦੇ ਦਿਨ ਚੇਤੇ ਆ ਗਏ ਜਦੋਂ ਮੈਂ ਆਪਣੇ ਘਰ ਤੋਂ ਦਿੱਲੀ ਪੜ੍ਹਣ ਜਾਂਦਾ ਹੁੰਦਾ ਸਾਂ।'

ਇੰਨੀ ਗੱਲਬਾਤ ਹੋਣ ਤੋਂ ਬਾਅਦ ਮੈਂ ਉਨ੍ਹਾਂ ਨਾਲ ਰਤਾ ਖੁੱਲ੍ਹ ਗਿਆ ਸਾਂ ਇਸੇ ਲਈ ਮੈਂ ਸਿੱਧਾ ਹੀ ਪੁੱਛ ਲਿਆ, 'ਫੇਰ ਇਹ 'ਕਰਮ-ਧਰਮ' ਵਾਲਾ ਕੰਮ ਵਿੱਚ ਕਿਵੇਂ ਆ ਗਏ?' ਉਹ ਗੁੱਸੇ ਨਹੀਂ ਹੋਏ ਅਤੇ ਨਾ ਹੀ ਮੱਥੇ ਤੇ ਕੋਈ ਵੱਟ ਪਾਇਆ ਬਲਕਿ ਸਹਿਜਤਾ ਨਾਲ ਕਹਿੰਦੇ, 'ਬੇਟਾ ਜੀ, ਲੋਕ ਤੁਹਾਨੂੰ ਖੁਦ ਹੀ ਰੱਬ ਬਣਾ ਦਿੰਦੇ ਹਨ। ਭਾਵੇਂ ਤੁਹਾਡੇ ਅੰਦਰ ਉਹ ਕਾਬਲੀਅਤ ਹੋਵੇ ਤੇ ਭਾਵੇਂ ਨਾ। ਤੁਸੀਂ ਉਸ ਵਿੱਚ ਕੁਝ ਨਹੀਂ ਕਰ ਸਕਦੇ!!!' ਇਹ ਸੁਣ ਕੇ ਮੈਨੂੰ ਰਤਾ ਅਚੰਭਾ ਹੋਇਆ। ਉਨ੍ਹਾਂ ਨੇ ਮੇਰਾ ਹੱਥ ਆਪਣੇ ਹੱਥ ਵਿੱਚ ਫੜ ਕੇ ਘੁੱਟਿਆ ਅਤੇ ਮੁਸਕਰਾ ਦੇ ਕਿਹਾ, 'ਬੇਟਾ ਜੀ, ਅੱਜ ਦੇ ਦੌਰ ਵਿੱਚ ਲੋਕ ਇੰਨੇ ਜ਼ਿਆਦਾ ਦੁਖੀ ਅਤੇ ਪਰੇਸ਼ਾਨ ਹਨ ਕਿ ਉਨ੍ਹਾਂ ਨੂੰ ਕਿਸੇ ਸਹਾਰੇ ਦੀ ਲੋੜ ਹੁੰਦੀ ਹੈ। ਜਦੋਂ ਇਹ ਸਹਾਰਾ ਤੁਹਾਡੇ ਕੋਲੋਂ ਮਿਲ ਜਾਂਦਾ ਹੈ ਤਾਂ ਲੋਕ ਤੁਹਾਡੇ ਸ਼ਰਧਾਲੂ ਬਣ ਜਾਂਦੇ ਹਨ, ਭਗਤ-ਮਿੱਤਰ ਬਣ ਜਾਂਦੇ ਹਨ।' ਮੈਂ ਹਾਮੀ ਵਿੱਚ ਸਿਰ ਹਿਲਾਇਆ। ਆਪਣੀ ਗੱਲ਼ ਜ਼ਾਰੀ ਰੱਖਦਿਆਂ ਉਨ੍ਹਾਂ ਕਿਹਾ, 'ਹਾਂ, ਮੈਂ ਮੰਨਦਾ ਹਾਂ ਕਿ ਬਹੁਤੀ ਵਾਰ ਆਮ ਲੋਕ ਠੱਗੀ ਦਾ ਸ਼ਿਕਾਰ ਹੋ ਜਾਂਦੇ ਹਨ ਪਰ ਫੇਰ ਵੀ ਮਾਨਸਿਕ ਸਕੂਨ ਦੀ ਤਲਾਸ਼ ਵਿੱਚ ਲੋਕ ਭਟਕਦੇ ਫਿਰਦੇ ਹਨ। ਅੱਜ ਬਹੁਤੇ ਲੋਕਾਂ ਨੂੰ ਮਾਨਸਿਕ ਸਹਾਰੇ ਦੀ ਲੋੜ ਹੈ ਕਿਉਂਕਿ ਸ਼ਹਿਰੀ ਜ਼ਿੰਦਗੀ ਨੇ ਬੰਦੇ ਕੋਲੋਂ ਸਾਂਝੇ ਪਰਿਵਾਰ ਖੋਹ ਲਏ ਹਨ। ਹੁਣ ਵਿਅਕਤੀ ਆਪਣੇ ਦੁੱਖ ਨੂੰ ਆਪਣੇ ਵੱਡੇ-ਵਡੇਰਿਆਂ ਨੂੰ ਨਹੀਂ ਦੱਸਦਾ ਬਲਕਿ ਕਿਸੇ ਅਜਿਹੇ ਸਖਸ਼ ਦੀ ਭਾਲ ਵਿੱਚ ਰਹਿੰਦਾ ਹੈ ਜੋ ਉਸ ਨੂੰ ਇਸ ਦੁਖ ਤੋਂ ਨਿਜਾਤ ਦਿਵਾ ਦੇਵੇ।' ਮੈਂ ਕਿਹਾ, 'ਬਿਲਕੁਲ ਠੀਕ ਕਿਹਾ ਤੁਸੀਂ। ਆਪਣੀਆਂ ਜੜਾਂ ਨਾਲੋਂ ਟੁੱਟ ਕੇ ਬੰਦਾ ਹੋਰ ਸਹਾਰੇ ਭਾਲਦੇ ਫਿਰਦਾ ਹੈ।' ਉਹ ਮੁਸਕਰਾ ਕੇ ਕਹਿੰਦੇ, 'ਬਿਲਕੁਲ ਠੀਕ ਕਿਹਾ ਬੇਟਾ ਜੀ।'

ਮੈਂ ਉਨ੍ਹਾਂ ਨਾਲ ਗੱਲਾਂ ਲੱਗਾਂ ਸਾਂ ਕਿ ਮੈਨੂੰ ਮਹਿਸੂਸ ਹੋਇਆ ਕਿ ਹੁਣ ਟਰੇਨ ਵਿੱਚ ਘੁੰਮਦੇ ਕੁਝ ਲੋਕ ਉਸ ਬਾਬਾ ਜੀ ਦੇ ਨਾਲ-ਨਾਲ ਮੈਨੂੰ ਵੀ ਨਮਸਕਾਰ ਕਰ ਰਹੇ ਸਨ। ਮੈਂ ਥੋੜ੍ਹੀ ਝਿਜਕ ਮਹਿਸੂਸ ਕੀਤੀ। ਬਜ਼ੁਰਗ ਬਾਬਾ ਜੀ ਨੇ ਇਹ ਸਭ ਵੇਖ ਲਿਆ। ਉਨ੍ਹਾਂ ਮੇਰਾ ਹੱਥ ਫੜਿਆ ਤੇ ਕਿਹਾ, 'ਬੇਟਾ ਜੀ ਘਬਰਾਓ ਨਾ; ਹੁਣ ਤੁਹਾਡੀ ਯਾਰੀ 'ਰੱਬ' ਨਾਲ ਪੈ ਗਈ ਹੈ।'

ਆਖ ਕੇ ਉਹ ਉੱਚੀ ਹੱਸ ਪਏ।

ਮੇਰੇ ਕੰਨਾਂ ਵਿੱਚ ਖ਼ੌਰੇ ਕਿੱਧਰੋਂ ਆਵਾਜ਼ ਆਈ।

ਹਰੀ ਓਮ... ਜੈ ਬਾਬਾ ਜੀ ਕੀ ਜੈ...!!!

ਜਿਉਂਦੇ-ਵੱਸਦੇ ਰਹੋ ਸਾਰੇ।




# ਕਹਾਣੀ ਪਛਾਣ

ਮਨਜੀਤ ਮਾਨ
ਮੋਬਾਈਲ 7009898044

ਜੂਨ ਚੁਰਾਸੀ ਦੇ ਸ਼ੁਰੂਆਤੀ ਦਿਨ ਸਨ ਅੰਮ੍ਰਿਤਸਰ ਦੀਆਂ ਗਲੀਆਂ ਵਿੱਚ ਹਵਾ ਆਮ ਵਰਗੀ ਨਹੀਂ ਸੀ। ਹਵਾ ਵਿੱਚ ਇੱਕ ਅਜੀਬ ਜਿਹੀ ਘੁਟਣ, ਡਰ ਅਤੇ ਬਾਰੂਦ ਦੀ ਮਹਿਕ ਘੁਲੀ ਹੋਈ ਸੀ। ਸ਼ਹਿਰ ਦੇ ਦਿਲ ਵਿੱਚ ਸਥਿਤ ਸ੍ਰੀ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਫੌਜੀ ਗਤੀਵਿਧੀਆਂ ਵਧ ਚੁੱਕੀਆਂ ਸਨ। ਕਰਫ਼ ?ਊ ਲੱਗਣ ਦੀਆਂ ਅਫ਼ਵਾਹਾਂ ਜ਼ੋਰਾਂ 'ਤੇ ਸਨ। ਜਗਮੀਤ ਸਿੰਘ ਆਪਣੇ ਘਰ ਦੇ ਵਿਹੜੇ ਵਿੱਚ ਬੈਠਾ ਅਖ਼ਬਾਰ ਦੀਆਂ ਸੁਰਖੀਆਂ 'ਤੇ ਚਿੰਤਾ ਨਾਲ ਨਜ਼ਰ ਮਾਰ ਰਿਹਾ ਸੀ। ਉਸਦੀ ਪਤਨੀ, ਜਸਵੀਰ ਕੌਰ, ਰਸੋਈ ਵਿੱਚੋਂ ਚਾਹ ਦੀ ਕੇਤਲੀ ਲੈ ਕੇ ਆਈ। ਉਸਦੇ ਚਿਹਰੇ 'ਤੇ ਵੀ ਉਹੀ ਚਿੰਤਾ ਸਾਫ਼ ਦਿਖਾਈ ਦੇ ਰਹੀ ਸੀ।

ਸੁਣੋ ਜੀ, ਅੱਜ ਬਾਹਰ ਨਾ ਜਾਓ। ਮਾਹੌਲ ਠੀਕ ਨਹੀਂ ਲੱਗ ਰਿਹਾ। ਖਬਰਾਂ ਆ ਰਹੀਆਂ ਨੇ ਕਿ ਫੌਜ ਨੇ ਪੂਰਾ ਸ਼ਹਿਰ ਘੇਰ ਲਿਆ ਹੈ,÷ ਜਸਵੀਰ ਨੇ ਚਾਹ ਦਾ ਕੱਪ ਫੜਾਉਂਦਿਆਂ ਕਿਹਾ। ਜਸਵੀਰ, ਘਰ ਵਿੱਚ ਰਾਸ਼ਨ-ਪਾਣੀ ਖ਼ਤਮ ਹੋਣ ਵਾਲਾ ਹੈ। ਜੇ ਕਰਫ਼ ?ਊ ਲੰਬਾ ਖਿੱਚ ਗਿਆ ਤਾਂ ਬੱਚੇ ਦਾ ਕੀ ਬਣੇਗਾ? ਮੈਂ ਬਜ਼ਾਰੋਂ ਜ਼ਰੂਰੀ ਸਾਮਾਨ ਲੈ ਕੇ ਅੱਧੇ ਘੰਟੇ ਵਿੱਚ ਮੁੜ ਆਵਾਂਗਾ,÷ ਜਗਮੀਤ ਨੇ ਜਸਵੀਰ ਨੂੰ ਹੌਸਲਾ ਦਿੰਦਿਆਂ ਕਿਹਾ।

ਉਸੇ ਵੇਲੇ ਉਹਨਾਂ ਦਾ ਪੰਜ ਸਾਲਾਂ ਦਾ ਪੁੱਤਰ, ਸੱਤੂ, ਖੇਡਦਾ ਹੋਇਆ ਉੱਥੇ ਆਇਆ। ਉਸਦੇ ਹੱਥ ਵਿੱਚ ਨੀਲੇ ਰੰਗ ਦਾ ਸੂਤੀ ਧਾਗਾ ਸੀ, ਜੋ ਸ਼ਾਇਦ ਉਸਨੂੰ ਜਸਵੀਰ ਦੀ ਸਿਲਾਈ ਮਸ਼ੀਨ ਕੋਲੋਂ ਮਿਲਿਆ ਸੀ। ਉਸਨੇ ਮਾਸੂਮੀਅਤ ਨਾਲ ਆਪਣੇ ਪਾਪਾ ਦਾ ਸੱਜਾ ਹੱਥ ਫੜਿਆ ਅਤੇ ਉਸਦੀਆਂ ਉਂਗਲਾਂ ਦੇ ਦੁਆਲੇ ਉਹ ਧਾਗਾ ਬੰਨ੍ਹਣ ਲੱਗਾ।

÷ਸੱਤੂ, ਇਹ ਕੀ ਕਰ ਰਿਹਾ ਏਂ?÷ ਜਗਮੀਤ ਹੱਸ ਪਿਆ।

ਸੱਤੂ ਨੇ ਬੜੇ ਮਾਣ ਨਾਲ ਗੰਢ ਮਾਰੀ ਅਤੇ ਕਿਹਾ, ÷ਪਾਪਾ, ਜਦੋਂ ਤੁਸੀਂ ਬਾਹਰੋਂ ਆਓਗੇ, ਮੈਂ ਇਹ ਧਾਗਾ ਖੋਲ੍ਹਾਂਗਾ। ਉਦੋਂ ਤੱਕ ਤੁਸੀਂ ਇਸਨੂੰ ਲਾਹੁਣਾ ਨਹੀਂ!÷

ਜਗਮੀਤ ਨੇ ਕਾਕੇ ਨੂੰ ਗੋਦੀ ਚੁੱਕ ਕੇ ਚੁੰਮਿਆ, ÷ਠੀਕ ਹੈ ਮੇਰੇ ਪੁੱਤ, ਤੇਰੇ ਆਏ ਬਿਨਾਂ ਇਹ ਧਾਗਾ ਕੋਈ ਨਹੀਂ ਖੋਲ੍ਹੇਗਾ।÷ ਇਹ ਕਹਿ ਕੇ ਜਗਮੀਤ ਘਰੋਂ ਨਿਕਲ ਗਿਆ। ਜਸਵੀਰ ਬੂਹੇ 'ਤੇ ਖੜ੍ਹੀ ਉਸਨੂੰ ਜਾਂਦੇ ਨੂੰ ਦੇਖਦੀ ਰਹੀ, ਉਸਦਾ ਮਨ ਕਿਸੇ ਅਣਜਾਣ ਡਰ ਨਾਲ ਕੰਬ ਰਿਹਾ ਸੀ।

ਗੁਰਮੇਲ ਦੇ ਜਾਣ ਤੋਂ ਮਹਿਜ਼ ਇੱਕ ਘੰਟੇ ਬਾਅਦ ਹੀ ਪੂਰੇ ਸ਼ਹਿਰ ਵਿੱਚ ਸਖ਼ਤ ਕਰਫ਼ ?ਊ ਲਗਾ ਦਿੱਤਾ ਗਿਆ। ਫੌਜ ਦੀਆਂ ਗੱਡੀਆਂ ਸੜਕਾਂ 'ਤੇ ਦੌੜਨ ਲੱਗੀਆਂ। ਫਿਰ ਉਹ ਦਿਨ ਆਇਆ ਜਿਸਨੇ ਇਤਿਹਾਸ ਨੂੰ ਲਹੂ-ਲੁਹਾਨ ਕਰ ਦਿੱਤਾ। ਗੋਲੀਆਂ ਦੀ ਗੜਗੜਾਹਟ, ਬੰਬਾਂ ਦੇ ਧਮਾਕੇ ਅਤੇ ਚੀਕ-ਚਿਹਾਰਾ। ਅੰਮ੍ਰਿਤਸਰ ਇੱਕ ਜੰਗ ਦਾ ਮੈਦਾਨ ਬਣ ਚੁੱਕਾ ਸੀ। ਘਰ ਵਿੱਚ ਜਸਵੀਰ ਅਤੇ ਸੱਤੂ ਕੈਦ ਸਨ। ਬਿਜਲੀ ਕੱਟ ਦਿੱਤੀ ਗਈ ਸੀ, ਪਾਣੀ ਦੀ ਬੂੰਦ-ਬੂੰਦ ਲਈ ਲੋਕ ਤਰਸ ਰਹੇ ਸਨ। ਪਰ ਜਸਵੀਰ ਨੂੰ ਨਾ ਭੁੱਖ ਸੀ ਨਾ ਪਿਆਸ, ਉਸਦੀਆਂ ਅੱਖਾਂ ਬੱਸ ਬੂਹੇ 'ਤੇ ਟਿਕੀਆਂ ਹੋਈਆਂ ਸਨ।

ਹਰ ਧਮਾਕੇ ਨਾਲ ਉਸਦਾ ਕਾਲਜਾ ਕੰਬ ਜਾਂਦਾ।ਸੱਤੂ ਵਾਰ-ਵਾਰ ਪੁੱਛਦਾ, ÷ਮੰਮੀ, ਪਾਪਾ ਕਦੋਂ ਆਉਣਗੇ? ਮੈਂ ਉਹਨਾਂ ਦਾ ਧਾਗਾ ਖੋਲ੍ਹਣਾ ਹੈ।÷ ਜਸਵੀਰ ਉਸਨੂੰ ਹਿੱਕ ਨਾਲ ਲਾ ਕੇ ਰੋ ਪੈਂਦੀ।

ਤਿੰਨ ਦਿਨ ਬੀਤ ਗਏ। ਨਾ ਜਗਮੀਤ ਆਇਆ, ਨਾ ਕੋਈ ਖ਼ਬਰ। ਹਵਾ ਵਿੱਚ ਮੌਤ ਦੀ ਸੜ੍ਹਾਂਦ ਫੈਲਣ ਲੱਗੀ ਸੀ।ਚੌਥੇ ਦਿਨ ਕਰਫ਼ ?ਊ ਵਿੱਚ ਕੁਝ ਘੰਟਿਆਂ ਦੀ ਢਿੱਲ ਮਿਲੀ। ਸ਼ਹਿਰ ਵਿੱਚ ਸੰਨਾਟਾ ਸੀ, ਪਰ ਇਹ ਸੰਨਾਟਾ ਬਹੁਤ ਭਿਆਨਕ ਸੀ। ਅੰਮ੍ਰਿਤਸਰ ਦੀ ਇੱਕ ਸੁੰਨਸਾਨ ਗਲੀ ਦੇ ਮੋੜ 'ਤੇ ਜਗਮੀਤ ਦੀ ਲਾਸ਼ ਪਈ ਸੀ, ਜਿਸਨੂੰ ਤਿੰਨ ਦਿਨ ਪਹਿਲਾਂ ਹੀ ਗੋਲੀ ਲੱਗ ਚੁੱਕੀ ਸੀ। ਪਰ ਪਰਿਵਾਰ ਇਸ ਤੋਂ ਬੇਖ਼ਬਰ ਸੀ।ਕਰਫ਼ ?ਊ ਖੁੱਲ੍ਹਦਿਆਂ ਹੀ ਜਸਵੀਰ ਕੌਰ ਸੱਤੂ ਨੂੰ ਗੁਆਂਢੀਆਂ ਕੋਲ ਛੱਡ ਕੇ ਪਾਗਲਾਂ ਵਾਂਗ ਬਾਹਰ ਨਿਕਲੀ। ਉਸਦੇ ਪੈਰਾਂ ਵਿੱਚ ਚੱਪਲਾਂ ਨਹੀਂ ਸਨ, ਵਾਲ ਖਿੱਲਰੇ ਹੋਏ ਸਨ। ਪੁੱਛਦੇ-ਪੁਛਾਉਂਦੇ ਉਹ ਸਿਵਲ ਹਸਪਤਾਲ ਦੇ ਬਾਹਰ ਪਹੁੰਚੀ।

ਉੱਥੋਂ ਦਾ ਦ੍ਰਿਸ਼ ਦੇਖ ਕੇ ਉਸਦੀ ਰੂਹ ਕੰਬ ਗਈ। ਹਸਪਤਾਲ ਦੇ ਬਾਹਰ ਲਾਸ਼ਾਂ ਦੇ ਢੇਰ ਲੱਗੇ ਹੋਏ ਸਨ। ਗਰਮੀ ਕਾਰਨ ਦੇਹਾਂ ਖ਼ਰਾਬ ਹੋ ਰਹੀਆਂ ਸਨ। ਮਿਲਟਰੀ ਅਤੇ ਪੁਲਿਸ ਦੇ ਕਰਮਚਾਰੀ ਉਹਨਾਂ ਲਾਸ਼ਾਂ ਨੂੰ ਜਲਦੀ-ਜਲਦੀ ਟਰੱਕਾਂ ਵਿੱਚ ਲੱਦ ਰਹੇ ਸਨ ਤਾਂ ਜੋ ਸਮੂਹਿਕ ਸੰਸਕਾਰ ਕੀਤਾ ਜਾ ਸਕੇ।

ਜਸਵੀਰ ਨੇ ਆਪਣੀ ਚੁੰਨੀ ਦਾ ਪੱਲਾ ਮੂੰਹ 'ਤੇ ਰੱਖਿਆ ਅਤੇ ਲਾਸ਼ਾਂ ਦੇ ਢੇਰ ਵੱਲ ਵਧੀ।

÷ਹਟੋ ਬੀਬੀ! ਪਿੱਛੇ ਹਟੋ!÷ ਇੱਕ ਸਿਪਾਹੀ ਨੇ ਰੋਕਿਆ।

÷ਮੇਰਾ ਬੰਦਾ... ਮੇਰੇ ਸਰਤਾਜ ਘਰ ਨਹੀਂ ਪਰਤੇ। ਮੈਨੂੰ ਦੇਖ ਲੈਣ ਦਿਓ,÷ ਜਸਵੀਰ ਨੇ ਹੱਥ ਜੋੜੇ।

ਉਸਨੇ ਹਿੰਮਤ ਕਰਕੇ ਹਰ ਇੱਕ ਚਿਹਰੇ ਤੋਂ ਕੱਪੜਾ ਹਟਾ ਕੇ ਦੇਖਣਾ ਸ਼ੁਰੂ ਕੀਤਾ। ਪਰ ਇਹ ਕੀ? ਬਹੁਤ ਸਾਰੇ ਚਿਹਰੇ ਗੋਲੀਆਂ ਅਤੇ ਬੰਬਾਂ ਦੇ ਧਮਾਕਿਆਂ ਨਾਲ ਇੰਨੇ ਵਿਗੜ ਚੁੱਕੇ ਸਨ, ਖ਼ੂਨ ਅਤੇ ਮਿੱਟੀ ਨਾਲ ਲਿਬੜੇ ਹੋਏ ਸਨ ਕਿ ਪਛਾਣਨੇ ਅਸੰਭਵ ਸਨ। ਉਸਦੀਆਂ ਅੱਖਾਂ ਅੱਗੇ ਅੰਧੇਰਾ ਛਾ ਰਿਹਾ ਸੀ।

ਨਿਰਾਸ਼ਾ ਦੇ ਉਸ ਆਲਮ ਵਿੱਚ, ਜਦੋਂ ਉਹ ਇੱਕ ਹੋਰ ਟਰੱਕ ਦੇ ਕੋਲੋਂ ਲੰਘ ਰਹੀ ਸੀ, ਉਸਦੀ ਨਜ਼ਰ ਇੱਕ ਲਾਸ਼ ਦੇ ਖ਼ੂਨ ਨਾਲ ਲਿੱਬੜੇ ਹੱਥ 'ਤੇ ਪਈ, ਜੋ ਟਰੱਕ ਦੇ ਫੱਟੇ ਤੋਂ ਬਾਹਰ ਲਟਕ ਰਿਹਾ ਸੀ। ਉਸ ਹੱਥ ਦੀਆਂ ਸੁੱਜੀਆਂ ਹੋਈਆਂ ਉਂਗਲਾਂ ਵਿੱਚ... ਨੀਲੇ ਰੰਗ ਦਾ ਇੱਕ ਸੂਤੀ ਧਾਗਾ ਬੱਝਿਆ ਹੋਇਆ ਸੀ।

ਜਸਵੀਰ ਦੇ ਪੈਰ ਉੱਥੇ ਹੀ ਜੰਮ ਗਏ। ਉਸ ਦੇ ਦਿਲ ਦੀ ਧੜਕਣ ਇੱਕ ਪਲ ਲਈ ਰੁਕ ਗਈ ਅਤੇ ਫਿਰ ਬਹੁਤ ਤੇਜ਼ ਹੋ ਗਈ। ਇਹ ਉਹੀ ਨੀਲਾ ਸੂਤੀ ਧਾਗਾ ਸੀ ਜੋ ਤਿੰਨ ਦਿਨ ਪਹਿਲਾਂ ਉਸ ਦੇ ਮਾਸੂਮ ਪੁੱਤਰ ਨੇ ਆਪਣੇ ਪਾਪਾ ਦੀ ਉਂਗਲ 'ਤੇ ਇੱਕ ਪਿਆਰੇ ਵਾਅਦੇ ਨਾਲ ਬੰਨ੍ਹ ?ਆ ਸੀ। ਜਸਵੀਰ ਨੇ ਭੱਜ ਕੇ ਉਸ ਹੱਥ ਨੂੰ ਫੜ ਲਿਆ। ਹੱਥ ਬਰਫ਼ ਵਾਂਗ ਠੰਢਾ ਅਤੇ ਬੇਜਾਨ ਸੀ। ਉਸ ਨੇ ਉੱਪਰ ਵੱਲ ਦੇਖਿਆ, ਖ਼ੂਨ ਅਤੇ ਮਿੱਟੀ ਨਾਲ ਲਿਬੜਿਆ ਉਹ ਚਿਹਰਾ ਜਗਮੀਤ ਦਾ ਹੀ ਸੀ। ਉਸ ਦੇ ਚਿਹਰੇ 'ਤੇ ਅਜੇ ਵੀ ਉਹੀ ਚੁੱਪ ਅਤੇ ਸ਼ਾਂਤੀ ਸੀ, ਜਿਵੇਂ ਉਹ ਅਜੇ ਵੀ ਆਪਣੇ ਪੁੱਤਰ ਦੇ ਆਉਣ ਦਾ ਇੰਤਜ਼ਾਰ ਕਰ ਰਿਹਾ ਹੋਵੇ।

ਜਸਵੀਰ ਉੱਥੇ ਹੀ ਜ਼ਮੀਨ 'ਤੇ ਬੈਠ ਗਈ ਅਤੇ ਚੀਕਾਂ ਮਾਰ ਕੇ ਰੋਣ ਲੱਗੀ। ਉਸ ਦੀਆਂ ਅੱਖਾਂ ਵਿੱਚੋਂ ਹੰਝੂਆਂ ਦਾ ਹੜ੍ਹ ਵਹਿ ਨਿਕਲਿਆ। ਫੌਜੀ ਕਰਮਚਾਰੀ ਨੇ ਉਸ ਨੂੰ ਪਿੱਛੇ ਹਟਾਉਣ ਦੀ ਕੋਸ਼ਿਸ਼ ਕੀਤੀ, ਪਰ ਜਸਵੀਰ ਨੇ ਜਗਮੀਤ ਦਾ ਹੱਥ ਘੁੱਟ ਕੇ ਫੜਿਆ ਹੋਇਆ ਸੀ। ਉਸ ਨੇ ਰੋਂਦਿਆਂ ਕਿਹਾ ਕਿ ਇਹ ਮੇਰੇ ਪਤੀ ਹਨ, ਮੈਨੂੰ ਇਹਨਾਂ ਦੀ ਦੇਹ ਘਰ ਲੈ ਜਾਣ ਦਿਓ, ਮੇਰਾ ਪੁੱਤ ਘਰ ਇਹਨਾਂ ਦਾ ਇੰਤਜ਼ਾਰ ਕਰ ਰਿਹਾ ਹੈ। ਪਰ ਹਾਲਾਤ ਇੰਨੇ ਖ਼ਰਾਬ ਸਨ ਕਿ ਫੌਜ ਦੇ ਨਿਯਮਾਂ ਮੁਤਾਬਕ ਕਿਸੇ ਨੂੰ ਵੀ ਲਾਸ਼ਾਂ ਘਰ ਲੈ ਜਾਣ ਦੀ ਇਜਾਜ਼ਤ ਨਹੀਂ ਸੀ। ਉਹ ਸਾਰੀਆਂ ਦੇਹਾਂ ਨੂੰ ਇੱਕੋ ਸਮੂਹਿਕ ਸੰਸਕਾਰ ਲਈ ਲੈ ਕੇ ਜਾ ਰਹੇ ਸਨ।

ਬਹੁਤ ਮਿੰਨਤਾਂ-ਤਰਲੇ ਕਰਨ ਤੋਂ ਬਾਅਦ ਵੀ ਜਸਵੀਰ ਨੂੰ ਜਗਮੀਤ ਦੀ ਮ੍ਰਿਤਕ ਦੇਹ ਨਾ ਮਿਲੀ। ਪਰ ਜਾਂਦੇ-ਜਾਂਦੇ, ਉਸ ਨੇ ਰੋਂਦੇ ਹੋਏ ਉਸ ਨੀਲੇ ਧਾਗੇ ਨੂੰ ਬਹੁਤ ਸੰਭਾਲ ਕੇ ਜਗਮੀਤ ਦੀ ਉਂਗਲ ਤੋਂ ਖੋਲ੍ਹ ਲਿਆ। ਉਹ ਉਸ ਧਾਗੇ ਨੂੰ ਆਪਣੀ ਹਿੱਕ ਨਾਲ ਲਾ ਕੇ ਪਾਗਲਾਂ ਵਾਂਗ ਰੋਂਦੀ ਹੋਈ ਵਾਪਸ ਆਪਣੇ ਘਰ ਵੱਲ ਤੁਰ ਪਈ। ਉਸ ਦੇ ਪੈਰ ਭਾਰੇ ਸਨ ਅਤੇ ਮਨ ਸੁੰਨ ਹੋ ਚੁੱਕਾ ਸੀ। ਜਦੋਂ ਉਹ ਘਰ ਪਹੁੰਚੀ, ਤਾਂ ਪੰਜ ਸਾਲਾਂ ਦਾ ਸੱਤੂ ਬੂਹੇ ਕੋਲ ਹੀ ਬੈਠਾ ਸੀ। ਜਸਵੀਰ ਨੂੰ ਦੇਖਦਿਆਂ ਹੀ ਉਹ ਭੱਜ ਕੇ ਅੱਗੇ ਆਇਆ ਅਤੇ ਪੁੱਛਣ ਲੱਗਾ ਕਿ ਮੰਮੀ, ਪਾਪਾ ਕਿੱਥੇ ਹਨ ਅਤੇ ਕੀ ਤੁਸੀਂ ਉਹਨਾਂ ਦਾ ਧਾਗਾ ਖੋਲ੍ਹ ਦਿੱਤਾ। ਜਸਵੀਰ ਨੇ ਸੱਤੂ ਨੂੰ ਕਲੇਜੇ ਨਾਲ ਲਾ ਲਿਆ ਅਤੇ ਉਸ ਦੇ ਨਿੱਕੇ ਜਿਹੇ ਹੱਥ ਵਿੱਚ ਉਹ ਖ਼ੂਨ ਨਾਲ ਲਿੱਬੜਿਆ ਨੀਲਾ ਧਾਗਾ ਫੜਾ ਦਿੱਤਾ। ਉਸ ਨੇ ਰੋਂਦਿਆਂ ਕਿਹਾ ਕਿ ਤੇਰੇ ਪਾਪਾ ਨੇ ਆਪਣਾ ਵਾਅਦਾ ਪੂਰਾ ਕੀਤਾ ਹੈ, ਉਹਨਾਂ ਨੇ ਇਹ ਧਾਗਾ ਕਿਸੇ ਹੋਰ ਨੂੰ ਖੋਲ੍ਹਣ ਨਹੀਂ ਦਿੱਤਾ, ਇਹ ਸਿਰਫ਼ ਤੇਰੇ ਲਈ ਵਾਪਸ ਭੇਜਿਆ ਹੈ।

ਸੱਤੂ ਆਪਣੀ ਮਾਸੂਮੀਅਤ ਵਿੱਚ ਉਸ ਧਾਗੇ ਨੂੰ ਦੇਖਦਾ ਰਿਹਾ, ਜਿਸ 'ਤੇ ਉਸ ਦੇ ਪਾਪਾ ਦੇ ਆਖਰੀ ਸਾਹਾਂ ਦੀ ਨਿਸ਼ਾਨੀ ਲੱਗੀ ਹੋਈ ਸੀ। ਚੁਰਾਸੀ ਦੇ ਉਸ ਕਹਿਰ ਨੇ ਇੱਕ ਹੱਸਦੇ-ਖੇਡਦੇ ਪਰਿਵਾਰ ਨੂੰ ਉਜਾੜ ਦਿੱਤਾ ਸੀ, ਜਿੱਥੇ ਇੱਕ ਮਾਸੂਮ ਦਾ ਵਾਅਦਾ ਤਾਂ ਪੂਰਾ ਹੋ ਗਿਆ, ਪਰ ਉਸ ਦੇ ਪਾਪਾ ਕਦੇ ਵਾਪਸ ਨਾ ਪਰਤੇ। ਉਹ ਨੀਲਾ ਧਾਗਾ ਹੁਣ ਸਿਰਫ਼ ਇੱਕ ਧਾਗਾ ਨਹੀਂ ਸੀ, ਬਲਕਿ ਉਸ ਭਿਆਨਕ ਦੌਰ ਦੀ ਕਹਾਣੀ ਅਤੇ ਇੱਕ ਕਦੇ ਨਾ ਖ਼ਤਮ ਹੋਣ ਵਾਲੇ ਇੰਤਜ਼ਾਰ ਦਾ ਪ੍ਰਤੀਕ ਬਣ ਕੇ ਰਹਿ ਗਿਆ ਸੀ।

# ਅਰਮਾਨ (ਅਪ੍ਰੈਲ-ਮਈ 2026 ਅੰਕ): ਪੰਜਾਬੀ ਖੋਜ, ਸਾਹਿਤ ਅਤੇ ਸੱਭਿਆਚਾਰਕ ਚਿੰਤਨ ਦਾ ਬਹੁਪੱਖੀ ਦਸਤਾਵੇਜ਼

**ਡਾ. ਅਸ਼ਵਨੀ ਸ਼ਰਮਾ**
**ਸਾਬਕਾ ਪ੍ਰੋਫੈਸਰ, ਪੰਜਾਬੀ ਵਿਭਾਗ**
**ਡੀਐਮ ਕਾਲਜ, ਮੋਗਾ (ਪੰਜਾਬ)**
**ਮੋਬਾਈਲ- 94175 34550**

************************************

ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਖੋਜ ਖੇਤਰ ਵਿੱਚ 'ਅਰਮਾਨ' ਜਰਨਲ ਨੇ ਥੋੜ੍ਹੇ ਸਮੇਂ ਵਿੱਚ ਹੀ ਆਪਣੀ ਇੱਕ ਵਿਲੱਖਣ ਅਤੇ ਪ੍ਰਮਾਣਿਕ ਅਕਾਦਮਿਕ ਪਛਾਣ ਬਣਾਈ ਹੈ। ਅਰਮਾਨ' ਦਾ ਅਪ੍ਰੈਲ-ਜੂਨ 2026 ਅੰਕ (ਸਾਲ-4, ਅੰਕ-2) ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਜਰਨਲ ਪੰਜਾਬੀ ਭਾਸ਼ਾ, ਸਾਹਿਤ, ਲੋਕਧਾਰਾ, ਧਰਮ, ਸੱਭਿਆਚਾਰ, ਮਨੋਵਿਗਿਆਨ ਅਤੇ ਸਮਾਜਿਕ ਚਿੰਤਨ ਵਰਗੇ ਵੱਖ-ਵੱਖ ਗਿਆਨ ਖੇਤਰਾਂ ਨੂੰ ਇੱਕ ਸਾਂਝੇ ਅਕਾਦਮਿਕ ਮੰਚ ਉੱਤੇ ਲਿਆਉਣ ਵਿੱਚ ਸਫਲ ਰਿਹਾ ਹੈ। ਇਹ ਅੰਕ ਆਪਣੀ ਵਿਸ਼ਾ-ਵਿਵਿਧਤਾ, ਖੋਜਾਤਮਕ ਗੰਭੀਰਤਾ ਅਤੇ ਸਮਕਾਲੀ ਸਰੋਕਾਰਾਂ ਕਰਕੇ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਅੰਕ ਵਿੱਚ ਕੁੱਲ 27 ਖੋਜ-ਪੱਤਰ ਸ਼ਾਮਲ ਹਨ ਜੋ ਪੰਜਾਬੀ ਸਾਹਿਤ, ਗੁਰਬਾਣੀ ਅਧਿਐਨ, ਲੋਕਧਾਰਾ, ਨਾਰੀ ਚੇਤਨਾ, ਮਨੋਵਿਗਿਆਨ, ਸੱਭਿਆਚਾਰ ਅਤੇ ਸਮਾਜਕ ਬਦਲਾਅ ਵਰਗੇ ਵਿਸ਼ਿਆਂ ਨੂੰ ਸਮੇਟਦੇ ਹਨ।

ਅਰਮਾਨ ਦੇ ਦੇ ਮੁੱਖ ਸੰਪਾਦਕ ਡਾ. ਸੰਦੀਪ ਸਿੰਘ ਮੁੰਡੇ ਨੇ ਆਪਣੇ ਸੰਪਾਦਕੀ ਸ਼ਬਦਾਂ ਵਿੱਚ ਉੱਚ ਸਿੱਖਿਆ ਅਤੇ ਖੋਜ ਦੇ ਮਿਆਰਾਂ ਦੀ ਚਿੰਤਾ ਪ੍ਰਗਟ ਕਰਦਿਆਂ ਯੋਗਤਾ-ਆਧਾਰਿਤ ਅਕਾਦਮਿਕ ਪ੍ਰਬੰਧ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਉਹਨਾਂ ਦਾ ਮੰਨਣਾ ਹੈ ਕਿ ਮੌਲਿਕ ਖੋਜ, ਬੌਧਿਕ ਆਜ਼ਾਦੀ ਅਤੇ ਪੜ੍ਹਨ-ਲਿਖਣ ਦੀ ਸਿਹਤਮੰਦ ਪਰੰਪਰਾ ਹੀ ਇੱਕ ਮਜ਼ਬੂਤ ਅਕਾਦਮਿਕ ਸਮਾਜ ਦੀ ਨੀਂਹ ਬਣ ਸਕਦੀ ਹੈ। ਉਹ ਸਪੱਸ਼ਟ ਕਰਦੇ ਹਨ ਕਿ ਸਿੱਖਿਆ ਦਾ ਮੰਤਵ ਕੇਵਲ ਡਿਗਰੀ ਜਾਂ ਰੁਜ਼ਗਾਰ ਪ੍ਰਾਪਤ ਕਰਨਾ ਨਹੀਂ, ਸਗੋਂ ਬੌਧਿਕ ਵਿਕਾਸ, ਤਰਕਸ਼ੀਲ ਸੋਚ ਅਤੇ ਖੋਜ-ਚੇਤਨਾ ਦਾ ਨਿਰਮਾਣ ਕਰਨਾ ਹੈ। ਇਹ ਵਿਚਾਰ ਪੂਰੇ ਅੰਕ ਦੀ ਆਤਮਾ ਵਜੋਂ ਸਾਹਮਣੇ ਆਉਂਦਾ ਹੈ, ਕਿਉਂਕਿ ਜਰਨਲ ਵਿੱਚ ਸ਼ਾਮਲ ਬਹੁਤੇ ਖੋਜ-ਪੱਤਰ ਸਮਾਜਿਕ ਜ਼ਿੰਮੇਵਾਰੀ ਅਤੇ ਅਕਾਦਮਿਕ ਗੰਭੀਰਤਾ ਦਾ ਸੁੰਦਰ ਮੇਲ ਪੇਸ਼ ਕਰਦੇ ਹਨ।

ਇਸ ਅੰਕ ਦਾ ਪਹਿਲਾ ਅਤੇ ਬਹੁਤ ਹੀ ਮਹੱਤਵਪੂਰਨ ਖੋਜ-ਪੱਤਰ 'ਹੋਇਆ ਦੇਸ ਪਰਾਇਆ' ਨਾਵਲ ਦੇ ਕੇਂਦਰੀ ਪਾਤਰ ਸਰੂਪ ਸਿੰਘ ਦੇ ਮਾਧਿਅਮ ਨਾਲ ਅਜੋਕੇ ਪੰਜਾਬ ਦੀ ਤਸਵੀਰ ਪੇਸ਼ ਕਰਦਾ ਹੈ। ਇਹ ਖੋਜ-ਪੱਤਰ ਪੰਜਾਬ ਦੇ ਖੇਤੀ ਸੰਕਟ, ਨਸ਼ਾਖੋਰੀ, ਪ੍ਰਵਾਸ, ਆਰਥਿਕ ਅਸਥਿਰਤਾ ਅਤੇ ਸੱਭਿਆਚਾਰਕ ਵਿਘਟਨ ਵਰਗੇ ਮੁੱਦਿਆਂ ਨੂੰ ਸਾਹਿਤਕ ਰਚਨਾ ਦੇ ਆਧਾਰ 'ਤੇ ਵਿਸ਼ਲੇਸ਼ਿਤ ਕਰਦਾ ਹੈ। ਖੋਜਕਾਰਾਂ ਨੇ ਇਹ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਸਰੂਪ ਸਿੰਘ ਸਿਰਫ਼ ਇੱਕ ਨਾਵਲੀ ਪਾਤਰ ਨਹੀਂ, ਸਗੋਂ ਅੱਜ ਦੇ ਪੰਜਾਬ ਦੀ ਸਾਂਝੀ ਪੀੜ੍ਹ ਅਤੇ ਵਿਸਥਾਪਨ ਦਾ ਪ੍ਰਤੀਕ ਹੈ। ਇਹ ਲੇਖ ਸਮਕਾਲੀ ਪੰਜਾਬੀ ਸਮਾਜ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਦਸਤਾਵੇਜ਼ ਬਣ ਜਾਂਦਾ ਹੈ।

ਧਾਰਮਿਕ ਅਤੇ ਗੁਰਮਤਿ ਅਧਿਐਨ ਨਾਲ ਸੰਬੰਧਿਤ ਖੋਜ-ਪੱਤਰ ਇਸ ਅੰਕ ਦੀ ਇੱਕ ਹੋਰ ਮਹੱਤਵਪੂਰਨ ਉਪਲਬਧੀ ਹਨ। ਡਾ. ਰਾਜਵਿੰਦਰ ਕੌਰ ਦਾ ਖੋਜ-ਪੱਤਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਵਰਤੀ ਗਈ ਧਾਰਮਿਕ ਸ਼ਬਦਾਵਲੀ ਦਾ ਅਧਿਐਨ ਕਰਦਾ ਹੈ। ਇਸ ਖੋਜ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਗੁਰਬਾਣੀ ਵਿੱਚ ਵਰਤੇ ਗਏ ਸ਼ਬਦ ਵੱਖ-ਵੱਖ ਧਾਰਮਿਕ ਪਰੰਪਰਾਵਾਂ ਅਤੇ ਵਿਚਾਰਧਾਰਾਵਾਂ ਨਾਲ ਕਿਵੇਂ ਸੰਵਾਦ ਸਥਾਪਿਤ ਕਰਦੇ ਹਨ। ਇਸੇ ਤਰ੍ਹਾਂ ਡਾ. ਬੀਰਬਲ ਸਿੰਘ ਦਾ 'ਭਗਤ ਰਵਿਦਾਸ ਬਾਣੀ: ਆਦਰਸ਼ਕ ਸਮਾਜ ਸਿਰਜਣਾ ਦਾ ਮਾਡਲ' ਲੇਖ ਸਮਾਜਿਕ ਸਮਾਨਤਾ, ਮਨੁੱਖੀ ਮਰਿਆਦਾ ਅਤੇ ਜਾਤੀਵਾਦ ਦੇ ਖੰਡਨ ਵਰਗੇ ਮੁੱਦਿਆਂ ਨੂੰ ਉਭਾਰਦਾ ਹੈ। ਅਜਿਹੇ ਲੇਖ ਜਰਨਲ ਨੂੰ ਸਿਰਫ਼ ਸਾਹਿਤਕ ਹੀ ਨਹੀਂ, ਸਗੋਂ ਆਧਿਆਤਮਿਕ ਅਤੇ ਸਮਾਜਕ ਪੱਖੋਂ ਵੀ ਮਹੱਤਵਪੂਰਨ ਬਣਾਉਂਦੇ ਹਨ।

ਪੰਜਾਬੀ ਸਾਹਿਤਕ ਆਲੋਚਨਾ ਨਾਲ ਸੰਬੰਧਿਤ ਲੇਖ ਇਸ ਅੰਕ ਦੀ ਬੌਧਿਕ ਗੰਭੀਰਤਾ ਨੂੰ ਹੋਰ ਵਧਾਉਂਦੇ ਹਨ। 'ਪੰਜਾਬੀ ਸਫ਼ਰਨਾਮਾ ਸਾਹਿਤ ਦਾ ਆਗਾਜ਼ ਬਿੰਦੂ', 'ਸੁਰਿੰਦਰ ਨੀਰ ਰਚਿਤ ਨਾਵਲ ਮਾਇਆ ਦਾ ਵਿਚਾਰਧਾਰਕ ਪਰਿਪੇਖ', 'ਹਰਜੀਤ ਅਟਵਾਲ ਦੇ ਨਾਵਲ ਘਰ ਦਾ ਪਾਠਕੀ ਪ੍ਰਵਚਨ', 'ਸਰੂਪ ਸਿਆਲਵੀ ਦੀ ਕਥਾ ਸੰਵੇਦਨਾ' ਅਤੇ 'ਪ੍ਰੋ. ਪੂਰਨ ਸਿੰਘ ਦੀ ਕਵਿਤਾ ਵਿੱਚ ਪੰਜਾਬੀਅਤ ਦਾ ਸੰਕਲਪ' ਵਰਗੇ ਖੋਜ-ਪੱਤਰ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਅਤੇ ਰੁਝਾਨਾਂ ਦਾ ਵਿਸ਼ਲੇਸ਼ਣ ਕਰਦੇ ਹਨ। ਇਨ੍ਹਾਂ ਲੇਖਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕੇਵਲ ਰਚਨਾਵਾਂ ਦੀ ਸਮੀਖਿਆ ਤੱਕ ਸੀਮਿਤ ਨਹੀਂ ਰਹਿੰਦੇ, ਸਗੋਂ ਉਨ੍ਹਾਂ ਦੇ ਵਿਚਾਰਧਾਰਕ, ਸੱਭਿਆਚਾਰਕ ਅਤੇ ਸਮਾਜਿਕ ਅਰਥਾਂ ਨੂੰ ਵੀ ਸਾਹਮਣੇ ਲਿਆਉਂਦੇ ਹਨ।

ਲੋਕਧਾਰਾ ਅਧਿਐਨ ਦੇ ਖੇਤਰ ਵਿੱਚ ਇਹ ਅੰਕ ਵਿਸ਼ੇਸ਼ ਮਹੱਤਵ ਰੱਖਦਾ ਹੈ। ਪੰਜਾਬੀ ਲੋਕਧਾਰਾ ਦੇ ਪੁਰਾਣੇ ਅਤੇ ਨਵੇਂ ਸਰੋਤਾਂ ਉੱਤੇ ਕੀਤੀ ਗਈ ਖੋਜ ਇਹ ਦਰਸਾਉਂਦੀ ਹੈ ਕਿ ਲੋਕ-ਸੱਭਿਆਚਾਰ ਅਜੇ ਵੀ ਪੰਜਾਬੀ ਜੀਵਨ ਦੀ ਧੜਕਣ ਹੈ। ਥਾਮਸ ਰੋਏਬੁੱਕ ਅਤੇ ਆਰ.ਸੀ. ਟੈਂਪਲ ਵਰਗੇ ਵਿਦਵਾਨਾਂ ਦੇ ਯੋਗਦਾਨ ਉੱਤੇ ਲਿਖੇ ਖੋਜ-ਪੱਤਰ ਪੰਜਾਬੀ ਲੋਕਧਾਰਾ ਦੇ ਇਤਿਹਾਸਕ ਵਿਕਾਸ ਨੂੰ ਸਮਝਣ ਵਿੱਚ ਸਹਾਇਕ ਹਨ। ਇਸ ਤੋਂ ਇਲਾਵਾ ਲੋਕਗੀਤਾਂ, ਲੋਕ-ਕਹਾਣੀਆਂ, ਲੋਕ-ਖੇਡਾਂ ਅਤੇ ਰਾਜਾ ਰਸਾਲੂ ਨਾਲ ਸੰਬੰਧਿਤ ਲੇਖ ਪੰਜਾਬੀ ਲੋਕ-ਵਿਰਸੇ ਦੇ ਵੱਖ-ਵੱਖ ਪੱਖਾਂ ਨੂੰ ਅਕਾਦਮਿਕ ਢੰਗ ਨਾਲ ਰੌਸ਼ਨ ਕਰਦੇ ਹਨ।

ਜਰਨਲ ਦਾ ਇੱਕ ਹੋਰ ਮਜ਼ਬੂਤ ਪੱਖ ਨਾਰੀ ਚੇਤਨਾ ਅਤੇ ਇਸਤਰੀ ਅਧਿਐਨ ਨਾਲ ਜੁੜੇ ਲੇਖ ਹਨ। ਵੀਨਾ ਵਰਮਾ ਦੀਆਂ ਕਹਾਣੀਆਂ ਅਤੇ ਵਿਸ਼ਵੀਕਰਨ ਦੇ ਦੌਰ ਵਿੱਚ ਇਸਤਰੀ ਦੀ ਸਥਿਤੀ ਬਾਰੇ ਲਿਖੇ ਖੋਜ-ਪੱਤਰ ਇਹ ਦਰਸਾਉਂਦੇ ਹਨ ਕਿ ਪੰਜਾਬੀ ਸਾਹਿਤ ਵਿੱਚ ਇਸਤਰੀ ਹੁਣ ਕੇਵਲ ਸਹਾਇਕ ਪਾਤਰ ਨਹੀਂ ਰਹੀ, ਸਗੋਂ ਆਪਣੀ ਸੁਤੰਤਰ ਪਛਾਣ ਅਤੇ ਅਸਤੀਤਵ ਦੀ ਖੋਜ ਕਰ ਰਹੀ ਹੈ। ਇਹ ਲੇਖ ਆਧੁਨਿਕ ਸਮਾਜ ਵਿੱਚ ਇਸਤਰੀ ਦੇ ਸੰਘਰਸ਼, ਆਤਮ-ਸਨਮਾਨ ਅਤੇ ਸਮਾਜਕ ਰੁਕਾਵਟਾਂ ਦੀ ਗੰਭੀਰ ਪੜਤਾਲ ਕਰਦੇ ਹਨ। ਵਿਸ਼ਵੀਕਰਨ ਅਤੇ ਸੱਭਿਆਚਾਰਕ ਬਦਲਾਅ ਨਾਲ ਸੰਬੰਧਿਤ ਖੋਜ-ਪੱਤਰ ਵੀ ਅੱਜ ਦੇ ਸਮੇਂ ਦੀਆਂ ਚੁਣੌਤੀਆਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸਾਹਮਣੇ ਲਿਆਉਂਦੇ ਹਨ। 'ਵਿਸ਼ਵੀਕਰਨ ਤੇ ਪੰਜਾਬੀ ਸੱਭਿਆਚਾਰਕ ਕਦਰਾਂ-ਕੀਮਤਾਂ ਵਿੱਚਲਾ ਅੰਤਰ' ਵਰਗਾ ਲੇਖ ਇਹ ਦੱਸਦਾ ਹੈ ਕਿ ਗਲੋਬਲਾਈਜ਼ੇਸ਼ਨ ਨੇ ਪੰਜਾਬੀ ਜੀਵਨ-ਮੁੱਲਾਂ, ਰਿਸ਼ਤਿਆਂ ਅਤੇ ਜੀਵਨ-ਸ਼ੈਲੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ। ਇਹ ਲੇਖ ਕੇਵਲ ਆਲੋਚਨਾ ਨਹੀਂ ਕਰਦੇ, ਸਗੋਂ ਬਦਲਦੇ ਸਮਾਜਿਕ ਪਰਿਪੇਖ ਨੂੰ ਸਮਝਣ ਲਈ ਨਵੇਂ ਪ੍ਰਸ਼ਨ ਵੀ ਖੜ੍ਹੇ ਕਰਦੇ ਹਨ।

ਮਨੋਵਿਗਿਆਨ ਨਾਲ ਸੰਬੰਧਿਤ ਖੋਜ-ਪੱਤਰ ਇਸ ਅੰਕ ਦੀ ਅੰਤਰ-ਵਿਸ਼ਈ ਪ੍ਰਕਿਰਤੀ ਨੂੰ ਹੋਰ ਮਜ਼ਬੂਤ ਕਰਦਾ ਹੈ। ਫਰਾਇਡੀਅਨ ਅਤੇ ਨਿਓ-ਫਰਾਇਡੀਅਨ ਮਾਡਲਾਂ ਦੇ ਆਧਾਰ 'ਤੇ ਮਨੁੱਖੀ ਮਨ ਦੇ ਵਿਕਾਸ ਦਾ ਅਧਿਐਨ ਕਰਨ ਵਾਲਾ ਲੇਖ ਇਹ ਸਾਬਤ ਕਰਦਾ ਹੈ ਕਿ ਅਰਮਾਨ ਜਰਨਲ ਸਿਰਫ਼ ਸਾਹਿਤਕ ਖੋਜ ਤੱਕ ਸੀਮਿਤ ਨਹੀਂ, ਸਗੋਂ ਸਮਾਜਿਕ ਅਤੇ ਮਨੋਵਿਗਿਆਨਕ ਅਧਿਐਨ ਨੂੰ ਵੀ ਆਪਣੇ ਦਾਇਰੇ ਵਿੱਚ ਸ਼ਾਮਲ ਕਰਦਾ ਹੈ।

ਇਸ ਅੰਕ ਦੀ ਇੱਕ ਵਿਸ਼ੇਸ਼ ਉਪਲਬਧੀ ਇਹ ਹੈ ਕਿ ਲਗਭਗ ਹਰ ਖੋਜ-ਪੱਤਰ ਮੌਜੂਦਾ ਸਮਾਜਕ ਯਥਾਰਥ ਨਾਲ ਜੁੜਿਆ ਹੋਇਆ ਹੈ। ਚਾਹੇ ਖੇਤੀ ਸੰਕਟ ਦੀ ਗੱਲ ਹੋਵੇ, ਪ੍ਰਵਾਸ ਦੀ, ਨਸ਼ਿਆਂ ਦੀ, ਨਾਰੀ ਅਸਮਾਨਤਾ ਦੀ ਜਾਂ ਸੱਭਿਆਚਾਰਕ ਵਿਘਟਨ ਦੀ—ਲੇਖਕਾਂ ਨੇ ਆਪਣੇ ਵਿਸ਼ਿਆਂ ਨੂੰ ਕੇਵਲ ਸਿਧਾਂਤਕ ਪੱਧਰ 'ਤੇ ਨਹੀਂ, ਸਗੋਂ ਜੀਵਨ ਦੇ ਅਸਲੀ ਤਜਰਬਿਆਂ ਨਾਲ ਜੋੜ ਕੇ ਪੇਸ਼ ਕੀਤਾ ਹੈ। ਇਹ ਜਰਨਲ ਦੀ ਵਿਗਿਆਨਕਤਾ ਦੇ ਨਾਲ-ਨਾਲ ਇਸ ਦੀ ਸਮਾਜਕ ਪ੍ਰਤੀਬੱਧਤਾ ਨੂੰ ਵੀ ਦਰਸਾਉਂਦਾ ਹੈ।

ਭਾਸ਼ਾ ਅਤੇ ਸ਼ੈਲੀ ਦੇ ਪੱਖੋਂ ਵੀ ਜਰਨਲ ਦਾ ਇਹ ਅੰਕ ਪ੍ਰਸ਼ੰਸਾਯੋਗ ਹੈ। ਜ਼ਿਆਦਾਤਰ ਲੇਖਾਂ ਵਿੱਚ ਖੋਜ-ਵਿਧੀ ਦੀ ਸਪਸ਼ਟਤਾ, ਹਵਾਲਿਆਂ ਦੀ ਯਥੋਚਿਤ ਵਰਤੋਂ ਅਤੇ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਨਜ਼ਰ ਆਉਂਦੀ ਹੈ। ਲੇਖਕਾਂ ਨੇ ਅਕਾਦਮਿਕ ਲਿਖਤ ਦੇ ਮਿਆਰਾਂ ਦੀ ਪਾਲਣਾ ਕਰਨ ਦਾ ਯਤਨ ਕੀਤਾ ਹੈ। ਹਾਲਾਂਕਿ ਕੁਝ ਖੋਜ-ਪੱਤਰਾਂ ਵਿੱਚ ਹੋਰ ਵਧੇਰੇ ਤੁਲਨਾਤਮਕ ਅਤੇ ਸਿਧਾਂਤਕ ਵਿਸ਼ਲੇਸ਼ਣ ਦੀ ਸੰਭਾਵਨਾ ਬਣਦੀ ਸੀ, ਪਰ ਸਮੁੱਚੇ ਤੌਰ 'ਤੇ ਉੱਚ ਅਕਾਦਮਿਕ ਖੋਜ-ਮਿਆਰ ਸੰਤੋਸ਼ਜਨਕ ਅਤੇ ਪ੍ਰਭਾਵਸ਼ਾਲੀ ਹੈ।

ਜਰਨਲ ਦੀ ਸੰਪਾਦਕੀ ਟੀਮ ਨੇ ਵਿਸ਼ਿਆਂ ਦੀ ਚੋਣ ਵਿੱਚ ਸੰਤੁਲਨ ਬਣਾਈ ਰੱਖਿਆ ਹੈ। ਸਾਹਿਤ, ਧਰਮ, ਲੋਕਧਾਰਾ, ਸੱਭਿਆਚਾਰ, ਨਾਰੀ ਅਧਿਐਨ ਅਤੇ ਮਨੋਵਿਗਿਆਨ ਵਰਗੇ ਖੇਤਰਾਂ ਦੀ ਸਮਾਨ ਨੁਮਾਇੰਦਗੀ ਇਸ ਗੱਲ ਦਾ ਪ੍ਰਮਾਣ ਹੈ ਕਿ ਅਰਮਾਨ ਸੱਚਮੁੱਚ ਇੱਕ ਬਹੁ-ਵਿਸ਼ਈ ਖੋਜ ਜਰਨਲ ਵਜੋਂ ਆਪਣੀ ਭੂਮਿਕਾ ਨਿਭਾ ਰਿਹਾ ਹੈ। ਇਸ ਅੰਕ ਦੇ ਹਰੇਕ ਖੋਜ-ਪੱਤਰ ਦੀ ਡੀਓਆਈ ਨੰਬਰ ਦੀ ਉਪਲਬਧਤਾ ਅਤੇ ਪੀਅਰ-ਰਿਵਿਊ ਪ੍ਰਕਿਰਿਆ ਇਸ ਦੀ ਅੰਤਰਰਾਸ਼ਟਰੀ ਪੱਧਰ ਦੀ ਪ੍ਰਮਾਣਿਕਤਾ ਨੂੰ ਹੋਰ ਮਜ਼ਬੂਤ ਕਰਦੀ ਹੈ।

ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਅਰਮਾਨ ਦਾ ਇਹ ਅੰਕ ਪੰਜਾਬੀ ਖੋਜ-ਸਾਹਿਤ ਦੀ ਇੱਕ ਮਹੱਤਵਪੂਰਨ ਉਪਲਬਧੀ ਹੈ। ਇਹ ਅੰਕ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਦਿਆਰਥੀਆਂ, ਖੋਜਾਰਥੀਆਂ, ਅਧਿਆਪਕਾਂ ਅਤੇ ਸਾਹਿਤ-ਪ੍ਰੇਮੀਆਂ ਲਈ ਇੱਕ ਕੀਮਤੀ ਸਰੋਤ ਹੈ। ਇਸ ਵਿੱਚ ਸ਼ਾਮਲ ਖੋਜ-ਪੱਤਰ ਪੰਜਾਬੀ ਸਮਾਜ, ਸੱਭਿਆਚਾਰ ਅਤੇ ਸਾਹਿਤ ਦੀਆਂ ਜਟਿਲਤਾਵਾਂ ਨੂੰ ਸਮਝਣ ਲਈ ਨਵੇਂ ਦ੍ਰਿਸ਼ਟੀਕੋਣ ਪ੍ਰਦਾਨ ਕਰਦੇ ਹਨ। ਜਰਨਲ ਦਾ ਇਹ ਅੰਕ ਗਿਆਨ, ਖੋਜ ਅਤੇ ਸਮਾਜਕ ਚੇਤਨਾ ਦੇ ਸੁਮੇਲ ਦਾ ਸ਼ਾਨਦਾਰ ਉਦਾਹਰਨ ਹੈ ਅਤੇ ਪੰਜਾਬੀ ਅਕਾਦਮਿਕ ਜਗਤ ਵਿੱਚ ਇਸ ਦੀ ਮਹੱਤਤਾ ਲੰਬੇ ਸਮੇਂ ਤੱਕ ਬਣੀ ਰਹੇਗੀ।




# ਔਰਤ ਦੀ ਸਭ ਤੋਂ ਵੱਡੀ ਤਾਕਤ -ਸਿੱਖਿਆ

ਪੁਰਾਣੇ ਜਮਾਨੇ ਵਿੱਚ ਔਰਤ ਨੂੰ ਕਮਜੋਰ ਸਮਝਦੇ ਸਨ। ਫੈਸਲੇ ਘਰ ਦੇ ਮਰਦ ਕਰਦੇ ਅਤੇ ਉਸਦੀ ਪੜਾਈ ਤੇ ਪਬੰਧੀਆ ਸਨ। ਪਰ ਸਮੇਂ ਦੇ ਨਾਲ-ਨਾਲ ਸਮਾਜਿਕ ਸੋਚ ਵਿੱਚ ਬਦਲਾਅ ਆਇਆ। ਸਿੱਖਿਆ ਅਤੇ ਕਾਨੂੰਨੀ ਸੁਧਾਰਾਂ ਨੇ ਨਾਰੀ ਨੂੰ ਅੱਗੇ ਵਧਣ ਦੇ ਮੌਕੇ ਦਿੱਤੇ। ਉਹ ਘਰ ਦੀ ਚਾਰਦੀਵਾਰੀ ਤੱਕ ਸੀਮਿਤ ਨਹੀਂ ਰਹੀ, ਅੱਜ ਔਰਤ ਸਮਾਜ ਦਾ ਮੁੱਖ ਧੁਰਾ ਹੈ। ਹਰ ਖੇਤਰ ਵਿੱਚ ਆਪਣੀ ਕਾਬਲੀਅਤ ਸਾਬਤ ਕਰ ਰਹੀ ਹੈ। ਉਸਨੇ ਸਿੱਖਿਆ, ਰਾਜਨੀਤੀ, ਵਿਗਿਆਨ, ਖੇਡਾਂ, ਫੌਜ, ਵਪਾਰ ਅਤੇ ਕਲਾ ਦੇ ਖੇਤਰਾਂ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ। ਇਸੇ ਕਾਰਨ ਡਿਜੀਟਲ ਦੇ ਇਸ ਯੁੱਗ ਨੂੰ ਵਿਗਿਆਨ, ਤਕਨਾਲੋਜੀ ਅਤੇ ਸੋਚ ਬਦਲਣ ਦਾ ਯੁੱਗ ਕਿਹਾ ਜਾਦਾ ਹੈ । ਇਸ ਨਾਲ ਸਭ ਤੋਂ ਵੱਡੀ ਤਬਦੀਲੀ ਔਰਤ ਦੀ ਭੂਮਿਕਾ ਵਿੱਚ ਨਜ਼ਰ ਆਉਂਦੀ ਹੈ।

ਸਿੱਖਿਆ ਔਰਤ ਦੀ ਸਭ ਤੋਂ ਵੱਡੀ ਤਾਕਤ ਹੈ। ਪੜ੍ਹੀ-ਲਿਖੀ ਔਰਤ ਆਪਣੇ ਪਰਿਵਾਰ ਨੂੰ ਸਹੀ ਦਿਸ਼ਾ ਦੇ ਕੇ ਸਮਾਜ ਦੇ ਵਿਕਾਸ ਵਿੱਚ ਹਿੱਸਾ ਪਾ ਰਹੀ ਹੈ। ਇਹ ਡਾਕਟਰ, ਇੰਜੀਨੀਅਰ, ਅਧਿਆਪਕ, ਵਿਗਿਆਨੀ, ਵਕੀਲ ਅਤੇ ਪ੍ਰਸ਼ਾਸਨਿਕ ਅਧਿਕਾਰੀ ਬਣ ਕੇ ਦੇਸ਼ ਨੂੰ ਤਰੱਕੀ ਦੇ ਰਾਹਾ ਤੇ ਪਾਇਆ । ਅੱਜ ਹਰ ਖੇਤਰ ਵਿੱਚ ਪੁਰਸ਼ਾਂ ਦੇ ਬਰਾਬਰ ਕੰਮ ਕਰ ਰਹੀਆਂ ਹਨ। ਅਜੋਕੇ ਸਮੇ ਨੇ ਔਰਤ ਨੂੰ ਆਰਥਿਕ ਤੌਰ ਤੇ ਸਵੈ-ਨਿਰਭਰ ਬਣਾ ਦਿੱਤਾ। ਨੌਕਰੀ ਅਤੇ ਬਿਜਨਸ ਨਾਲ ਆਪਣੇ ਪੈਰਾਂ 'ਤੇ ਖੜ੍ਹੀ ਹੈ। ਇਸ ਨਾਲ ਸਵੈ- ਭਰੋਸੇ ਵਿੱਚ ਵਾਧਾ ਹੋਇਆ ਅਤੇ ਪਰਿਵਾਰ ਵਿੱਚ ਉਸ ਦੀ ਗੱਲ ਨੂੰ ਤਵੱਜੋ ਮਿਲਣ ਲੱਗੀ। ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਬਣਾ ਲਿਆ। ਪਹਿਲਾ ਉਸ ਨੂੰ ਸਿੱਖਿਆ,ਨੌਕਰੀ ਅਤੇ ਭਵਿੱਖਮਈ ਫ਼ੈਸਲਾ ਕਰਨ ਦੇ ਅਧਿਕਾਰ ਨਹੀ ਸਨ। ਸਮਾਜ ਦੀ ਬਦਲੀ ਸੋਚ ਅਤੇ ਹੱਕਾਂ ਪ੍ਰਤੀ ਜਾਗਰੁਕਤਾ ਨੇ ਫ਼ੈਸਲੇ ਲੈਣ ਲ਼ਈ ਸਮਰੱਥ ਬਣਾ ਦਿੱਤਾ।

ਔਰਤਾ ਰਾਜਨੀਤੀ ਵਿੱਚ ਵੀ ਸਰਗਰਮ ਭੂਮਿਕਾ ਨਿਭਾ ਰਹੀਆ ਹਨ। ਪੰਚਾਇਤਾਂ ਤੋਂ ਲੈ ਕੇ ਸੰਸਦ ਤੱਕ, ਆਪਣੀ ਹਾਜ਼ਰੀ ਦਰਜ ਕਰਵਾਈ ਹੈ । ਭਾਰਤੀ ਸੰਵਿਧਾਨ ਦਾ ਅਨੁਛੇਦ 2434 ਚੋਣਾ ਵਿੱਚ ਔਰਤਾਂ ਲਈ ਰਾਖਵੇਂਕਰਨ ਪ੍ਰਦਾਨ ਕਰਦੀ ਹੈ । ਭਾਵੇ ਦੇਸ ਵਿੱਚ ਇਹ 33 ਪ੍ਰਤੀਸਤ ਹੈ । ਪਰ ਬਿਹਾਰ,ਕੇਰਲਾ ਤੇ ਮਹਾਰਾਸਟਰ ਨੇ ਇਹ ਵਧਾ ਕੇ 50 ਪ੍ਰਤੀਸਤ ਕਰ ਦਿੱਤਾ ਹੈ । ਜਿਸ ਕਰਕੇ ਔਰਤਾ ਨੀਤੀਆਂ ਬਣਾਉਣ, ਸਮਾਜਿਕ ਸਮੱਸਿਆਵਾਂ ਨੂੰ ਉਠਾਉਣ ਅਤੇ ਲੋਕਾਂ ਦੀ ਆਵਾਜ਼ ਬਣਨ ਵਿੱਚ ਅੱਗੇ ਆ ਰਹੀਆਂ ਹਨ। ਇਸ ਨਾਲ ਲੋਕਤੰਤਰ ਮਜ਼ਬੂਤ ਹੋ ਰਿਹਾ ਹੈ ਅਤੇ ਔਰਤਾ ਦੀਆ ਮੁਸਕਲਾ ਨੂੰ ਸਰਕਾਰਾ ਅੱਗੇ ਰੱਖਿਆ । ਇਹ ਸਿਰਫ਼ ਕਰੀਅਰ-ਕੇਂਦਰਿਤ ਹੀ ਨਹੀਂ, ਸਗੋਂ ਉਹ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਵੀ ਨਿਭਾ ਰਹੀ ਹੈ। ਇੱਕ ਪਾਸੇ ਮਾਂ, ਧੀ, ਪਤਨੀ ਦੇ ਫਰਜ਼ ਨਿਭਾਉਂਦੀ ਹੈ ਅਤੇ ਦੂਜੇ ਪਾਸੇ ਸਮਾਜ ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੀ ਹੈ। ਬਹੁਤ ਸਾਰੀਆਂ ਔਰਤਾਂ ਘਰੋਂ ਕੰਮ ਕਰਕੇ, ਸਵੈ-ਰੋਜ਼ਗਾਰ ਰਾਹੀਂ ਜਾਂ ਸਟਾਰਟਅਪ ਸ਼ੁਰੂ ਕਰਕੇ ਕੰਪਨੀਆ ਚਲਾ ਰਹੀਆਂ ਹਨ। ਭਾਂਵੇ ਘਰ, ਕੰਮ ਅਤੇ ਪਰਿਵਾਰ ਵਿਚ ਸੰਤੁਲਨ ਬਣਾਉਣਾ ਆਸਾਨ ਨਹੀਂ, ਪਰ ਸੰਤੁਲਨ ਬਣਾਉਣ ਦੀ ਕਲਾ ਬਖ਼ੂਬੀ ਜਾਣਦੀ ਹੈ।

ਇੰਨੀ ਤਰੱਕੀ ਦੇ ਬਾਵਜੂਦ ਔਰਤ ਨੂੰ ਅਨੇਕਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲਿੰਗ ਭੇਦਭਾਵ, ਘਰੇਲੂ ਹਿੰਸਾ, ਦਾਜ ਪ੍ਰਥਾ ਅਤੇ ਸਮਾਜਕ ਬੇੜੀਆਂ ਦੀ ਜਕੜ ਅਜੇ ਵੀ ਖਤਮ ਨਹੀ ਹੋਈ । ਜਦੋ ਕਿ ਧਾਰਾ 16 ਜਨਤਕ ਰੁਜ਼ਗਾਰ ਵਿੱਚ ਸਮਾਨਤਾ ਦੇ ਮੌਕੇ ਅਤੇ ਧਾਰਾ 15 ਧਰਮ, ਨਸਲ, ਜਾਤ, ਲਿੰਗ, ਜਾਂ ਜਨਮ ਦੇ ਆਧਾਰ @ਤੇ ਕਿਸੇ ਵੀ ਨਾਗਰਿਕ ਨਾਲ ਵਿਤਕਰੇ ਦੀ ਮਨਾਹੀ ਕਰਦੀ ਹੈ। ਜੇਕਰ ਉਸ ਨੂੰ ਸਮਾਨ ਅਵਸਰ, ਸੁਰੱਖਿਆ ਅਤੇ ਆਦਰ ਮਿਲੇ, ਤਾਂ ਉਹ ਦੇਸ਼ ਅਤੇ ਸਮਾਜ ਨੂੰ ਨਵੀਆਂ ਉਚਾਈਆਂ ਤੱਕ ਲੈ ਜਾ ਸਕਦੀ ਹੈ। ਸਿਰਫ ਆਪਣੇ ਲਈ ਨਹੀਂ, ਸਗੋਂ ਪੂਰੇ ਸਮਾਜ ਦੇ ਭਵਿੱਖ ਲਈ ਆਸ ਦੀ ਕਿਰਣ ਹੈ। ਸੰਯੁਕਤ ਰਾਸ਼ਟਰ ਦੇ ਸਾਬਕਾ ਸਕੱਤਰ ਕੋਫੀ ਅੰਨਾਨ ਨੇ ਕਿਹਾ ਸੀ, ÷ਲਿੰਗ ਸਮਾਨਤਾ ਨੂੰ ਉਤਸ਼ਾਹਿਤ ਕਰਨਾ ਸਿਰਫ਼ ਔਰਤਾਂ ਦੀ ਜ਼ਿੰਮੇਵਾਰੀ ਨਹੀਂ ਹੈ, ਇਹ ਸਾਡੇ ਸਾਰਿਆਂ ਦੀ ਜ਼ਿੰਮੇਵਾਰੀ ਹੈ ਇਸੇ ਲਈ ਜਾਗਰੂਕਤਾ, ਕਾਨੂੰਨੀ ਸਹਾਇਤਾ ਅਤੇ ਸਿੱਖਿਆ ਦੇ ਨਾਲ ਔਰਤ ਇਨ੍ਹਾਂ ਸਮੱਸਿਆਵਾਂ ਖ਼ਿਲਾਫ਼ ਖੜ੍ਹੀ ਹੋ ਰਹੀ ਹੈ। ਉਹ ਹੁਣ ਚੁੱਪ ਨਹੀਂ ਰਹਿੰਦੀ, ਸਗੋਂ ਆਪਣੇ ਹੱਕਾਂ ਲਈ ਆਵਾਜ਼ ਉਠਾਉਂਦੀ ਹੈ।

ਮੀਡੀਆ ਅਤੇ ਤਕਨਾਲੋਜੀ ਨੇ ਵੀ ਔਰਤ ਨੂੰ ਨਵੀਂ ਪਛਾਣ ਦਿੱਤੀ ਹੈ। ਸੋਸ਼ਲ ਮੀਡੀਆ ਰਾਹੀਂ ਔਰਤ ਆਪਣੀਆਂ ਗੱਲਾਂ, ਪ੍ਰਤਿਭਾਵਾਂ ਅਤੇ ਵਿਚਾਰਾਂ ਨੂੰ ਦੁਨੀਆ ਸਾਹਮਣੇ ਰੱਖ ਰਹੀ ਹੈ। ਇਹ ਨਾਲ ਉਸ ਦੇ ਵਿਚਾਰ ਦੂਰ-ਦੂਰ ਤੱਕ ਪਹੁੰਚਾਉਂਦੇ ਹਨ। ਉਹ ਸਮਾਜ ਦੀ ਰੀੜ੍ਹ ਦੀ ਹੱਡੀ ਹੈ। ਸਾਨੂੰ ਚਾਹੀਦਾ ਹੈ ਕਿ ਔਰਤਾਂ ਨੂੰ ਸਮਾਨ ਅਧਿਕਾਰ, ਸਿੱਖਿਆ ਅਤੇ ਬਰਾਬਰ ਦੇ ਮੌਕੇ ਦੇ ਕੇ ਇੱਕ ਨਿਰਭਾਉ ਅਤੇ ਸੁਤੰਤਰ ਸਮਾਜ ਦੀ ਰਚਨਾ ਕਰੀਏ। ਜੋ ਸਮਾਜ ਦੀਆ ਰਚਣਹਾਰੀਆ ਹਨ। ਅਸੀ ਤਾ ਕੀ ਇਹਨਾ ਦੇ ਹੱਕਾ ਦੀ ਗਵਾਹੀ ਤਾ ਗੁਰੂਆ ਪੀਰਾ ਨੇ ਵੀ ਸ਼ਾਡੇ ਧਾਰਮਿਕ ਗ੍ਰੰਥ ਵਿੱਚ ਵੀ ਦਰਜ ਕਰਵਾਈ ਹੈ । ਗੁਰ ਨਾਨਕ ਸਾਹਿਬ ਪਹਿਲੇ ਕ੍ਰਾਤੀਕਾਰੀ ਗਰੂ ਸਨ ਜਿਨ੍ਹਾਂ ਨੇ ਇਸਤਰੀ ਆਜ਼ਾਦੀ ਲਈ ਆਵਾਜ਼ ਉਠਾਈ। ਗੁਰੂ ਨਾਨਕ ਸਾਹਿਬ ਜੀ ਨੇ ਔਰਤਾ ਲਈ ਸਬਦ ਉਚਾਰੇ ਕਿ ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ਔਰਤਾ ਨੇ ਰਾਜਿਆਂ, ਯੋਧਿਆਂ, ਸੰਤਾਂ ਨੂੰ ਜਨਮ ਦਿੱਤਾ ਹੈ ਉਹ ਨੂੰ ਅਪਮਾਣਿਤ ਨਹੀ ਕੀਤਾ ਜਾ ਸਕਦਾ। ਨਵੇਂ ਯੁੱਗ ਦੀ ਔਰਤ ਸਵੈ-ਵਿਸ਼ਵਾਸ ਦੇ ਚਲਦਿਆ ਸਮਾਨਤਾ ਦੀ ਹੱਕਦਾਰ ਹੈ। ਜੇਕਰ ਔਰਤ ਅੱਗੇ ਵਧੇਗੀ, ਤਾਂ ਪਰਿਵਾਰ, ਸਮਾਜ ਅਤੇ ਦੇਸ਼ ਆਪੇ ਹੀ ਤਰੱਕੀ ਕਰੇਗਾ।

**ਧੰਨਵਾਦ ਸਹਿਤ ਵਲੋ :-**
**ਧੰਨਵਾਦ ਸਹਿਤ ਵਲੋ**
**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ** 7837490309

# ਮੋਬਾਈਲ ਗੇਮਿੰਗ ਦੇ ਬੱਚਿਆਂ 'ਤੇ ਦੁਰਪ੍ਰਭਾਵ

ਮੋਬਾਈਲ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣ ਚੁੱਕਿਆ ਹੈ। ਇਸ ਤੋਂ ਬਿਨਾਂ ਅੱਜ ਜ਼ਿੰਦਗੀ ਸੰਭਵ ਨਹੀਂ ਲੱਗਦੀ। ਇਸ ਦੀਆਂ ਸੁੱਖ ਸਹੂਲਤਾਂ ਦੇ ਨਾਲ ਨਾਲ ਸਾਨੂੰ ਜਾਣੇ ਅਣਜਾਣੇ ਵਿੱਚ ਬਹੁਤ ਤਰ੍ਹਾਂ ਦੇ ਨੁਕਸਾਨ ਵੀ ਉਠਾਉਣੇ ਪੈ ਰਹੇ ਹਨ। ਅੱਜ ਨਿੱਤ ਦਿਹਾੜੇ ਕੋਈ ਨਾ ਕੋਈ ਅਜਿਹੀ ਖ਼ਬਰ ਸੁਣਨ ਨੂੰ ਮਿਲਦੀ ਹੈ ਜਿਸ ਵਿੱਚ ਬੱਚੇ ਮੋਬਾਈਲ ਤੇ ਗੇਮਾਂ ਖੇਡਦੇ ਖੇਡਦੇ ਆਪਣਾ ਮਾਨਸਿਕ ਸੰਤੁਲਨ ਗੁਆਉਣ ਕਾਰਨ ਵੱਡੀਆਂ ਵੱਡੀਆਂ ਦੁਰਘਟਨਾਵਾਂ ਨੂੰ ਅੰਜਾਮ ਦੇ ਬੈਠਦੇ ਹਨ। ਮੋਬਾਈਲ ਗੇਮਿੰਗ ਬੱਚਿਆਂ ਦੀ ਸਰੀਰਕ ਅਤੇ ਮਾਨਸਿਕ ਸਿਹਤ @ਤੇ ਬੁਰਾ ਪ੍ਰਭਾਵ ਪਾਉਂਦੀ ਹੈ। ਜ਼ਿਆਦਾ ਦੇਰ ਗੇਮਾਂ ਖੇਡਣ ਨਾਲ ਅੱਖਾਂ ਦੀ ਰੋਸ਼ਨੀ ਘੱਟ ਹੋਣਾ, ਸੁਭਾਅ ਵਿੱਚ ਚਿੜਚਿੜਾਪਣ ਆਉਣਾ, ਅਤੇ ਦਿਲ ਦੀ ਸਿਹਤ @ਤੇ ਮਾੜਾ ਅਸਰ ਪੈਣਾ ਵਰਗੀਆਂ ਗੰਭੀਰ ਸਮੱਸਿਆਵਾਂ ਹੋ ਰਹੀਆਂ ਹਨ। ਬੱਚੇ ਲਗਾਤਾਰ ਇੱਕੋ ਥਾਂ ਬੈਠ ਕੇ ਘੰਟਿਆਂ ਬੱਧੀ ਮੋਬਾਈਲ ਗੇਮ ਖੇਡਦੇ ਰਹਿੰਦੇ ਹਨ। ਲਗਾਤਾਰ ਇੱਕੋ ਥਾਂ ਬੈਠਣ ਨਾਲ ਅੱਜ ਕੱਲ੍ਹ ਬੱਚਿਆਂ ਵਿੱਚ ਮੋਟਾਪੇ ਵਰਗੀਆਂ ਬੀਮਾਰੀਆਂ ਆਮ ਹੀ ਵੇਖਣ ਨੂੰ ਮਿਲਦੀਆਂ ਹਨ। ਬੱਚਿਆਂ ਦੀਆਂ ਅੱਖਾਂ ਤੇ ਬੁਰਾ ਪ੍ਰਭਾਵ ਪੈਂਦਾ ਹੈ। ਅੱਜ ਕੱਲ੍ਹ ਛੋਟੇ ਛੋਟੇ ਬੱਚਿਆਂ ਦੇ ਵੱਡੇ ਨੰਬਰਾਂ ਵਾਲ਼ੀਆਂ ਨਿਗ੍ਹਾ ਦੀਆਂ ਐਨਕਾਂ ਲੱਗ ਰਹੀਆਂ ਹਨ। ਇਸ ਨਾਲ ਬੱਚੇ ਹੋਰ ਵੀ ਕਈ ਤਰ੍ਹਾਂ ਦੀਆਂ ਸਰੀਰਕ ਕਮਜ਼ੋਰੀਆਂ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਦਾ ਸਰੀਰਕ ਵਿਕਾਸ ਰੁਕ ਜਾਂਦਾ ਹੈ। ਮੋਬਾਈਲ ਗੇਮਿੰਗ ਦਾ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਬੱਚੇ ਮਾਨਸਿਕ ਤੌਰ ਤੇ ਬਿਮਾਰ ਹੋ ਰਹੇ ਹਨ। ਇਸ ਕਾਰਨ ਬੱਚਿਆਂ ਦੀਆਂ ਮਾਨਸਿਕ ਸਮੱਸਿਆਵਾਂ ਕਈ ਗੁਣਾ ਵੱਧ ਰਹੀਆਂ ਹਨ। ਵੱਡੀ ਗੱਲ ਇਹ ਹੈ ਕਿ ਤਿੰਨ ਤੋਂ ਚਾਰ ਸਾਲ ਦੇ ਛੋਟੇ ਬੱਚੇ ਵੀ ਇਸ ਦਾ ਸ਼ਿਕਾਰ ਹੋ ਰਹੇ ਹਨ। ਸਿਰਫ ਇਹੀ ਨਹੀਂ, ਖੇਡਾਂ ਲਈ ਉਪਕਰਣਾਂ ਦੀ ਘਾਟ ਕਾਰਨ, ਹੁਣ ਬੱਚੇ ਹਿੰਸਾ @ਤੇ ਵੀ ਉਤਰਨ ਲੱਗ ਪਏ ਹਨ।

ਜਿਹੜੇ ਬੱਚੇ ਮੋਬਾਈਲ ਤੇ ਆਨਲਾਈਨ ਗੇਮਾਂ ਜਿਵੇਂ ਪੱਬਜੀ ਜਾਂ ਫ੍ਰੀ ਫਾਇਰ ਵਰਗੀਆਂ ਜਾਂ ਹੋਰ ਅਨੇਕਾਂ ਇਹੋ ਜਿਹੀਆਂ ਗੇਮਾਂ ਦੇ ਆਦੀ ਹੋ ਜਾਂਦੇ ਹਨ ਉਹਨਾਂ ਦਾ ਪੜ੍ਹਾਈ ਤੋਂ ਧਿਆਨ ਬਿਲਕੁਲ ਹਟ ਜਾਂਦਾ ਹੈ। ਉਹਨਾਂ ਦੀ ਮਾਨਸਿਕ ਸਥਿਤੀ ਖ਼ਰਾਬ ਹੋਣ ਲੱਗਦੀ ਹੈ ਤੇ ਖੇਡ ਦਾ ਨਾਕਾਰਾਤਮਕ ਪ੍ਰਭਾਵ ਉਨ੍ਹਾਂ ਉੱਪਰ ਭਾਰੂ ਹੋਣ ਨਾਲ ਜਾਂ ਤਾਂ ਮਾਨਸਿਕ ਤੌਰ ਤੇ ਬੁਰੀ ਤਰ੍ਹਾਂ ਬੀਮਾਰ ਹੋ ਜਾਂਦੇ ਹਨ ਤੇ ਕਈ ਵਾਰ ਤਾਂ ਡੂੰਘੇ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਬੱਚੇ ਆਤਮਹੱਤਿਆ ਵਰਗੇ ਭਿਆਨਕ ਕਦਮ ਵੀ ਉਠਾ ਲੈਂਦੇ ਹਨ। ਮੋਬਾਈਲ ਗੇਮਾਂ ਵਿੱਚ ਹਥਿਆਰ ਜਾਂ ਗੇਮਾਂ ਦੇ ਅਪਗ੍ਰੇਡ ਖਰੀਦਣ ਦੇ ਚੱਕਰ ਵਿੱਚ ਬੱਚੇ ਕਈ ਵਾਰ ਘਰ ਦੇ ਪੈਸਿਆਂ ਦੀ ਦੁਰਵਰਤੋਂ ਕਰ ਲੈਂਦੇ ਹਨ ਜਿਸ ਕਰਕੇ ਬੱਚਿਆਂ ਦੇ ਨਾਲ ਨਾਲ ਮਾਪਿਆਂ ਨੂੰ ਵੀ ਇਸ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਅੱਜ ਦੇ ਬਦਲਦੇ ਦੌਰ ਵਿੱਚ ਅਤੇ ਸਮਾਰਟ ਫੋਨਾਂ ਰਾਹੀਂ ਸਮਾਰਟ ਹੋ ਰਹੀ ਦੁਨੀਆਂ ਦੇ ਨਾਲ ਬੱਚਿਆਂ ਵਿੱਚ ਮੋਬਾਈਲ ਗੇਮਿੰਗ ਦਾ ਰੁਝਾਨ ਬਹੁਤ ਤੇਜ਼ੀ ਨਾਲ ਵਧਣ ਲੱਗਿਆ ਹੈ। ਇਹ ਆਦਤ ਕਿੰਨੀ ਖਤਰਨਾਕ ਹੋ ਰਹੀ ਹੈ ਇਹ ਤਾਂ ਅੱਜ ਕੱਲ੍ਹ ਆਉਣ ਵਾਲੀਆਂ ਤਰ੍ਹਾਂ ਤਰ੍ਹਾਂ ਦੀਆਂ ਬੁਰੀਆਂ ਖਬਰਾਂ ਤੋਂ ਪਤਾ ਲੱਗ ਰਿਹਾ ਹੈ। ਕਿਤੇ ਬੱਚਿਆਂ ਵੱਲੋਂ ਮਾਪਿਆਂ ਦੇ ਬੈਂਕ ਖਾਤੇ ਖ਼ਾਲੀ ਕਰ ਦਿੱਤੇ ਜਾਂਦੇ ਹਨ,ਕਿਤੇ ਬੱਚਿਆਂ ਵੱਲੋਂ ਮਾਪਿਆਂ ਪ੍ਰਤੀ ਹਿੰਸਕ ਪ੍ਰਵਿਰਤੀਆਂ ਅਪਣਾ ਕੇ ਕਈ ਤਰ੍ਹਾਂ ਦੇ ਘਾਤਕ ਕਦਮ ਉਠਾ ਕੇ ਮਾਪਿਆਂ ਨੂੰ ਜਾਂ ਭੈਣ ਭਰਾਵਾਂ ਨੂੰ ਆਪਣੀ ਹਿੰਸਾ ਦਾ ਸ਼ਿਕਾਰ ਬਣਾ ਰਹੇ ਹਨ। ਕਰੋਨਾ ਕਾਲ ਸਮੇਂ ਤੋਂ ਆਨਲਾਈਨ ਪੜ੍ਹਾਈ ਕਰਨ ਅਤੇ ਕੰਮ ਕਰਨ ਦਾ ਰੁਝਾਨ ਵਧਣ ਨਾਲ ਬੱਚਿਆਂ ਲਈ ਮਾਪਿਆਂ ਦੇ ਇਸ ਜੰਤਰ ਨੂੰ ਵਰਤਣਾ ਸੌਖਾ ਹੋ ਗਿਆ। ਬੱਚੇ ਮੋਬਾਈਲ ਤੇ ਪੜ੍ਹਾਈ ਘੱਟ ਕਰਦੇ ਤੇ ਵੀਡੀਓ ਗੇਮਾਂ ਖੇਡਣ ਜਾਂ ਯੂਟਿਊਬ ਰਾਹੀਂ ਵਰਜਿਤ ਤੱਥ ਵੇਖਣ ਵਿੱਚ ਜ਼ਿਆਦਾ ਦਿਲਚਸਪੀ ਦਿਲਚਸਪੀ ਰੱਖਦੇ ਹਨ।

ਅੱਜ ਕੱਲ੍ਹ ਮਾਪੇ ਆਪਣੇ ਕੰਮਾਂ ਵਿੱਚ ਜ਼ਿਆਦਾ ਰੁੱਝੇ ਰਹਿੰਦੇ ਹਨ। ਬੱਚੇ ਉਨ੍ਹਾਂ ਨੂੰ ਵਾਰ ਵਾਰ ਪਰੇਸ਼ਾਨ ਨਾ ਕਰਨ ਇਸ ਲਈ ਉਹ ਉਨ੍ਹਾਂ ਨੂੰ ਆਪਣੇ ਮੋਬਾਈਲ ਦੇ ਕੇ ਉਨ੍ਹਾਂ ਨੂੰ ਵਿਅਸਤ ਤਾਂ ਕਰ ਦਿੰਦੇ ਹਨ ਪਰ ਉਹ ਇਹ ਭੁੱਲ ਜਾਂਦੇ ਹਨ ਕਿ ਉਹ ਆਪਣੇ ਬੱਚੇ ਨੂੰ ਕਿਹੜੀ ਦਲਦਲ ਵਿੱਚ ਧਕੇਲ ਰਹੇ ਹੁੰਦੇ ਹਨ। ਬਸ ਮਾਪਿਆਂ ਦੀ ਇਸ ਕਮਜ਼ੋਰੀ ਦਾ ਫ਼ਾਇਦਾ ਉਠਾਉਂਦੇ ਹੋਏ ਬੱਚੇ ਆਨਲਾਈਨ ਗੇਮਿੰਗ ਅਤੇ ਆਨਲਾਈਨ ਵੀਡੀਓ ਵੇਖਣ ਦੇ ਆਦੀ ਹੋਣ ਲੱਗਦੇ ਹਨ। ਬੱਚਿਆਂ ਵਿੱਚ ਵੱਡਿਆਂ ਪ੍ਰਤੀ ਸਤਿਕਾਰ ਦੀ ਭਾਵਨਾ ਘਟਣ ਲੱਗਦੀ ਹੈ। ਉਹ ਘਰ ਆਏ ਮਹਿਮਾਨਾਂ ਨੂੰ ਵੀ ਸਮਾਂ ਦੇਣ ਦੀ ਬਜਾਏ ਘਰ ਦੀ ਇੱਕ ਨੁੱਕਰੇ ਬੈਠਾ ਗੇਮਾਂ ਵਿੱਚ ਰੁੱਝਿਆ ਦਿਸਦਾ ਹੈ। ਉਦੋਂ ਤਾਂ ਸ਼ਾਇਦ ਮਾਪਿਆਂ ਨੂੰ ਲੱਗਦਾ ਹੋਵੇਗਾ ਕਿ ਬੱਚਾ ਤੰਗ ਨਹੀਂ ਕਰ ਰਿਹਾ ਪਰ ਉਹ ਇਸ ਗੱਲੋਂ ਅਣਜਾਣ ਹੁੰਦੇ ਹਨ ਕਿ ਆਪਣੇ ਬੱਚੇ ਦੀ ਸਿਹਤ ਨੂੰ ਕਿਸ ਤਰ੍ਹਾਂ ਖ਼ਤਰੇ ਵਿੱਚ ਪਾ ਰਹੇ ਹੁੰਦੇ ਹਨ। ਜਿਸ ਦਾ ਨਤੀਜਾ ਇੱਕ ਨਾ ਇੱਕ ਦਿਨ ਉਨ੍ਹਾਂ ਨੂੰ ਆਪ ਹੀ ਭੁਗਤਣਾ ਪੈਂਦਾ ਹੈ। ਜਦ ਕਿ ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਦੇ ਸਾਹਮਣੇ ਮੋਬਾਈਲ ਦੀ ਜ਼ਿਆਦਾ ਵਰਤੋਂ ਨਾ ਕਰਨ। ਉਹ ਆਪਣੇ ਬੱਚਿਆਂ ਨੂੰ ਖੇਡਣ ਲਈ ਖਿਡੌਣੇ ਦੇਣ, ਉਨ੍ਹਾਂ ਲਈ ਸਮਾਂ ਕੱਢ ਕੇ ਉਨ੍ਹਾਂ ਨਾਲ਼ ਗੱਲਾਂ ਬਾਤਾਂ ਸਾਂਝੀਆਂ ਕਰਨ ਤਾਂ ਜੋ ਬੱਚਾ ਆਪਣੇ ਆਪ ਨੂੰ ਦਿਮਾਗੀ ਤੌਰ ਤੇ ਹਲਕਾ ਮਹਿਸੂਸ ਕਰਦਾ ਹੋਇਆ ਆਪਣੇ ਮਾਪਿਆਂ ਦੀ ਸੰਗਤ ਦਾ ਆਨੰਦ ਮਾਣੇ। ਬੱਚੇ ਨੂੰ ਘਰ ਦੇ ਵਿਹੜੇ ਵਿੱਚ ਖੇਡਣ ਤੋਂ ਲੈ ਕੇ ਗਰਾਊਂਡ ਤੱਕ ਦੀਆਂ ਖੇਡਾਂ ਵਿੱਚ ਰੁਝਾਨ ਪੈਦਾ ਕਰਨ,ਇਸ ਨਾਲ ਉਨ੍ਹਾਂ ਦੀ ਸਰੀਰਕ ਤਾਕਤ ਵਧੇਗੀ ਅਤੇ ਮੋਬਾਈਲ ਵਿਚ ਗੇਮਾਂ ਖੇਡਣ ਦੀ ਆਦਤ ਛੁੱਟ ਜਾਵੇਗੀ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਬਹੁਤੀ ਦੇਰ ਇਕੱਲੇ ਨਾ ਛੱਡਣ ਸਗੋਂ ਉਨ੍ਹਾਂ ਨੂੰ ਸਮਾਂ ਤੇ ਸਾਥ ਦੇ ਕੇ ਬੱਚੇ ਨੂੰ ਮਾਨਸਿਕ ਤੌਰ ਮਜ਼ਬੂਤ ਬਣਾਉਣ। ਉਹ ਬੱਚੇ ਦੀ ਰੁੱਚੀ ਜਾਣਨ ਦੀ ਕੋਸ਼ਿਸ਼ ਕਰਨ, ਫਿਰ ਉਨ੍ਹਾਂ ਨੂੰ ਉਸ ਅਨੁਸਾਰ ਚੀਜ਼ਾਂ ਲਿਆ ਕੇ ਦੇਣ। ਬੱਚਿਆਂ ਨੂੰ ਮੋਬਾਈਲ ਗੇਮਿੰਗ ਤੋਂ ਖਹਿੜਾ ਛੁਡਾਉਣ ਲਈ ਉਨ੍ਹਾਂ ਨੂੰ ਕਿਤਾਬਾਂ ਪੜ੍ਹਨ ਅਤੇ ਬਾਹਰੀ ਖੇਡਾਂ ਖੇਡਣ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ। ਵਿਹਲੇ ਸਮੇਂ ਵਿਚ ਬੱਚਿਆਂ ਨੂੰ ਉਨ੍ਹਾਂ ਦੇ ਮਨ ਪਸੰਦ ਦੀਆਂ ਕਿਰਿਆਵਾਂ ਜਿਵੇਂ ਡਰਾਇੰਗ, ਡਾਂਸ, ਪੇਂਟਿੰਗ,ਯੋਗਾ ਆਦਿ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਬੱਚਿਆਂ ਅੰਦਰ ਉਤਸ਼ਾਹ ਪੈਦਾ ਹੋਵੇ। ਸਮੇਂ ਸਮੇਂ ਤੇ ਮਾਪਿਆਂ ਨੂੰ ਆਪਣਾ ਮੋਬਾਈਲ ਪਾਸਵਰਡ ਬਦਲਦੇ ਰਹਿਣਾ ਚਾਹੀਦਾ ਹੈ। ਜੇ ਬੱਚਾ ਜ਼ਿੱਦ ਕਰਦਾ ਹੈ, ਤਾਂ ਉਸਨੂੰ ਦੂਜੀਆਂ ਚੀਜ਼ਾਂ ਵਿਚ ਰੁਝਾ ਕੇ ਮੋਬਾਈਲ ਤੋਂ ਦੂਰੀ ਬਣਾਉਣ ਦੀ ਕੋਸ਼ਿਸ਼ ਕਰੋ। ਪਲੇ ਸਟੋਰ ਵਰਗੀਆਂ ਐਪਸ ਤੋਂ ਆਪਣੇ ਬੈਂਕ ਖਾਤੇ ਨੂੰ ਨਾ ਜੋੜੋ। ਸਮੇਂ-ਸਮੇਂ ਤੇ ਉਨ੍ਹਾਂ ਦੇ ਮੋਬਾਈਲ ਦੀ ਜਾਂਚ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਪਤਾ ਲੱਗਦਾ ਰਹੇ ਕਿ ਬੱਚੇ ਕਿਹੜੀ ਕਿਹੜੀ ਐਪ ਜਾਂ ਗੇਮ ਦੀ ਵਰਤੋਂ ਕਰ ਰਹੇ ਹਨ। ਬੱਚਿਆਂ ਲਈ ਫ਼ੋਨ ਵਰਤਣ ਦਾ ਸਮਾਂ ਵੀ ਨਿਰਧਾਰਤ ਕਰਨਾ ਚਾਹੀਦਾ ਹੈ। ਇਹ ਨਿਸ਼ਚਿਤ ਕਰੋ ਕਿ ਬੱਚੇ ਦਿਨ ਵਿੱਚ 1-2 ਘੰਟੇ ਤੋਂ ਵੱਧ ਮੋਬਾਈਲ ਫ਼ੋਨ ਨਾ ਵਰਤਣ। ਫ਼ੋਨ ਵਿੱਚ 'ਪੇਰੈਂਟਲ ਕੰਟਰੋਲ' ਲਗਾ ਕੇ ਰੱਖੋ ਤਾਂ ਜੋ ਬੱਚੇ ਗਲਤ ਸਮੱਗਰੀ ਤੋਂ ਬਚੇ ਰਹਿਣ। ਇਸ ਤਰ੍ਹਾਂ ਮਾਪਿਆਂ ਵੱਲੋਂ ਵਰਤੀ ਗਈ ਚੌਕਸੀ ਤੇ ਥੋੜ੍ਹੀਆਂ ਜਿਹੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਬੱਚਿਆਂ ਨੂੰ ਇਸ ਮੋਬਾਈਲ ਗੇਮਿੰਗ ਵਰਗੀ ਭੈੜੀ ਆਦਤ ਤੋਂ ਬਚਾਇਆ ਜਾ ਸਕਦਾ ਹੈ। ਸਾਰੇ ਮਾਪਿਆਂ ਦਾ ਆਪਣੇ ਬੱਚਿਆਂ ਦੇ ਨਿਗਰਾਨ ਬਣ ਕੇ ਰਹਿਣਾ ਮੁੱਢਲਾ ਫਰਜ਼ ਹੁੰਦਾ ਹੈ ਤਾਂ ਜੋ ਉਹਨਾਂ ਦੇ ਮਾਰਗ ਦਰਸ਼ਕ ਬਣ ਕੇ ਉਨ੍ਹਾਂ ਨੂੰ ਇਹੋ ਜਿਹੀਆਂ ਭੈੜੀਆਂ ਆਦਤਾਂ ਵਿੱਚ ਪੈਣ ਤੋਂ ਬਚਾਇਆ ਜਾ ਸਕੇ।ਕਦੇ ਨਾ ਭੁੱਲੋ ਕਿ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਸੁਰੱਖਿਅਤ ਰੱਖਣਾ




**ਬਰਜਿੰਦਰ ਕੌਰ ਬਿਸਰਾਓ...**
**9988901324**

# ਸ਼ਾਂਤੀ ਤੇ ਸਿਰਜਣਾਤਮਕਤਾ ਨਾਲ਼ ਹੀ ਖੁੱਲ੍ਹਦੇ ਹਨ ਨਵੇਂ ਰਾਹ

ਅਜੋਕੇ ਸਮੇਂ ਵਿੱਚ ਇਜ਼ਰਾਈਲ, ਅਮਰੀਕਾ ਅਤੇ ਈਰਾਨ ਦੇ ਵਿਚਕਾਰ ਵਧ ਰਹੀ ਜੰਗੀ ਤਣਾਅ ਨੇ ਵਿਸ਼ਵ ਦੀ ਆਰਥਿਕ ਅਤੇ ਸਮਾਜਿਕ ਰਫ਼ਤਾਰ ਨੂੰ ਇੱਕ ਅਜਿਹੀ ਬਰੇਕ ਲਗਾ ਦਿੱਤੀ ਹੈ, ਜਿਸ ਦਾ ਖ਼ਮਿਆਜ਼ਾ ਅੱਜ ਤਕਰੀਬਨ ਦੁਨੀਆਂ ਦਾ ਹਰੇਕ ਦੇਸ਼ ਭੁਗਤ ਰਿਹਾ ਹੈ। ਤੇਲ ਅਤੇ ਗੈਸ ਦੀ ਪੂਰਤੀ ਵਿੱਚ ਆਈ ਰੁਕਾਵਟ ਨੇ ਸਪਲਾਈ ਚੇਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਜਿਸ ਕਾਰਨ ਮਹਿੰਗਾਈ ਨੇ ਆਮ ਮਨੁੱਖ ਦੀ ਰਸੋਈ ਤੱਕ ਦਸਤਕ ਦੇ ਦਿੱਤੀ ਹੈ। ਇਹ ਸਥਿਤੀ ਸਾਬਤ ਕਰਦੀ ਹੈ ਕਿ ਅੱਜ ਦੇ ਦੌਰ ਵਿੱਚ ਕੋਈ ਵੀ ਮੁਲਕ ਦੂਜੇ ਤੋਂ ਨਿਰਲੇਪ ਨਹੀਂ ਹੈ ਜੇਕਰ ਦੁਨੀਆਂ ਦੇ ਇੱਕ ਕੋਨੇ ਵਿੱਚ ਅੱਗ ਲੱਗਦੀ ਹੈ ਤਾਂ ਉਸ ਦਾ ਸੇਕ ਪੂਰੀ ਮਨੁੱਖਤਾ ਨੂੰ ਝੱਲਣਾ ਪੈਂਦਾ ਹੈ।

ਇਤਿਹਾਸ ਗਵਾਹ ਹੈ ਕਿ ਜੰਗਾਂ ਕਦੇ ਵੀ ਮਸਲਿਆਂ ਦਾ ਹੱਲ ਨਹੀਂ ਹੁੰਦੀਆਂ ਸਗੋਂ ਇਹ ਨਵੇਂ ਅਤੇ ਵਧੇਰੇ ਜਟਿਲ ਸੰਕਟਾਂ ਨੂੰ ਜਨਮ ਦਿੰਦੀਆਂ ਹਨ। ਜਿਨ੍ਹਾਂ ਰਾਸ਼ਟਰਾਂ ਨੂੰ ਅਸੀਂ ਮਹਾਸ਼ਕਤੀਆਂ ਦੇ ਰੂਪ ਵਿੱਚ ਦੇਖਦੇ ਹਾਂ ਜੰਗ ਦੇ ਮੈਦਾਨ ਵਿੱਚ ਉਨ੍ਹਾਂ ਦੀ ਕਥਿਤ ਸ਼ਕਤੀ ਅਕਸਰ ਹੈਵਾਨੀਅਤ ਦਾ ਰੂਪ ਧਾਰ ਲੈਂਦੀ ਹੈ। ਇਹ ਬੇਹੱਦ ਦੁਖਦਾਈ ਪਹਿਲੂ ਹੈ ਕਿ ਮਨੁੱਖਤਾ ਨੇ ਸਦੀਆਂ ਦੀ ਸਖ਼ਤ ਮਿਹਨਤ, ਵਿਗਿਆਨਕ ਖੋਜਾਂ ਅਤੇ ਸੱਭਿਆਚਾਰਕ ਸਿਰਜਣਾਵਾਂ ਰਾਹੀਂ ਜਿਸ ਵਿਕਾਸ ਦੀ ਇਮਾਰਤ ਉਸਾਰੀ ਸੀ, ਆਧੁਨਿਕ ਹਥਿਆਰਾਂ ਰਾਹੀਂ ਉਸ ਨੂੰ ਮਲਬੇ ਵਿੱਚ ਤਬਦੀਲ ਕਰਨ ਲਈ ਕੁੱਝ ਮਿੰਟ ਵੀ ਨਹੀਂ ਲੱਗਦੇ। ਵਿਨਾਸ਼ ਦੀ ਇਹ ਹੋੜ ਸਾਨੂੰ ਸੱਭਿਅਕ ਤੋਂ ਬਰਬਰਤਾ ਵੱਲ ਵਾਪਸ ਲੈ ਜਾ ਰਹੀ ਹੈ।

ਅਸਲ ਸ਼ਕਤੀ ਉਹ ਨਹੀਂ ਜੋ ਦੂਜੇ ਨੂੰ ਮਿਟਾਉਣ ਦੀ ਸਮਰੱਥਾ ਰੱਖਦੀ ਹੋਵੇ ਸਗੋਂ ਅਸਲ ਸ਼ਕਤੀ ਉਹ ਹੈ ਜੋ ਸਿਰਜਣਾ ਦੇ ਰਾਹ ਪੈ ਕੇ ਮਨੁੱਖਤਾ ਦੇ ਜੀਵਨ ਪੱਧਰ ਨੂੰ ਉੱਚਾ ਚੁੱਕੇ। ਜੇਕਰ ਕੋਈ ਮੁਲਕ ਸੱਚਮੁੱਚ ਆਪਣੀ ਤਾਕਤ ਦਾ ਲੋਹਾ ਮਨਵਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਤਬਾਹੀ ਦੇ ਹਥਿਆਰਾਂ ਦੀ ਬਜਾਇ ਗ਼ਰੀਬੀ, ਬਿਮਾਰੀ ਅਤੇ ਅਨਪੜ੍ਹਤਾ ਵਿਰੁੱਧ ਜੰਗ ਛੇੜਨੀ ਚਾਹੀਦੀ ਹੈ। ਚੰਗੇ ਕੰਮ ਕਰਨ ਵਾਲ਼ਿਆਂ ਨੂੰ ਰਹਿੰਦੀ ਦੁਨੀਆਂ ਤੱਕ ਸਤਿਕਾਰ ਨਾਲ਼ ਯਾਦ ਕੀਤਾ ਜਾਂਦਾ ਹੈ ਅਤੇ ਵਿਨਾਸ਼ਕਾਰੀਆਂ ਨੂੰ ਸਦਾ ਫਿਟਕਾਰਾਂ ਪਾਈਆਂ ਜਾਂਦੀਆਂ ਹਨ। ਸਭ ਤੋਂ ਸ਼ਕਤੀਸ਼ਾਲੀ ਬਣਨ ਲਈ ਦੂਜਿਆਂ ਦੀ ਹਿੱਕ @ਤੇ ਪੈਰ ਰੱਖ ਕੇ ਅੱਗੇ ਵਧਣਾ ਨਹੀਂ ਹੁੰਦਾ ਸਗੋਂ ਬਾਂਹ ਫੜ ਕੇ ਸਹਾਰਾ ਦੇਣਾ ਹੀ ਇਨਸਾਨ ਨੂੰ ਮਹਾਨ ਬਣਾਉਂਦਾ ਹੈ। ਜਦੋਂ ਤੱਕ ਵੱਡੇ ਅਤੇ ਸ਼ਕਤੀਸ਼ਾਲੀ ਮੁਲਕ ਆਪਣੀ ਮਾਨਸਿਕਤਾ ਵਿੱਚ ਤਬਦੀਲੀ ਨਹੀਂ ਲਿਆਉਂਦੇ ਅਤੇ ਜ਼ੋਰ ਦੀ ਥਾਂ ਸੰਵਾਦ ਨੂੰ ਤਰਜੀਹ ਨਹੀਂ ਦਿੰਦੇ ਉਦੋਂ ਤੱਕ ਵਿਸ਼ਵ ਸ਼ਾਂਤੀ ਇੱਕ ਸੁਪਨਾ ਹੀ ਰਹੇਗੀ।

ਅੱਜ ਵਿਸ਼ਵ ਨੂੰ ਅਜਿਹੇ ਆਗੂਆਂ ਦੀ ਲੋੜ ਹੈ ਜੋ ਸਰਹੱਦਾਂ ਦੀ ਵਲਗਣ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖਤਾ ਦੀ ਭਲਾਈ ਬਾਰੇ ਸੋਚਣ। ਆਪਣੇ ਆਪ ਨੂੰ ਮਹਾਂਸ਼ਕਤੀ ਸਮਝਣ ਵਾਲ਼ੇ ਮੁਲਕ ਆਪਣੀ ਫੋਕੀ ਹੈਂਕੜਬਾਜ਼ੀ ਛੱਡ ਕੇ ਆਪਣੇ ਧਾਰਮਿਕ ਰਹਿਬਰਾਂ ਦੇ ਦੱਸੇ ਇਨਸਾਨੀਅਤ ਦੇ ਰਸਤੇ ਨੂੰ ਅਪਣਾਉਣ। ਜੰਗ ਨਾਲ਼ ਸਿਰਫ਼ ਭਟਕਣਾ ਅਤੇ ਨਫ਼ਰਤ ਵਧਦੀ ਹੈ ਜਦੋਂ ਕਿ ਸ਼ਾਂਤੀ ਅਤੇ ਸਿਰਜਣਾਤਮਕਤਾ ਨਾਲ ਵਿਕਾਸ ਦੇ ਨਵੇਂ ਰਾਹ ਖੁੱਲ੍ਹਦੇ ਹਨ। ਇਹ ਸਮਾਂ ਆਪਣੀ ਤਾਕਤ ਦੇ ਹੰਕਾਰ ਨੂੰ ਤਿਆਗ ਕੇ ਇੱਕ ਅਜਿਹਾ ਨਿਜ਼ਾਮ ਸਿਰਜਣ ਦਾ ਹੈ ਜਿੱਥੇ ਆਉਣ ਵਾਲੀਆਂ ਨਸਲਾਂ ਬਿਨਾਂ ਕਿਸੇ ਖ਼ੌਫ਼ ਦੇ ਸ਼ਾਂਤੀ ਨਾਲ ਗੁਜ਼ਰ-ਵਸਰ ਕਰ ਸਕਣ।

ਲਾਭ ਸਿੰਘ ਸ਼ੇਰਗਿੱਲ ਬਡਰੁੱਖਾਂ (ਸੰਗਰੂਰ)
86995 35708

# ਜੇ ਸੱਸ ਮਾਂ ਬਣਜੇ ਪੇਕੇ ਲੈਣ ਕੀ ਜਾਈਏ..

**(ਸੱਸ-ਨਹੂੰ ਦਾ ਰਿਸ਼ਤਾ: ਤੁਲਨਾ ਦੀ ਨਹੀਂ, ਆਪਸੀ ਸਮਝ ਅਤੇ ਸਤਿਕਾਰ ਦੀ ਲੋੜ )**

ਸਾਡੇ ਸਮਾਜ ਵਿੱਚ ਅਕਸਰ ਇਹ ਸੁਣਨ ਨੂੰ ਮਿਲਦਾ ਹੈ ਕਿ ਸੱਸ ਕਦੇ ਮਾਂ ਨਹੀਂ ਬਣ ਸਕਦੀ ਅਤੇ ਇਸੇ ਇੱਕ ਗੱਲ ਨੂੰ ਲੈ ਕੇ ਕਈ ਪਰਿਵਾਰਾਂ ਵਿੱਚ ਤਣਾਅ ਦਾ ਮਾਹੌਲ ਬਣਿਆ ਰਹਿੰਦਾ ਹੈ। ਪਰ ਜੇਕਰ ਅਸੀਂ ਇਸ ਗੱਲ ਦਾ ਡੂੰਘਾਈ ਨਾਲ ਅਤੇ ਠੰਢੇ ਦਿਮਾਗ ਨਾਲ ਵਿਸ਼ਲੇਸ਼ਣ ਕਰੀਏ, ਤਾਂ ਸਭ ਤੋਂ ਵੱਡਾ ਅਤੇ ਅਹਿਮ ਸਵਾਲ ਇਹ ਉੱਠਦਾ ਹੈ ਕਿ ਆਖਰ ਸੱਸ ਨੂੰ ਮਾਂ ਬਣਨ ਦੀ ਲੋੜ ਹੀ ਕਿਉਂ ਹੈ ? ਹਰ ਰਿਸ਼ਤੇ ਦੀ ਆਪਣੀ ਇੱਕ ਵੱਖਰੀ ਹੋਂਦ, ਸਤਿਕਾਰ, ਮਰਯਾਦਾ ਅਤੇ ਜਗ੍ਹਾ ਹੁੰਦੀ ਹੈ। ਕਿਸੇ ਵੀ ਨਵੇਂ ਰਿਸ਼ਤੇ ਨੂੰ ਪੁਰਾਣੇ ਰਿਸ਼ਤੇ ਦੇ ਤਰਾਜ਼ੂ ਵਿੱਚ ਤੋਲਣਾ ਉਸ ਰਿਸ਼ਤੇ ਦੇ ਨਾਲ ਨਾਇਨਸਾਫ਼ੀ ਹੈ। ਮਾਂ ਨੇ ਤੁਹਾਨੂੰ ਇਸ ਸੰਸਾਰ ਵਿੱਚ ਲਿਆਂਦਾ ਹੈ, ਤੁਹਾਨੂੰ ਜਨਮ ਦਿੱਤਾ ਹੈ ਅਤੇ ਬਚਪਨ ਤੋਂ ਲੈ ਕੇ ਤੁਹਾਡੀ ਹਰ ਚੰਗੀ-ਮਾੜੀ ਆਦਤ ਨੂੰ ਘੜਿਆ ਹੈ, ਜਦਕਿ ਸੱਸ ਨੇ ਉਸ ਇਨਸਾਨ ਨੂੰ ਜਨਮ ਦਿੱਤਾ ਹੈ ਅਤੇ ਪਾਲਿਆ-ਪੋਸਿਆ ਹੈ ਜਿਸ ਨਾਲ ਤੁਸੀਂ ਆਪਣੀ ਪੂਰੀ ਜ਼ਿੰਦਗੀ ਬਿਤਾਉਣ ਦਾ ਇੱਕ ਬਹੁਤ ਵੱਡਾ ਅਤੇ ਅਹਿਮ ਫੈਸਲਾ ਕੀਤਾ ਹੈ। ਇਸ ਲਈ, ਦੋਵਾਂ ਰਿਸ਼ਤਿਆਂ ਦਾ ਪਿਆਰ, ਮਹੱਤਵ ਅਤੇ ਜਗ੍ਹਾ ਬਿਲਕੁਲ ਵੱਖਰੀ ਹੈ। ਸਾਨੂੰ ਹਰ ਵਾਰ ਇਹਨਾਂ ਦੋਵਾਂ ਰਿਸ਼ਤਿਆਂ ਦੀ ਆਪਸ ਵਿੱਚ ਤੁਲਨਾ ਕਰਨ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਤੁਲਨਾ ਹਮੇਸ਼ਾ ਰਿਸ਼ਤਿਆਂ ਵਿੱਚ ਕਮੀਆਂ ਅਤੇ ਦੂਰੀਆਂ ਨੂੰ ਹੀ ਜਨਮ ਦਿੰਦੀ ਹੈ। ਅਕਸਰ ਨਵੀਆਂ ਵਿਆਹੀਆਂ ਕੁੜੀਆਂ ਜਾਂ ਨਹੁੰਆਂ ਇਹ ਉਮੀਦ ਰੱਖਦੀਆਂ ਹਨ ਕਿ ਉਹਨਾਂ ਦੀ ਸੱਸ ਉਹਨਾਂ ਨੂੰ ਪਹਿਲੇ ਦਿਨ ਤੋਂ ਹੀ ਆਪਣੀ ਧੀ ਵਾਂਗ ਪਿਆਰ ਕਰੇ ਅਤੇ ਉਸੇ ਤਰ੍ਹਾਂ ਦਾ ਲਾਡ ਲਡਾਵੇ, ਪਰ ਇੱਥੇ ਸਾਨੂੰ ਆਪਣੇ ਆਪ ਨੂੰ ਵੀ ਇੱਕ ਸਵਾਲ ਪੁੱਛਣਾ ਚਾਹੀਦਾ ਹੈ ਕਿ ਕੀ ਅਸੀਂ ਉਹਨਾਂ ਨੂੰ ਇੱਕ ਮਾਂ ਵਰਗਾ ਅਧਿਕਾਰ ਦਿੰਦੇ ਹਾਂ ? ਜਦੋਂ ਸਾਡੀ ਆਪਣੀ ਮਾਂ ਸਾਨੂੰ ਕਿਸੇ ਗੱਲ @ਤੇ ਟੋਕਦੀ ਹੈ, ਗੁੱਸਾ ਕਰਦੀ ਹੈ ਜਾਂ ਕੋਈ ਨਸੀਹਤ ਦਿੰਦੀ ਹੈ, ਤਾਂ ਅਸੀਂ ਬਿਨਾਂ ਕਿਸੇ ਬੁਰੇ ਅਹਿਸਾਸ ਦੇ ਚੁੱਪ ਰਹਿ ਕੇ ਉਸ ਗੱਲ ਨੂੰ ਸਵੀਕਾਰ ਕਰ ਲੈਂਦੇ ਹਾਂ ਕਿਉਂਕਿ ਸਾਨੂੰ ਪਤਾ ਹੁੰਦਾ ਹੈ ਕਿ ਉਸ ਦੇ ਪਿੱਛੇ ਸਾਡੀ ਮਾਂ ਦਾ ਪਿਆਰ ਅਤੇ ਫਿਕਰ ਹੈ। ਇਸ ਦੇ ਉਲਟ, ਜਦੋਂ ਸੱਸ ਪਰਿਵਾਰ ਦੇ ਭਲੇ ਲਈ ਜਾਂ ਕਿਸੇ ਰੀਤ-ਰਿਵਾਜ ਨੂੰ ਲੈ ਕੇ ਕੋਈ ਛੋਟੀ ਜਿਹੀ ਗੱਲ ਵੀ ਕਹਿੰਦੀ ਹੈ, ਤਾਂ ਸਾਨੂੰ ਉਹ ਬਹੁਤ ਜਲਦੀ ਆਪਣੇ ਕੰਮਾਂ ਅਤੇ ਆਜ਼ਾਦੀ ਵਿੱਚ ਦਖਲਅੰਦਾਜ਼ੀ ਲੱਗਣ ਲੱਗ ਪੈਂਦੀ ਹੈ। ਪਰਿਵਾਰਕ ਰਿਸ਼ਤਿਆਂ ਵਿੱਚ ਕੜਵਾਹਟ ਅਤੇ ਗ਼ਲਤਫ਼ਹਿਮੀਆਂ ਦੀ ਸ਼ੁਰੂਆਤ ਸ਼ਾਇਦ ਇਸੇ ਦੋਹਰੀ ਸੋਚ ਤੋਂ ਹੁੰਦੀ ਹੈ ਜਿੱਥੇ ਅਸੀਂ ਇੱਕੋ ਜਿਹੀ ਗੱਲ ਨੂੰ ਦੋ ਵੱਖ-ਵੱਖ ਨਜ਼ਰੀਏ ਨਾਲ ਦੇਖਦੇ ਹਾਂ।

ਕੋਈ ਵੀ ਰਿਸ਼ਤਾ ਆਪਣੇ ਆਪ ਵਿੱਚ ਸੰਪੂਰਨ ਜਾਂ ਪਰਫੈਕਟ ਨਹੀਂ ਹੁੰਦਾ, ਹਰ ਇਨਸਾਨ ਵਿੱਚ ਕੁਝ ਖਾਮੀਆਂ ਅਤੇ ਕੁਝ ਖੂਬੀਆਂ ਹੁੰਦੀਆਂ ਹਨ, ਪਰ ਹਰ ਰਿਸ਼ਤਾ ਸਹੀ ਤਰੀਕੇ ਨਾਲ ਚੱਲਣ ਲਈ ਸਭ ਤੋਂ ਪਹਿਲਾਂ ਸਤਿਕਾਰ ਦੀ ਮੰਗ ਜ਼ਰੂਰ ਕਰਦਾ ਹੈ। ਜਦੋਂ ਤੱਕ ਅਸੀਂ ਸੱਸ ਵਿੱਚੋਂ ਆਪਣੀ ਸਾਂਭ-ਸੰਭਾਲ ਕਰਨ ਵਾਲੀ ਮਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦੇ ਰਹਾਂਗੇ, ਉਦੋਂ ਤੱਕ ਸ਼ਿਕਾਇਤਾਂ ਅਤੇ ਨਿਰਾਸ਼ਾ ਦਾ ਸਿਲਸਿਲਾ ਕਦੇ ਖਤਮ ਨਹੀਂ ਹੋਵੇਗਾ। ਸੱਸ ਦਾ ਰਿਸ਼ਤਾ ਕਿਸੇ ਦੂਜੇ ਰਿਸ਼ਤੇ ਦੀ ਨਕਲ ਜਾਂ ਬਦਲ ਨਹੀਂ ਹੈ, ਬਲਕਿ ਇਹ ਇੱਕ ਬਿਲਕੁਲ ਨਵਾਂ, ਸੁਤੰਤਰ ਅਤੇ ਮਜ਼ਬੂਤ ਰਿਸ਼ਤਾ ਹੈ ਜਿਸ ਨੂੰ ਵਧਣ-ਫੁੱਲਣ ਲਈ ਸਮੇਂ ਦੀ ਲੋੜ ਹੁੰਦੀ ਹੈ। ਇਸ ਰਿਸ਼ਤੇ ਨੂੰ ਕਿਸੇ ਵੀ ਤਰ੍ਹਾਂ ਦੀ ਬਨਾਵਟੀ ਤੁਲਨਾ ਦੀ ਨਹੀਂ, ਬਲਕਿ ਆਪਸੀ ਸਮਝ, ਸਬਰ, ਲਿਹਾਜ਼ ਅਤੇ ਸਤਿਕਾਰ ਦੀ ਲੋੜ ਹੁੰਦੀ ਹੈ।

ਜੇਕਰ ਅਸੀਂ ਨਵੇਂ ਘਰ ਵਿੱਚ ਜਾ ਕੇ ਆਪਣੀਆਂ ਉਮੀਦਾਂ ਦੇ ਬੋਝ ਨੂੰ ਥੋੜ੍ਹਾ ਘੱਟ ਕਰ ਲਈਏ ਅਤੇ ਸਾਹਮਣੇ ਵਾਲੇ ਬਜ਼ੁਰਗ ਨੂੰ ਉਸ ਦੇ ਅਸਲ ਰੂਪ, ਆਦਤਾਂ ਅਤੇ ਸੁਭਾਅ ਵਿੱਚ ਸਵੀਕਾਰ ਕਰਨਾ ਸ਼ੁਰੂ ਕਰ ਦੇਈਏ, ਤਾਂ ਘਰ ਵਿੱਚ ਹੋਣ ਵਾਲੀ ਰੋਜ਼ਾਨਾ ਦੀ ਬਹਿਸਬਾਜ਼ੀ ਆਪਣੇ ਆਪ ਮੁੱਕ ਜਾਵੇਗੀ ਅਤੇ ਮਾਨਸਿਕ ਸੁਕੂਨ ਵਧੇਗਾ। ਸੱਸ ਨੂੰ ਵੀ ਇਹ ਸਮਝਣਾ ਚਾਹੀਦਾ ਹੈ ਕਿ ਨਵਾਂ ਜੀਅ ਆਪਣਾ ਸਭ ਕੁਝ ਛੱਡ ਕੇ ਆਇਆ ਹੈ ਅਤੇ ਨਹੂੰ ਨੂੰ ਵੀ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਉਸ ਘਰ ਨੂੰ ਬਣਾਉਣ ਵਿੱਚ ਸੱਸ ਨੇ ਆਪਣੀ ਪੂਰੀ ਜ਼ਿੰਦਗੀ ਲਗਾਈ ਹੈ। ਅਖੀਰ ਵਿੱਚ, ਰਿਸ਼ਤੇ ਕਦੇ ਵੀ ਆਪਸੀ ਤੁਲਨਾ, ਮੁਕਾਬਲੇਬਾਜ਼ੀ ਜਾਂ ਜ਼ਿੱਦ ਨਾਲ ਨਹੀਂ ਚੱਲਦੇ, ਬਲਕਿ ਇਹ ਹਮੇਸ਼ਾ ਇੱਕ ਦੂਜੇ ਦੇ ਸਨਮਾਨ, ਤਿਆਗ ਅਤੇ ਸਵੀਕਾਰਤਾ ਨਾਲ ਹੀ ਲੰਮਾ ਸਮਾਂ ਨਿਭਦੇ ਹਨ ਅਤੇ ਘਰ ਨੂੰ ਸਵਰਗ ਬਣਾਉਂਦੇ ਹਨ।

**ਚਾਨਣ ਦੀਪ ਸਿੰਘ ਔਲਖ ਮਾਨਸਾ, ਸੰਪਰਕ**
9876888177
**chanandeep@gmail.com**

# ਧੀਆਂ -ਭੈਣਾਂ ਸਾਂਝੀਆਂ



ਬਰਜਿੰਦਰ ਕੌਰ ਬਿਸਰਾਓ
9988901324

ਸਰਵਣ ਤੇ ਹਰਮੀਤ ਸਿੰਘ ਆਪਸ ਵਿੱਚ ਤਾਏ ਚਾਚੇ ਦੇ ਪੁੱਤ ਸਨ। ਜਦੋਂ ਦਾ ਜ਼ਮੀਨ ਦਾ ਵੰਡ - ਵੰਡਈਆ ਹੋਇਆ ਸੀ ਉਦੋਂ ਤੋਂ ਇੱਕ ਵੱਟ ਪਿੱਛੇ ਰੌਲ਼ਾ ਪੈ ਗਿਆ ਸੀ।ਜਿਸ ਕਰਕੇ ਦੋਵੇਂ ਭਰਾਵਾਂ ਦਾ ਆਪਸ ਵਿੱਚ ਹੱਡ ਕੁੱਤੇ ਦਾ ਵੈਰ ਸੀ। ਸਰਵਣ ਸੁਭਾਅ ਦੀ ਬਹੁਤੀ ਤੇਜ਼ੀ ਦਿਖਾਉਣ ਕਰਕੇ ਬਹੁਤ ਜਲਦੀ ਤੱਤਾ ਹੋ ਜਾਂਦਾ ਸੀ। ਹਜੇ ਹਰਮੀਤ ਸਿੰਘ ਕੁਝ ਸਮਝਦਾਰ ਅਤੇ ਨਰਮ ਸੁਭਾਅ ਦਾ ਸੀ। ਇੱਕ ਦਿਨ ਹਰਮੀਤ ਸਿੰਘ ਦੀ ਕੁੜੀ ਕਾਲਜ ਤੋਂ ਆ ਰਹੀ ਸੀ, ਉਸ ਦੀ ਸਹੇਲੀ ਉਸ ਨੂੰ ਸਕੂਟਰੀ ਤੇ ਛੱਡਣ ਆਈ।ਉਹ ਉਸ ਨੂੰ ਪਿੰਡ ਵਾਲੇ ਮੋੜ ਤੇ ਲਾਹ ਕੇ ਚਲੀ ਗਈ। ਦੂਰ ਆਪਣੀ ਮੋਟਰ ਤੇ ਬੈਠਾ ਸਰਵਣ ਉੱਚਾ ਹੋ ਹੋ ਕੇ ਦੇਖਦਾ ਹੈ ਤੇ ਆਪਣੇ ਸੀਰੀ ਨੂੰ ਪੁੱਛਦਾ ਹੈ,÷ ਓਏ ਬੰਤਿਆ ! ਆਹ ਕਿੰਨਾਂ ਦੀ ਕੁੜੀ ਨੂੰ ਕੋਈ ਲਾਹ ਕੇ ਗਿਆ.... ਮੈਨੂੰ ਤਾਂ ਸਿਆਣ ਨੀ ਆਉਂਦੀ.....ਔਹ ਦੇਖ ...ਓਹ ਪੀਲੇ ਸੂਟ ਵਾਲੀ ਕੁੜੀ ਦੇਖ ਕਿਵੇਂ ਦਮਾਦਮ ਤੁਰੀ ਜਾਂਦੀ ਆ।÷

÷ਸਰਦਾਰਾ ਮੈਨੂੰ ਤਾਂ ਆਪਣੇ ਮੀਤੇ ਦੀ ਵੱਡੀ ਕੁੜੀ ਲੱਗਦੀ ਆ ਜਿਹੜੀ ਕਾਲਜ ਪੜ੍ਹਨ ਜਾਂਦੀ ਆ।÷ਬੰਤੇ ਨੇ ਜਵਾਬ ਦਿੱਤਾ।

÷ਆਹ ਭਲਾ ਓਹਨੂੰ ਲਾਹ ਕੇ ਕੌਣ ਗਿਆ.... ਮੈਨੂੰ ਤਾਂ ਪਛਾਣ ਨੀ ਆਈ ਕਿੰਨਾਂ ਦਾ ਮੁੰਡਾ ਸੀ ?÷ ਸਰਵਣ ਨੇ ਜਾਣ ਬੁੱਝ ਕੇ ਗੱਲ ਚੱਕਣੀ ਚਾਹੀ।

÷ਸਰਦਾਰਾ ਪਛਾਣ ਤਾਂ ਮੈਨੂੰ ਵੀ ਨੀ ਆਈ .... ਆਪਣੇ ਪਿੰਡ ਦਾ ਮੁੰਡਾ ਨੀਂ ਹੋਣਾ.... ਤਾਂ ਹੀ ਲਾਹ ਕੇ ਬਾਹਰੋਵਾਰ ਵਗ ਗਿਆ।÷ ਬੰਤੇ ਨੇ ਸਰਵਣ ਦੀ ਮਾੜੀ ਸੋਚ ਦਾ ਸਾਥ ਦਿੰਦੇ ਹੋਏ ਜਵਾਬ ਦਿੱਤਾ।

ਬਸ ਫੇਰ ਕੀ ਸੀ ਇਹ ਗੱਲ ਦੋ ਮੂੰਹਾਂ ਤੋਂ ਚੌਹ ਤੱਕ ਚੌਹ ਤੋਂ ਅੱਠ ਤੱਕ ਤੇ ਫਿਰ ਫੈਲਦੀ ਫੈਲਦੀ ਸਾਰੇ ਪਿੰਡ ਵਿੱਚ ਫੈਲ ਗਈ।ਬੁੜੀਆਂ ਕੁੜੀਆਂ ਕੱਠੀਆਂ ਹੋ ਕੇ ਗੱਲਾਂ ਕਰਦੀਆਂ ਤਾਂ ਹਰਮੀਤ ਸਿੰਘ ਦੀ ਕੁੜੀ ਦੇ ਆਚਰਣ ਤੇ ਖ਼ੂਬ ਚਿੱਕੜ ਸੁੱਟਦੀਆਂ ਤੇ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੀਆਂ। ਇੱਕ ਬੁੜੀ ਦੂਜੀ ਨੂੰ ਆਖਣ ਲੱਗੀ ,÷ ਨੀ.... ਮੈਂ ਤਾਂ ਮੀਤੇ ਦੀ ਵੱਡੀ ਕੁੜੀ ਦਾ ਰਿਸ਼ਤਾ .....ਆਪਣੇ ਭਤੀਜੇ ਨੂੰ ਕਰਵਾਉਣ ਲੱਗੀ ਸੀ.... ਸ਼ੁਕਰ ਆ.... ਕਿਤੇ ਕਰਵਾ ਨੀ ਸੀ ਦਿੱਤਾ.....ਬਚਾਅ ਹੋ ਗਿਆ ਭੈਣੇ।÷ ਦੂਜੀ ਬੋਲੀ,÷....ਐਹੇ ਜਿਹੀਆਂ ......ਸਹੁਰੀਂ ਵੀ ਨੀ ਟਿਕਦੀਆਂ ਹੁੰਦੀਆਂ...... ਹੋਰ ਨੀ ਭੈਣੇ.......ਤੇਰਾ ਤਾਂ ਕੋਈ ਦਿੱਤਾ ਲਿਆ ਅੱਗੇ ਆ ਗਿਆ...... ਨਾਲ਼ੇ ਤੂੰ ਆਪਦੇ ਸਿਰ ਸਵਾਹ ਪਵਾਉਂਦੀ....... ਨਾਲ਼ੇ ਅਗਾਂਹ ਵਾਲਿਆਂ ਦੇ।÷ ਸਾਰੀਆਂ ਬੁੜੀਆਂ,÷....ਹੋਰ ਨੀ ਭੈਣੇ ਬਚਗੀ ਤੂੰ... ਤਾਂ।÷ਕਹਿ ਕੇ ਗੱਲ ਨੂੰ ਹੋਰ ਰਸਦਾਰ ਬਣਾਉਂਦੀਆਂ।

ਹਰਮੀਤ ਸਿੰਘ ਦੀ ਪਤਨੀ ਤੇ ਕੁੜੀਆਂ ਕਦੇ ਕਿਸੇ ਕੋਲ਼ ਨਾ ਫ਼ਾਲਤੂ ਖੜ੍ਹਦੀਆਂ ਸਨ ਤੇ ਨਾ ਕਿਸੇ ਕੋਲ ਜਾਂਦੀਆਂ ਸਨ। ਹਰਮੀਤ ਸਿੰਘ ਆਪ ਵੀ ਖੇਤਾਂ ਵਿੱਚ ਕੰਮ ਕਰਦਾ, ਖੇਤਾਂ ਤੋਂ ਘਰ ਤੇ ਘਰ ਤੋਂ ਖੇਤਾਂ ਤੱਕ ਹੀ ਉਸ ਦੀ ਜ਼ਿੰਦਗੀ ਸੀ।ਲੋਕ ਬਾਹਰ ਜੋ ਮਰਜ਼ੀ ਬੋਲੀ ਜਾਂਦੇ ਹੋਣਗੇ, ਉਹਨਾਂ ਨੂੰ ਕੀ ਪਤਾ ? ਮਹੀਨਾ ਕੁ ਲੋਕ ਮਸਾਲੇ ਲਾ ਲਾ ਕੇ ਹਰਮੀਤ ਦੀ ਕੁੜੀ ਦੀਆਂ ਗੱਲਾਂ ਕਰ-ਕੁਰ ਕੇ ਬੈਠ ਗਏ। ਇੱਕ ਦਿਨ ਹਰਮੀਤ ਸਿੰਘ ਸ਼ਾਮ ਨੂੰ ਆਪਣੇ ਖੇਤਾਂ ਨੂੰ ਪਾਣੀ ਲਾਉਣ ਜਾ ਰਿਹਾ ਸੀ ਤੇ ਉਸ ਦੇ ਨਾਲ ਉਸ ਦਾ ਕਾਮਾ ਜੀਤਾ ਵੀ ਸੀ। ਸ਼ਹਿਰ ਵੱਲੋਂ ਆਉਂਦੀ ਪਿੰਡ ਦੀ ਫਿਰਨੀ ਨੂੰ ਜੋੜਨ ਵਾਲੀ ਸੜਕ ਤੇ ਦੋ ਤਿੰਨ ਜਾਣਿਆਂ ਦਾ ਕੱਠ ਜਿਹਾ ਲੱਗਿਆ। ਹਰਮੀਤ ਸਿੰਘ ਨੇ ਆਪਣੀ ਮੋਟਰ ਵੱਲ ਨੂੰ ਮੋਟਰਸਾਈਕਲ ਮੋੜਨ ਦੀ ਥਾਂ ਉਧਰ ਨੂੰ ਘੁਮਾ ਲਿਆ ਕਿਉਂਕਿ ਕਿ ਉਸ ਨੂੰ ਕਿਸੇ ਕੁੜੀ ਦੀ ਚੀਕ ਦੀ ਅਵਾਜ਼ ਦਾ ਭੁਲੇਖਾ ਪਿਆ ਸੀ। ਜਿਵੇਂ ਹੀ ਹਰਮੀਤ ਸਿੰਘ ਆਪਣੇ ਕਾਮੇ ਨਾਲ ਉਧਰ ਨੂੰ ਵਧਿਆ ਤਾਂ ਗੁੰਡਿਆਂ ਨੇ ਉਹਨਾਂ ਵੱਲ ਨੂੰ ਡਾਂਗਾਂ ਉਲਾਰ ਲਈਆਂ। ਹਰਮੀਤ ਸਿੰਘ ਤੇ ਉਸ ਦੇ ਕਾਮੇ ਨੇ ਉਹਨਾਂ ਨਾਲ ਚੰਗੀ ਤਰ੍ਹਾਂ ਦੋ ਹੱਥ ਕੀਤੇ ਤਾਂ ਉਹਨਾਂ ਨੇ ਉੱਥੋਂ ਭੱਜਣ ਦੀ ਕੀਤੀ। ਕੁੜੀ ਦੀ ਚੁੰਨੀ ਲੀਰੋ ਲੀਰ ਹੋਈ ਪਈ ਸੀ। ਬਚਾਅ ਕਰਦੀ ਦਾ ਕਮੀਜ਼ ਵੀ ਕਈ ਜਗ੍ਹਾ ਤੋਂ ਫਟਿਆ ਪਿਆ ਸੀ। ਹਰਮੀਤ ਸਿੰਘ ਨੇ ? ਆਪਣੇ ਸਿਰ ਦਾ ਪਰਨਾ ਲਾਹ ਕੇ ਕੁੜੀ ਨੂੰ ਆਪਣਾ ਤਨ ਢਕਣ ਲਈ ਦਿੱਤਾ। ਉਸ ਨੇ ਪਛਾਣ ਲਿਆ ਸੀ ਕਿ ਉਹ ਤਾਂ ਸਰਵਣ ਦੀ ਕੁੜੀ ਸੀ ਜੋ ਸ਼ਹਿਰ ਆਪਣੇ ਵਿਆਹ ਦੇ ਕੱਪੜੇ ਸਿਊਣੇ ਦੇਣ ਗਈ ਸੀ। ਉਹ ਆਪਣੀ ਸਕੂਟਰੀ ਤੇ ਆ ਰਹੀ ਸੀ ਤਾਂ ਮੁੰਡਿਆਂ ਨੇ ਇਕੱਲੀ ਦੇਖ ਕੇ ਘੇਰ ਲਿਆ ਸੀ। ਹੁਣ ਕੁੜੀ ਆਪਣੇ ਚਾਚੇ ਹਰਮੀਤ ਦੇ ਗਲ਼ ਲੱਗ ਕੇ ਬਹੁਤ ਰੋ ਰਹੀ ਸੀ। ਹਰਮੀਤ ਸਿੰਘ ਨੇ ਉਸ ਦੇ ਸਿਰ ਤੇ ਹੱਥ ਰੱਖ ਕੇ ਕਿਹਾ,÷....ਧੀਏ !....ਰੋ ਨਾ......ਜੇ ਅੱਜ ਏਥੇ ਕੋਈ ਜਾਹ ਜਾਂਦੀ ਹੋ ਜਾਂਦੀ...... ਤਾਂ ਸਾਨੂੰ ਮਰਨ ਨੂੰ ਥਾਂ ਸੀ.....(ਆਪਣੇ ਕਾਮੇ ਨੂੰ) ..... ਜੀਤਿਆ..... ਤੂੰ ਕੁੜੀ ਦੀ ਸਕੂਟਰੀ ਲੈ ਕੇ ਆ ਪਿੱਛੇ ਪਿੱਛੇ.... ਮੈਂ ਆਪ ਛੱਡ ਕੇ ਆਉਨਾਂ ਰਾਣੋ ਨੂੰ ਘਰੇ.....।÷ ਕਹਿਕੇ ਰਾਣੋ ਨੂੰ ਉਸ ਦੇ ਘਰ ਲੈ ਕੇ ਜਾਂਦਾ ਹੈ। ਜਿਵੇਂ ਈ ਸਰਵਣ ਸਿੰਘ ਬਾਹਰ ਨਿਕਲ਼ਦਾ ਹੈ ਤਾਂ ਉਸ ਦੀ ਧੀ ਰਾਣੋ ਉਸ ਦੇ ਗਲ ਲੱਗ ਕੇ ਬਹੁਤ ਰੋਂਦੀ ਹੈ ਤੇ ਕਹਿੰਦੀ ਹੈ,÷ ਪਾਪਾ.... ਅੱਜ..... ਜੇ ਚਾਚਾ ਜੀ ਮੈਨੂੰ ਨਾ ਬਚਾਉਂਦੇ .......ਤਾਂ...... ਤੁਸੀਂ ਕਾਸੇ ਜੋਗੇ ਨੀ ਰਹਿਣਾ ਸੀ. .....!÷( ਰਾਣੋ ਰੋਂਦੇ ਹੋਏ ਸਾਰੀ ਕਹਾਣੀ ਦੱਸਦੀ ਹੈ) ਸਰਵਣ ਸਿੰਘ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।ਉਸ ਨੂੰ ਯਾਦ ਆਉਂਦਾ ਹੈ ਕਿ ਉਸ ਨੇ ਇਸ ਦੀ ਧੀ ਦੀ ਮਿੱਟੀ ਪਲੀਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਸੀ। ਉਹ ਹਰਮੀਤ ਅੱਗੇ ਹੱਥ ਜੋੜ ਕੇ ਅਤੇ ਸਿਰ ਝੁਕਾ ਕੇ ਖੜ੍ਹ ਜਾਂਦਾ ਹੈ।

ਹਰਮੀਤ ਸਿੰਘ ਉਸ ਨੂੰ ਕਹਿੰਦਾ ਹੈ,÷ ਵੱਡੇ ਵੀਰਿਆ...... ਭਰਾ ਹੀ ਭਰਾਵਾਂ ਦੀਆਂ ਬਾਹਾਂ ਹੁੰਦੇ ਨੇ ? ....ਪਰ ਧੀਆਂ ਭੈਣਾਂ ਤਾਂ ......ਸਾਰਿਆਂ ਦੀਆਂ ਸਾਂਝੀਆਂ ਹੁੰਦੀਆਂ ਨੇ....... ਧੀਆਂ ਭੈਣਾਂ ਦੀ ਇੱਜ਼ਤ ਦੀ ਰਾਖੀ ਕਰਨਾ ਤਾਂ .......ਆਪਣਾ ਸਾਰਿਆਂ ਦਾ ਫਰਜ਼ ਹੈ।÷ (ਹਰਮੀਤ ਜਾਂਦਾ ਹੈ ਤੇ ਸਰਵਣ ਸਿੰਘ ਸ਼ਰਮਸਾਰ ਹੋਇਆ ਉਸ ਵੱਲ ਤੱਕਦਾ ਰਹਿੰਦਾ ਹੈ)

# ਸਤਪਾਲ ਸਿੰਘ ਜੌਹਲ: ਚਰਿੱਤਰ, ਸੇਵਾ ਅਤੇ ਦਲੇਰੀ ਦਾ ਸੁਮੇਲ

ਬਹੁਤੀਆਂ ਪਬਲਿਕ ਸਖਸ਼ੀਅਤਾਂ ਨੂੰ ਉਨ੍ਹਾਂ ਦੇ ਨਾਹਰਿਆਂ ਅਤੇ ਗੱਲਾਂ ਕਰ ਕੇ ਜਾਣਿਆ-ਪਛਾਣਿਆ ਜਾਂਦਾ ਹੈ ਪਰ ਸਤਪਾਲ ਸਿੰਘ ਜੌਹਲ ਨੂੰ ਉਨ੍ਹਾਂ ਦੇ ਅਮਲੀ ਕੰਮਾਂ ਅਤੇ ਨਿੱਘੇ ਵਰਤ-ਵਰਤਾਓ ਕਰ ਕੇ ਵੱਧ ਜਾਣਿਆ ਜਾਂਦਾ ਹੈ। ਰਸਮੀ ਤੌਰ 'ਤੇ ਓਹ ਓਂਟਾਰੀਓ ਸੂਬੇ ਦੇ ਬਰੈਂਪਟਨ ਸ਼ਹਿਰ ਦੇ 9 ਅਤੇ 10 ਵਾਰਡਾਂ ਦੇ ਸਕੂਲ ਟਰਸਟੀ ਹਨ। ਪਰ ਪੰਜਾਬੀ ਭਾਈਚਾਰੇ 'ਚ ਓਹ ਸੁਚਾਰੂ ਮੀਡੀਆ ਕੰਮਾਂ ਅਤੇ ਪਰਵਾਸ ਨਾਲ਼ ਜੁੜੀਆਂ ਜਨਤਕ ਸੇਵਾਵਾਂ ਕਰ ਕੇ ਵੱਧ ਨਾਮਣਾ ਖੱਟ ਚੁੱਕੇ ਹਨ। ਇਨ੍ਹਾਂ ਸਭ ਕੰਮਾਂ ਨੂੰ ਇਕੱਠੇ ਕਰਨ ਨਾਲ਼ ਉਨ੍ਹਾਂ ਦੀ ਸਖਸ਼ੀਅਤ ਇੱਕ ਮਦਦਗਾਰ ਵਿਅਕਤੀ, ਮਿਠ-ਬੋਲੇ, ਬੇ-ਬਾਕ ਅਤੇ ਦਲੇਰ ਸਖਸ਼ ਦੇ ਤੌਰ 'ਤੇ ਉੱਭਰੀ ਹੈ।

ਉਨ੍ਹਾਂ ਦੇ ਸਮਰਥਕ ਇੱਕ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਦ ਕੋਈ ਕੰਮ ਗਲਤ ਹੋ ਰਿਹਾ ਹੋਵੇ ਤਾਂ ਓਹ ਉਸ ਵਿਰੁਧ ਖੜੇ ਹੋਣ ਲਈ ਪਿਛਾਂਹ ਨਹੀਂ ਰਹਿੰਦੇ। ਉਨ੍ਹਾਂ ਦੀ ਇਹ ਪਛਾਣ ਅੱਜ ਹੋਰ ਵੀ ਮਹੱਤਵ-ਪੂਰਨ ਬਣ ਜਾਂਦੀ ਹੈ, ਕਿਉਂਕਿ ਓਹ 26 ਅਕਤੂਬਰ ਨੂੰ ਹੋਣ ਵਾਲ਼ੀਆਂ ਬਰੈਂਪਟਨ ਦੀਆਂ ਮਿਊਂਸਪਲ ਚੋਣਾਂ 'ਚ ਰਿਜਨਲ ਕਾਉਂਸਲਰ ਲਈ ਉਮੀਦਵਾਰ ਹਨ। ਉਨ੍ਹਾਂ ਦੀ ਜਨਤਕ ਛਵੀ ਉਨ੍ਹਾਂ ਦੇ ਅਮਲਾਂ ਅਤੇ ਉਨ੍ਹਾਂ ਦੀਆਂ ਪ੍ਰਭਾਵ-ਕਾਰੀ ਕਾਰਵਾਈਆਂ 'ਚੋ ਉਪਜੀ ਹੈ, ਕਿਸੇ ਲਿਫਾਫੇਬਾਜੀ 'ਚੋਂ ਨਹੀਂ। ਇਹ ਛਵੀ ਇਕੱਲੇ ਦਫਤਰੀ ਕੰਮਾਂ ਕਰ ਕੇ ਨਹੀਂ ਬਣੀ ਬਲਕਿ ਉਨ੍ਹਾਂ ਦੇ ਪਬਲਿਕ ਵਿੱਚ ਵਿਚਰਣ ਦੇ ਅਸਰ-ਦਾਰ ਤਰੀਕਿਆਂ, ਲੋਕਾਂ ਨਾਲ਼ ਵਿਚਾਰ-ਵਟਾਂਦਰਿਆਂ ਅਤੇ ਉਨ੍ਹਾਂ ਦੇ ਸੁਹਿਰਦ ਸੰਬੰਧਾਂ ਕਰ ਕੇ ਬਣੀ ਹੈ। ਉਨ੍ਹਾਂ ਨੂੰ ਮਿਲਣਾ ਬਹੁਤ ਸੁਖਾਲ਼ਾ ਹੈ ਅਤੇ ਇਹ ਗੱਲ ਇਸ ਸ਼ਹਿਰ 'ਚ ਬਹੁਤ ਮਹੱਤਵ ਰਖਦੀ ਹੈ ਜਿੱਥੇ ਪਬਲਿਕ ਨੂੰ ਸਿੱਧੀ ਅਤੇ ਠੋਸ ਮਦਦ ਦੀ ਲੋੜ ਹੈ, ਨਾਂ ਕਿ ਗੱਲਾਂ ਦੇ ਕੜਾਹ ਦੀ।

ਪਬਲਿਕ ਦੀਆਂ ਨਜਰਾਂ 'ਚ ਓਹ ਪੰਜਾਬੀ ਮੀਡੀਆ, ਲੋਕਲ ਤਪਸਰਿਆਂ ਅਤੇ ਪਰਿਵਾਸ-ਸੰਬੰਧੀ ਮਸਲਿਆਂ ਨਾਲ਼ ਜੁੜੇ ਹੋਏ ਹਨ। ਇਸ ਤਰ੍ਹਾਂ ਓਹ ਪਬਲਿਕ ਦੇ ਰੋਜ-ਮਰਾ ਜੀਵਨ ਦੇ ਜਰੂਰੀ ਮਸਲਿਆਂ ਬਾਰੇ ਪੂਰੀ ਜਾਣਕਾਰੀ ਰਖਦੇ ਹਨ ਅਤੇ ਉਨ੍ਹਾਂ ਦੀ ਅਵਾਜ ਨੂੰ ਹੋਰ ਬੁਲੰਦ ਕਰਦੇ ਹਨ। ਇਸ ਤਰ੍ਹਾਂ ਜਮੀਨੀ ਹਕੀਕਤਾਂ ਨਾਲ਼ ਜੁੜੇ ਰਹਿਣ ਕਰ ਕੇ ਓਹ ਬਰੈਂਪਟਨ ਨਿਵਾਸੀਆਂ ਦੀਆਂ ਸਭ ਸਮੱਸਿਆਵਾਂ ਤੋਂ ਪੂਰੀ ਤਰ੍ਹਾਂ ਵਾਕਫ ਹਨ ਅਤੇ ਇਨ੍ਹਾਂ ਦੀਆਂ ਬਰੀਕੀਆਂ ਸਮਝਦੇ ਹਨ । ਇਨ੍ਹਾਂ ਬਾਰੇ ਹਰ ਸਟੇਜ ਤੋਂ ਪੂਰੀ ਸਪਸ਼ਟਤਾ ਨਾਲ਼ ਅਤੇ ਖੁਲ੍ਹ ਕੇ ਬੋਲਦੇ ਹਨ। ਮੀਡੀਆ ਦਾ ਤਜਰਬਾ ਇਨਸਾਨ ਨੂੰ ਬਹੁਤ ਕੀਮਤੀ ਸਬਕ ਸਿਖਾਉਂਦਾ ਹੈ ਪਰ ਇੱਥੇ ਕੀਤੀ ਛੋਟੀ ਜਿਹੀ ਕੁਤਾਹੀ ਵੀ ਪਬਲਿਕ 'ਚ ਬਣੀ ਹੋਈ ਭੱਲ ਨੂੰ ਢਾਹ ਲਾ ਦਿੰਦੀ ਹੈ। ਜੌਹਲ ਸਾਹਿਬ ਇਸ ਗੱਲ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ ਅਤੇ ਉਨ੍ਹਾਂ ਦਾ ਸਟਾਈਲ ਇਸ ਅਸਲੀਅਤ 'ਚ ਪੂਰਾ ਫਿੱਟ ਬੈਠਦਾ ਹੈ। ਓਹ ਸਪਸ਼ਟ ਅਤੇ ਸਿੱਧੀ ਗੱਲ ਕਰਦੇ ਹਨ ਜਿਸ ਕਰ ਕੇ ਲੋਕ ਉਨ੍ਹਾਂ ਨੂੰ ਧਿਆਨ ਨਾਲ਼ ਸੁਣਦੇ ਹਨ। ਜਦ ਲੋਕਲ ਮਸਲੇ ਜਾਂ ਪਰਿਵਾਸ ਨਾਲ਼ ਜੁੜੀਆਂ ਗੱਲਾਂ ਕਾਨੂੰਨੀ ਗੁੰਝਲ਼ਾਂ 'ਚ ਫਸ ਜਾਂਦੀਆਂ ਹਨ ਤਾਂ ਪਰਿਵਾਰਾਂ ਨੂੰ ਕਿਸੇ ਐਸੀ ਪਰਸਨੈਲਿਟੀ ਦੀ ਲੋੜ ਪੈਂਦੀ ਹੈ ਜੋ ਉਨ੍ਹਾਂ ਨੂੰ ਸਰਲ ਬੋਲਾਂ 'ਚ ਸਮਝਾ ਸਕੇ। ਬਰੈਂਪਟਨ 'ਚ ਇਸ ਤਰ੍ਹਾਂ ਦੀਆਂ ਸਿੱਧੀਆਂ-ਸਪਸ਼ਟ ਗੱਲਾਂ ਦੀ ਬਹੁਤ ਲੋੜ ਹੈ, ਜਿੱਥੇ ਜਨਤਾ ਲੋਕਲ ਅਤੇ ਸੰਸਾਰ ਪੱਧਰ - ਦੋਹਾਂ ਦੀਆਂ ਗੱਲਾਂ ਜਾਣਨਾ ਪਸੰਦ ਕਰਦੀ ਹੈ। ਇੱਥੇ ਜਿਹੜਾ ਕੋਈ ਵੀ ਇੱਧਰ-ਉੱਧਰ ਦੀਆਂ ਗੱਲਾਂ ਛੱਡ ਕੇ, ਜਨਤਾ ਦੇ ਮਸਲਿਆਂ ਦੀਆਂ ਗੱਲਾਂ ਕਰੇਗਾ ਅਤੇ ਪਬਲਿਕ ਦੀਆਂ ਭਾਵਨਾਵਾਂ ਦੀ ਪਛਾਣ ਕਰ ਕੇ ਕਦਰ ਕਰੇਗਾ, ਓਹ ਹੀ ਸਫਲ ਹੋ ਸਕੇਗਾ। ਜੌਹਲ ਸਾਹਿਬ ਇਸ ਤਰ੍ਹਾਂ ਦੀਆਂ ਸਾਰੀਆਂ ਗੱਲਾਂ ਕਰਨ 'ਚ ਮਾਹਿਰ ਹਨ ਕਿਉਂਕਿ ਓਹ ਹਮੇਸ਼ਾਂ ਇੱਕ 'ਗਰਾਊਂਡ' ਹੋਏ ਬੰਦੇ ਵਾਂਗ ਕੰਮ ਕਰਨਾ ਜਾਣਦੇ ਹਨ।

ਉਨ੍ਹਾਂ ਦੀ ਜਨਤਕ ਛਵੀ ਪਰਿਵਾਸ ਦੇ ਮਸਲਿਆਂ ਨਾਲ਼ ਬਹੁਤ ਸੰਬੰਧ ਰਖਦੀ ਹੈ ਅਤੇ ਇਸ ਗੁਣ ਦੀ ਬਰੈਂਪਟਨ 'ਚ ਬਹੁਤ ਕਦਰ ਹੈ। ਬਹੁਤੇ ਪਰਿਵਾਰਾਂ ਲਈ ਇਹ ਗੰਭੀਰ ਮਸਲਾ ਹੈ ਕਿਉਂਕਿ ਇਹ ਉਨ੍ਹਾਂ ਦੇ ਪਰਿਵਾਰ ਦੇ ਇਕੱਠੇ ਹੋਣ, ਕੰਮ, ਪੜ੍ਹਾਈਆਂ ਅਤੇ ਪਰਿਵਾਰਕ ਸੁਰੱਖਿਆ 'ਤੇ ਅਸਰ ਪਾਉਂਦਾ ਹੈ। ਇਸ ਤਰ੍ਹਾ ਦੇ ਕੰਮਾਂ 'ਚ ਪੂਰੀ ਦਰੁਸਤੀ, ਸਹਿਜਤਾ ਅਤੇ ਹਮਦਰਦੀ ਦੀ ਅਹਿਮ ਲੋੜ ਹੈ। ਛੋਟੀ ਜਿਹੀ ਗਲਤੀ ਵੀ ਕਿਸੇ ਪਰਿਵਾਰ ਦਾ ਜੀਵਨ ਖਰਾਬ ਕਰ ਸਕਦੀ ਹੈ। ਸਮਰਥਕ ਇਸ ਗੱਲੋਂ ਪੂਰੇ ਸੰਤੁਸ਼ਟ ਹਨ ਕਿ ਓਹ ਸਾਰੇ ਕੰਮ ਪੂਰੀ ਦਿਆਨਤਦਾਰੀ ਅਤੇ ਚੰਗੀ ਭਾਵਨਾ ਨਾਲ ਕਰਦੇ ਹਨ - ਭਾਵੇ ਇਹ ਰਵਈਆ ਕਿਸੇ ਨੂੰ ਚੰਗਾ ਨਾਂ ਵੀ ਲੱਗੇ। ਇਸ ਕਰਕੇ ਹੀ ਲੋਕ ਉਨ੍ਹਾ ਨੂੰ ਪੂਰਾ ਮਦਦਗਾਰ ਮੰਨਦੇ ਹਨ, ਹਾਲਾਂਕਿ ਮਦਦ ਕਰਨਾ ਹਮੇਸ਼ਾ ਸੌਖਾ ਜਾਂ ਭਲੀ-ਮਾਣਸੀ ਵਾਲ਼ਾ ਕੰਮ ਨਹੀਂ ਹੁੰਦਾ। ਕਦੇ-ਕਦੇ ਕੌੜੀਆਂ ਸਚਾਈਆਂ ਵੀ ਦੱਸਣੀਆਂ ਪੈਂਦੀਆਂ ਹਨ, ਲੋਕਾਂ ਨੂੰ ਸੰਭਾਵੀ 'ਰਿਸਕਾਂ' ਬਾਰੇ ਸੁਚੇਤ ਕਰਨਾ ਪੈਂਦਾ ਹੈ ਅਤੇ ਗਲਤ ਕੰਮ ਕਰਨ ਤੋਂ ਨਾਂਹ ਕਰਨ ਦੀ ਹਿੰਮਤ ਕਰਨੀ ਪੈਂਦੀ ਹੈ।

ਜੌਹਲ ਸਾਹਿਬ ਦੀ ਜਨਤਾ 'ਚ ਬਣੀ ਪੈਂਠ ਦਾ ਇੱਕ ਹੋਰ ਕਾਰਨ ਉਨ੍ਹਾਂ ਵਲੋਂ ਉੱਚੀਆਂ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਵਰਤ-ਵਰਤਾਓ ਕਰਨਾ ਹੈ। ਸਭ ਜਾਣਦੇ ਹਨ ਕਿ ਜਦ ਕਦੇ ਵੀ ਕਿਸੇ ਰੂਲ-ਅਸੂਲ ਦੀ ਉਲੰਘਣਾ ਹੁੰਦੀ ਹੈ ਜਾਂ ਕਿਸੇ ਦਾ ਕੋਈ ਕੰਮ ਕਮਿਉਨਿਟੀ-ਵਿਰੋਧੀ ਹੁੰਦਾ



ਹੈ, ਤਾਂ ਓਹ ਹਰਗਿਜ ਚੁੱਪ ਰਹਿਣ ਵਾਲ਼ੇ ਨਹੀਂ। ਇਸ 'ਚ ਪਬਲਿਕ ਵਰਤਾਓ, ਸੁਰੱਖਿਆ, ਕਾਨੂੰਨ ਦੀ ਪਾਲਣਾ ਅਤੇ ਪਰਿਵਾਸ ਦੇ ਨਿਯਮਾਂ ਦੀ ਦੁਰ-ਵਰਤੋਂ ਸਭ ਆ ਜਾਂਦੇ ਹਨ। ਇੱਕ ਸਾਊ ਵਿਅਕਤੀ ਹੋਣ ਦੇ ਨਾਲ਼-ਨਾਲ਼ ਓਹ ਡਟਣਾ ਵੀ ਜਾਣਦੇ ਹਨ ਅਤੇ ਇਹ ਸੁਮੇਲ ਕਾਇਮ ਰੱਖਣਾ ਕੋਈ ਸੌਖੀ ਗੱਲ ਨਹੀਂ। ਪਰ ਇਸ ਨਾਲ਼ ਬੰਦਾ ਚਿਰ-ਸਥਾਈ ਮਾਣ-ਸਤਿਕਾਰ ਹਾਸਿਲ ਕਰ ਲੈਂਦਾ ਹੈ। ਜੌਹਲ ਸਾਹਿਬ ਪੋਲੀਆਂ ਜਾਂ ਇਧਰਲੀਆ-ਉਧਰਲੀਆ ਗੱਲਾਂ ਕਰਨ ਵਾਲੇ ਨਹੀ; ਉਹ ਸਿੱਧੀਆਂ, ਖਰੀਆਂ ਅਤੇ ਬੇ-ਬਾਕ ਗੱਲਾਂ ਕਰਨ ਵਾਲ਼ੇ ਹਨ। ਇਹ ਠੀਕ ਹੈ ਕਈ ਕੱਚੇ ਬੰਦੇ ਇਸ ਤਰ੍ਹਾਂ ਦੀਆਂ ਗੱਲਾਂ ਬਰਦਾਸ਼ਤ ਨਹੀਂ ਕਰਦੇ ਪਰ ਵਧੀਆ ਅਤੇ ਸੱਚੇ-ਸੁੱਚੇ ਬੰਦੇ ਇਸ ਤਰ੍ਹਾਂ ਦੀ ਦਿਆਨਤਦਾਰੀ ਦੀ ਪੂਰੀ ਕਦਰ ਕਰਦੇ ਹਨ।

ਉਨ੍ਹਾਂ ਦੇ ਸਮਰਥਕ ਬਾਹਰੀ ਲੁੱਕ-ਲਪੇਟ ਤੋਂ ਵੱਧ ਸਿਰੜ ਅਤੇ ਦ੍ਰਿੜਤਾ ਦੀ ਕਦਰ ਕਰਦੇ ਹਨ। ਓਹ ਜਾਣਦੇ ਹਨ ਕਿ ਜੌਹਲ ਸਾਹਿਬ ਸੱਚੀ ਗੱਲ ਕਰਨਗੇ, ਕੋਈ ਉਨ੍ਹਾਂ ਨਾਲ਼ ਸਹਿਮਤ ਹੋਵੇ ਨਾਂ ਹੋਵੇ। ਕਈ ਵਾਰ ਉਨ੍ਹਾਂ ਨੂੰ ਨੁਕਤਾਚੀਨੀ ਵੀ ਝੱਲਣੀ ਪੈਂਦੀ ਹੈ ਪਰ ਅਖੀਰ ਨੂੰ ਉਨ੍ਹਾਂ ਪ੍ਰਤੀ ਭਰੋਸੇ ਅਤੇ ਮਾਣ-ਸਤਿਕਾਰ 'ਚ ਵਾਧਾ ਹੀ ਹੁੰਦਾ ਹੈ। ਆਪਾਂ ਜਾਣਦੇ ਹਾਂ ਕਿ ਜਨਤਾ ਕਿਸੇ ਨਾਲ਼ ਘੜੀ ਦੀ ਘੜੀ ਭਾਵੇਂ ਸਹਿਮਤ ਨਾਂ ਹੋਵੇ ਪਰ ਸੱਚੇ ਬੰਦੇ ਦੀ ਇੱਜਤ ਜਰੂਰ ਕਰਦੀ ਹੈ। ਵੈਸੇ ਵੀ ਕੁ-ਰਖਤ ਬੋਲਣ ਦਾ ਅਤੇ ਸੁਹਿਰਦ ਕਰੜਾਈ ਦਾ ਫਰਕ ਹੁੰਦਾ ਹੈ। ਜੌਹਲ ਜੀ ਗੰਭੀਰ ਮਸਲਿਆਂ 'ਤੇ ਗੱਲ ਕਰਨ ਵਕਤ ਵੀ ਆਪਣੀ ਨਰਮਾਈ ਨਹੀਂ ਛਡਦੇ। ਓਹ ਇਸ ਗੱਲ ਦੇ ਹਾਮੀ ਹਨ ਕਿ ਕਿਸੇ ਲਈ ਸਤਿਕਾਰ ਦਿਖਾਉਣ ਲਈ ਉਸ ਦੀ ਚਾਪਲੂਸੀ ਕਰਨ ਦੀ ਲੋੜ ਨਹੀਂ।

ਜੌਹਲ ਸਾਹਿਬ ਦਾ ਉਨ੍ਹਾਂ ਲੋਕਾਂ 'ਚ ਬਹੁਤ ਸਤਿਕਾਰ ਹੈ ਜੋ ਸਮਝਦੇ ਹਨ ਕਿ ਚੰਗੀ ਲੀਡਰੀ ਦਾ ਮਤਲਬ ਲੋਕ-ਭਲਾਈ ਦੀ ਰੱਖਿਆ ਕਰਨਾ ਹੈ ਭਾਵੇਂ ਕਿ ਹਾਲਾਤ ਵਿਰੋਧੀ ਹੀ ਕਿਉਂ ਨਾਂ ਹੋਣ। ਸਮਾਜ ਨੂੰ ਭਾਵੇਂ ਨਰਮਾਈ ਦੀ ਲੋੜ ਹੈ ਪਰ ਦਲੇਰੀ ਨਾਲ਼ ਸਾਹਮਣੇ ਹੋ ਕੇ ਡਟਣ ਦੀ ਵੱਧ ਲੋੜ ਪੈਂਦੀ ਹੈ। ਜਿਹੜਾ ਲੀਡਰ ਸ਼ਾਂਤੀ ਬਣਾਉਣ ਲਈ ਕੌੜੀਆਂ ਸਚਾਈਆਂ ਦਾ ਰਾਹ ਛੱਡ ਦਿੰਦਾ ਹੈ ਓਹ ਕੁਛ ਸਮਾਂ ਤਾਂ ਕੱਢ ਲੈਂਦਾ ਹੈ, ਪਰ ਅਖੀਰ ਨੂੰ ਜਨਤਕ ਵਿਸਵਾਸ਼ ਗਵਾ ਬੈਠਦਾ ਹੈ। ਜੌਹਲ ਜੀ ਦਾ ਸਿੱਧਾ ਅਸੂਲ ਹੈ ਕਿ ਨਰਮਾਈ ਦਾ ਅਰਥ ਚੁੱਪ ਰਹਿ ਕੇ ਗਲਤ ਗੱਲਾਂ ਬਰਦਾਸ਼ਤ ਕਰਨਾ ਨਹੀਂ। ਜਦ ਲੋਕਾਂ ਨੂੰ ਇਹ ਭਰੋਸਾ ਹੋਵੇ ਕਿ ਉਨ੍ਹਾਂ ਦਾ ਲੀਡਰ ਹੱਕ-ਸੱਚ ਲਈ ਖੜ੍ਹੇਗਾ ਤਾਂ ਓਹ ਉਸ 'ਤੇ ਵੱਧ ਯਕੀਨ ਵੀ ਕਰਨਗੇ ਅਤੇ ਉਸ ਦੀ ਪੂਰੀ ਸੁਪੋਰਟ ਵੀ ਕਰਨਗੇ। ਇਸ ਤਰ੍ਹਾਂ ਸੱਚ ਦੇ ਹੱਕ 'ਚ ਖੜ੍ਹਨ ਦੀ ਕਦਰ ਪੈਂਦੀ ਹੈ, ਪਰ ਇਸ ਦਾ ਮੁੱਲ ਤਾਰਨਾ ਪੈਂਦਾ ਹੈ। ਇਸ ਦੀ ਵਿਰੋਧਤਾ ਹੋ ਸਕਦੀ ਹੈ, ਬੋਲ-ਬੁਲਾਰਾ ਹੋ ਸਕਦਾ ਹੈ ਗਲਤ-ਫਹਿਮੀਆਂ ਪੈਦਾ ਹੋ ਸਕਦੀਆ ਹਨ। ਇਸ ਕਰਕੇ ਹੀ ਹੌਂਸਲੇ ਦੀ ਪਬਲਿਕ 'ਚ ਕਦਰ ਹੈ। ਜਨਤਾ ਉਨ੍ਹਾਂ ਨੂੰ ਯਾਦ ਰਖਦੀ ਹੈ ਜਿਹੜੇ ਸ਼ਾਂਤ ਰਹਿਣ ਅਤੇ ਬੋਲਣ ਦੇ ਮੌਕਿਆਂ ਨੂੰ ਪਛਾਣਦੇ ਹਨ, ਇਨ੍ਹਾਂ 'ਚ ਫਰਕ ਜਾਣਦੇ ਹਨ।

2022-2026 ਦੀ ਟਰਮ 'ਚ ਵਾਰਡ ਨੰਬਰ 9 ਅਤੇ 10 ਦੇ ਸਕੂਲ ਟਰਸਟੀ ਦੇ ਤੌਰ 'ਤੇ ਕੀਤਾ ਕੰਮ, ਉਨ੍ਹਾਂ ਦੇ ਪ੍ਰਭਾਵ-ਕਾਰੀ ਕੰਮ ਕਰਨ ਦੇ ਢੰਗਾਂ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਹੈਸੀਅਤ 'ਚ ਕੰਮ ਕਰ ਕੇ ਬੰਦਾ ਪਰਿਵਾਰਾਂ, ਸਟੂਡੈਂਟਾਂ ਅਤੇ ਅਧਿਆਪਕਾਂ ਦੇ ਨੇੜੇ ਹੋ ਜਾਂਦਾ ਹੈ ਅਤੇ ਨਿਤ-ਪ੍ਰਤੀ ਫੈਸਲੇ ਲੈਣ ਦੇ ਕੰਮਾਂ 'ਚ ਯੋਗਦਾਨ ਪਾਉਂਦਾ ਹੈ। ਇਹ ਇੱਕ ਅਮਲੀ ਕੰਮ ਹੈ ਜਿਸ ਤੋਂ ਬੰਦੇ ਦਾ ਚਰਿੱਤਰ ਪਰਤੱਖ ਨਜਰ ਆਉਂਦਾ ਹੈ ਅਤੇ ਇਹ ਹੋਰ ਪਰਪੱਕ ਵੀ ਹੁੰਦਾ ਹੈ।

ਸਕੂਲਾਂ ਦੇ ਪ੍ਰਬੰਧਾਂ 'ਚ, ਪਰਿਵਾਰ ਰੋਜਾਨਾ ਜਿੰਦਗੀ 'ਤੇ ਅਸਰ ਉਣ ਵਾਲ਼ੀਆਂ ਚੀਜਾਂ ਨੂੰ ਵੱਧ ਗੌਰ ਨਾਲ਼ ਦੇਖਦੇ ਹਨ। ਓਹ ਸਕੂਲਾਂ ਦੀ ਸੁਰੱਖਿਆ, ਸਕੂਲਾਂ ਦੇ ਨੇੜੇ ਦੀ ਆਵਾਜਾਈ, ਉੱਪਰਲਿਆਂ ਨਾਲ਼ ਤਾਲ-ਮੇਲ ਅਤੇ ਆਪਣੀ ਗੱਲ ਸੁਣੇ ਜਾਣ ਨੂੰ ਖਾਸ ਕਰ ਕੇ ਮਹੱਤਵ ਦਿੰਦੇ ਹਨ। ਜੌਹਲ ਸਾਹਿਬ ਇਨ੍ਹਾ ਸਭ ਗੱਲਾਂ ਬਾਰੇ ਬਹੁਤ ਖਬਰਦਾਰ ਰਹਿੰਦੇ ਹਨ। ਇਸ ਤਰ੍ਹਾਂ ਦੀਆਂ ਸੇਵਾਵਾਂ ਕਰ ਕੇ ਹੀ ਲੋਕ ਉਨ੍ਹਾਂ ਦਾ ਮਾਣ-ਸਤਿਕਾਰ ਕਰਦੇ ਹਨ। ਓਹ ਇਹ ਵੀ ਮਹਿਸੂਸ ਕਰਦੇ ਹਨ ਕਿ ਜੌਹਲ ਸਾਹਿਬ ਨੂੰ ਜਦੋਂ ਮਰਜੀ ਸਿੱਧਿਆਂ ਮਿਲਿਆ ਜਾ ਸਕਦਾ ਹੈ। ਮਾਂ-ਪਿਉ ਉਨ੍ਹਾਂ ਲੀਡਰਾਂ 'ਤੇ ਵੱਧ ਭਰੋਸਾ ਕਰਦੇ ਹਨ ਕਰਦੇ ਹਨ ਜੋ ਸਪਸ਼ਟ ਗੱਲ ਕਰਦੇ ਹਨ ਅਤੇ ਮੁਸ਼ਕਿਲ ਸਮੇਂ 'ਤੇ ਹਾਜਰ ਮਿਲਦੇ ਹਨ। ਨਿਰਸੰਦੇਹ, ਬੋਰਡ ਦਾ ਕੰਮ ਵਾਹਵਾ ਖੱਟਣ ਦਾ ਮੌਕਾ ਘੱਟ ਹੈ ਅਤੇ ਜਿੰਮੇਵਾਰੀ ਦਾ ਬਹੁਤਾ ਹੈ। ਇਹੋ ਜਿਹੀਆਂ ਅਹੁਦੇਦਾਰੀਆਂ 'ਤੇ ਕੀਤੇ ਕੰਮਾਂ ਤੋਂ ਹੀ ਬੰਦੇ ਦੀ ਜਨਤਾ 'ਚ ਬਣਾਈ ਭੱਲ ਦਾ ਪਤਾ ਲਗਦਾ ਹੈ।

ਜੌਹਲ ਸਾਹਿਬ 2026 ਦੀਆਂ ਬਰੈਂਪਟਨ ਮਿਉਂਸਪਲਟੀ ਦੀਆਂ ਰਿਜਨਲ ਕਾਉਂਸਲਰ ਦੀਆਂ ਚੋਣਾਂ 'ਚ ਉਮੀਦਵਰ ਹਨ। ਉਨ੍ਹਾਂ ਲਈ ਇਹ ਸੇਵਾ ਦਾ ਕੋਈ ਨਵਾਂ ਮੌਕਾ ਨਹੀਂ। ਇਸ ਤਰ੍ਹਾਂ ਓਹ ਪਹਿਲੀ ਕੀਤੀ ਜਾ ਰਹੀ ਸੇਵਾ ਨੂੰ ਹੀ ਅੱਗੇ ਤੋਰ ਰਹੇ ਹਨ। ਉਨ੍ਹਾਂ ਨੂੰ ਪਹਿਲਾਂ ਹੀ ਇਸ ਪਾਸੇ ਦਾ ਬਹੁਤ ਤਜਰਬਾ ਹੈ ਅਤੇ ਇਸ ਨਾਲ਼ ਉਨ੍ਹਾਂ ਦੀ ਜਿੰਮੇਵਾਰੀ ਦਾ ਘੇਰਾ ਹੋਰ ਵੱਡਾ ਹੋਵੇਗਾ। ਉਨ੍ਹਾਂ ਦੇ ਸਮਰਥਕਾਂ ਵਾਸਤੇ ਇਹ ਇੱਕ ਮੌਕਾ ਹੈ ਕਿ ਵੱਡੇ ਜਨਤਕ ਹਿਤਾਂ ਲਈ ਉਨ੍ਹਾਂ ਦੀ ਹਮਾਇਤ 'ਚ ਲੱਗਣ। ਹਾਲਾਂਕਿ ਓਹ ਖੁਦ ਇਸ ਤਰ੍ਹਾਂ ਦੀਆਂ ਹਮਾਇਤਾਂ ਦੀ ਬਜਾਇ ਜਨਤਾ 'ਚ ਵਿਚਰ ਕੇ ਪ੍ਰੈਕਟੀਕਲ ਕਰਾਵਾਈਆਂ ਨੂੰ ਵੱਧ ਤਰਜੀਹ ਦਿੰਦੇ ਹਨ ਅਤੇ ਇਸ ਤਰ੍ਹਾਂ ਦੇ ਪਰਚਾਰ ਤੋਂ ਸੰਗਦੇ ਹਨ। ਪਰ ਸਮਰਥਕ ਚਾਹੁੰਦੇ ਹਨ ਕਿ ਇਸ ਤਰ੍ਹਾਂ ਦੇ ਸੁਹਿਰਦ, ਹਿੰਮਤੀ ਅਤੇ ਅਣਥੱਕ ਲੀਡਰ ਪੰਜਾਬੀ ਭਾਈਚਾਰੇ ਦੀ ਬਹੁ-ਪੱਖੀ ਸੇਵਾ 'ਚ ਯੋਗਦਾਨ ਪਾਉਂਦੇ ਰਹਿਣ। ਸਾਰੇ ਇਸ ਗੱਲ ਨਾਲ਼ ਸਹਿਮਤ ਹਨ ਕਿ : ਜੌਹਲ, ਬਰੈਂਪਟਨ ਨਿਵਾਸੀਆਂ ਦੀ ਸੇਵਾ ਲਈ ਹਰ ਵਕਤ ਹਾਜਿਰ ਹੈ।

ਉਨ੍ਹਾਂ ਦਾ ਸਮਰਥਨ ਉਨ੍ਹਾਂ ਦੀਆਂ ਨਿਜੀ ਦੋਸਤੀਆਂ ਤੋਂ ਕਿਤੇ ਵੱਧ ਉਨ੍ਹਾਂ ਦੇ ਅਸਰਦਾਰ ਕੰਮਾਂ 'ਤੇ ਨਿਰਭਰ ਹੈ। ਉਨ੍ਹਾਂ ਵਲੋਂ ਕੀਤੀ ਔਲ.ਐੱਮ.ਆਈ.ਏ ਦੀ ਘਾਲਣਾ ਸਭ ਦੇ ਦਿਲਾਂ ਅਤੇ ਦਿਮਾਗਾਂ 'ਚ ਉੱਕਰੀ ਹੋਈ ਹੈ ਅਤੇ ਰਹੇਗੀ। ਜਨਤਾ ਹਮੇਸ਼ਾ ਸੱਚੇ-ਸੁੱਚੇ ਨਿਰਪੱਖ ਅਤੇ ਦਲੇਰ ਲੀਡਰਾਂ ਦੀ ਕਦਰ ਕਰਦੀ ਰਹੀ ਹੈ ਅਤੇ ਜੌਹਲ ਸਾਹਿਬ ਇਨ੍ਹਾਂ ਸਾਰੇ ਗੁਣਾਂ ਦਾ ਸਹੀ ਸੁਮੇਲ ਹਨ।

**ਸੁਰਜੀਤ ਸਿੰਘ ਫਲੋਰਾ**
647-829-9397




ਕੋਈ ਇਨਸਾਨ ਆਪਣੀ ਜਰੂਰਤ ਅਨੁਸਾਰ ਜਦੋਂ ਕਿਸੇ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਹੈ ਤਾਂ ਉਸਨੂੰ ਮਕਾਨ ਮਾਲਿਕ ਦੀਆਂ ਸ਼ਰਤਾਂ ਅਤੇ ਨਿਯਮਾਂ ਅਨੁਸਾਰ ਉਸ ਘਰ ਵਿੱਚ ਰਹਿਣ ਦਿੱਤਾ ਜਾਂਦਾ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਉਸ ਨੂੰ ਇੱਕ ਤੈਅ ਸੀਮਾ ਜਾਂ ਮਹੀਨੇ ਬਾਅਦ ਉਸ ਮਕਾਨ ਦਾ ਕਿਰਾਇਆ ਵੀ ਦੇਣਾ ਪੈਂਦਾ ਹੈ ਤੇ ਇਹ ਤਾਂ ਲਾਜ਼ਮੀ ਹੀ ਹੁੰਦਾ ਹੈ। ਇਸ ਤੋਂ ਇਲਾਵਾ ਉੱਥੇ ਸਾਫ - ਸਫਾਈ ਦਾ ਧਿਆਨ ਰੱਖਣਾ , ਰੌਲਾ - ਰੱਪਾ ਨਾ ਪਾਉਣਾ , ਬਿਲਡਿੰਗ ਨੂੰ ਕੋਈ ਨੁਕਸਾਨ ਨਾ ਪਹੁੰਚਾਉਣਾ , ਮਰਿਆਦਾ ਅਤੇ ਸ਼ਾਂਤੀ ਬਣਾਈ ਰੱਖਣਾ ਅਤੇ ਮਕਾਨ ਮਾਲਕ ਦੀ ਨਰਾਜ਼ਗੀ ਤੋਂ ਬਚਣਾ ਵੀ ਬਹੁਤ ਲਾਜ਼ਮੀ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਅਸੀਂ ਸਭ ਇਸ ਹਰੀ - ਭਰੀ ਧਰਤੀ @ਤੇ ਕੁਝ ਸਮੇਂ ਦੇ ਲਈ ਰਹਿਣ ਲਈ ਆਏ ਹੋਏ ਹਾਂ ; ਕਿਉਂਕਿ ਇਹ ਧਰਤੀ ਜਾਂ ਇੱਥੋਂ ਦੀ ਕੋਈ ਵੀ ਵਸਤੂ ਕਿਸੇ ਵੀ ਮਨੁੱਖ ਜਾਂ ਸੰਸਾਰਿਕ ਪ੍ਰਾਣੀ ਦੀ ਆਪਣੀ ਨਹੀਂ ਹੈ। ਦੁਨਿਆਵੀ ਤੌਰ @ਤੇ ਮਨੁੱਖ ਭਾਵੇਂ ਇਸ ਨੂੰ ਆਪਣੀ ਸਮਝਣ ਦਾ ਭਰਮ ਪਾਲ਼ੀ ਬੈਠਾ ਰਹੇ , ਪਰ ਇਹ ਮਨੁੱਖ ਦੀ ਨਾਸਮਝੀ ਤੇ ਵੱਡਾ ਭੁਲੇਖਾ ਹੈ। ਇਸ ਕਾਇਨਾਤ ਦਾ ਅਸਲ ਮਾਲਕ ਤਾਂ ਪਰਮਾਤਮਾ ਹੀ ਹੈ। ਇਸ ਲਈ ਸਾਨੂੰ ਵੀ ਇੱਥੇ ਰਹਿੰਦਿਆਂ ਹੋਇਆਂ ਕੁਦਰਤ ਤੇ ਕਾਇਨਾਤ ਦੇ ਨਿਯਮਾਂ ਦਾ ਸਤਿਕਾਰ ਕਰਨਾ ਬਣਦਾ ਹੈ ਤੇ ਸਾਨੂੰ ਵੀ ਇੱਥੇ ਪ੍ਰਦੂਸ਼ਣ , ਸ਼ੋਰ , ਧੂੰਆਂ , ਅਸ਼ਾਂਤੀ ਆਦਿ ਵਜੋਂ ਇਸ ਧਰਤੀ ਨੂੰ ਨੁਕਸਾਨ ਪਹੁੰਚਾਉਣ ਤੋਂ ਬਚਣਾ ਚਾਹੀਦਾ ਹੈ ਤੇ ਕੁਦਰਤਮਈ ਹੋ ਕੇ ਸਾਦਗੀ ਭਰਿਆ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਜਰੂਰ ਕਰਨੀ ਚਾਹੀਦੀ ਹੈ। ਧਰਤੀ ਸਾਡੀ ਮਾਤਾ ਹੈ ਤੇ ਸਾਡੇ ਕੋਲੋਂ ਕੋਈ ਕਿਰਾਇਆ ਤਾਂ ਭਾਵੇਂ ਕਦੇ ਨਹੀਂ ਮੰਗਦੀ , ਪਰ ਸਾਨੂੰ ਆਪਣੀ ਧਰਤੀ - ਮਾਤਾ ਨੂੰ ਪ੍ਰਦੂਸ਼ਣ - ਮੁਕਤ , ਸ਼ੋਰ - ਮੁਕਤ , ਧੂੰਆਂ ਤੇ ਧੂੜ - ਰਹਿਤ ਅਤੇ ਹਾਨੀਕਾਰਕ ਰਸਾਇਣਾਂ ਤੋਂ ਬਚਾਉਣ ਲਈ ਜੀਅ - ਜਾਨ ਨਾਲ਼ ਕੋਸ਼ਿਸ਼ ਤਾਂ ਜਰੂਰ ਆਪਣੇ ਪੱਧਰ @ਤੇ ਕਰਨੀ ਚਾਹੀਦੀ ਹੈ ਤੇ ਵੱਧ ਤੋਂ ਵੱਧ ਪੌਦੇ ਤੇ ਪੁਰਾਤਨ ਤੇ ਸੱਭਿਆਚਾਰਕ ਪੌਦੇ ਅਤੇ ਹੋਰ ਫਲਦਾਰ ਪੌਦੇ ਲਗਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਜੰਗਲਾਂ ਵਿੱਚ ਵਿਸ਼ੇਸ਼ ਤੌਰ @ਤੇ ਫਲਦਾਰ ਪੌਦੇ ਲਗਾਉਣੇ ਚਾਹੀਦੇ ਹਨ ਤਾਂ ਜੋ ਉੱਥੇ ਰਹਿਣ ਵਾਲੇ ਜੀਵਾਂ ਤੇ ਪੰਛੀਆਂ ਆਦਿ ਨੂੰ ਵੀ ਕੁਦਰਤੀ ਤੌਰ @ਤੇ ਆਵਾਸ , ਛਾਂ ਤੇ ਕੁਦਰਤੀ ਭੋਜਨ ਮਿਲਦਾ ਰਹੇ ਅਤੇ ਮਨੁੱਖਾਂ ਨਾਲ਼ ਉਹਨਾਂ ਦਾ ਟਕਰਾਅ ਵੀ ਘਟ ਸਕੇ। ਸਾਨੂੰ ਲਗਾਏ ਪੌਦਿਆਂ ਦੀ ਸੰਭਾਲ਼ ਜਰੂਰ ਕਰਨੀ ਚਾਹੀਦੀ ਹੈ। ਸ਼ਾਇਦ ਧਰਤੀ ਮਨੁੱਖ ਪਾਸੋਂ ਇੱਥੇ ਰਹਿਣ ਦੇ ਇਵਜ਼ ਵਜੋਂ ਇਹੋ ਜਿਹੇ ਕਿਰਾਏ ਦੀ ਉਮੀਦ ਕਰਦੀ ਹੈ ਤਾਂ ਜੋ ਇਹ ਧਰਤੀ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਰਹਿਣਯੋਗ ਰਹਿ ਸਕੇ ਅਤੇ ਕੁਦਰਤੀ ਸੰਪਦਾ ਤੇ ਲੁਪਤ ਹੋ ਰਹੀਆਂ ਪ੍ਰਜਾਤੀਆਂ ਨੂੰ ਬਚਾਅ ਕੇ ਭੋਜਨ ਲੜੀ ਨੂੰ ਵੀ ਵਿਗੜਨ ਤੋਂ ਰੋਕਿਆ ਜਾ ਸਕੇ। ਇਸ ਦੇ ਨਾਲ਼ ਹੀ ਸਾਨੂੰ ਸ਼ਾਕਾਹਾਰੀ ਰਹਿ ਕੇ ਮਾਸਾਹਾਰ ਤੋਂ ਵੀ ਬਚਣਾ ਚਾਹੀਦਾ ਹੈ ਤੇ ਪਲਾਸਟਿਕ ਦੀ ਵਰਤੋਂ ਨੂੰ ਘਟਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਘਰੇਲੂ ਸਮਾਨ ਦੀ ਖਰੀਦਦਾਰੀ ਕਰਨ ਲਈ ਕੱਪੜੇ ਜਾਂ ਪਟਸਨ ਆਦਿ ਦੇ ਵਾਤਾਵਰਨ - ਹਿਤੈਸ਼ੀ ਥੈਲਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਪੈਦਲ ਚੱਲਣ ਅਤੇ ਸਾਈਕਲ ਦੀ ਵਰਤੋਂ ਨੂੰ ਪਹਿਲ ਦੇਣੀ ਚਾਹੀਦੀ ਹੈ। ਇਨ੍ਹਾਂ ਸਭ ਛੋਟੀਆਂ - ਛੋਟੀਆਂ ਕੋਸ਼ਿਸ਼ਾਂ ਦੇ ਵੀ ਬਹੁਤ ਚੰਗੇ , ਦੂਰਗਾਮੀ ਤੇ ਧਰਤੀ ਨੂੰ ਖੁਸ਼ਹਾਲ ਰੱਖਣ ਲਈ ਵਧੀਆ ਨਤੀਜੇ ਸਾਹਮਣੇ ਆਉਣਗੇ। ਆਓ ! ਇੱਥੇ ਰਹਿਣ ਦੇ ਇਵਜ਼ ਵਜੋਂ ਇਹੋ ਜਿਹੇ ਸਾਰਥਕਤਾ ਭਰੇ ਉਪਰਾਲੇ ਕਰਕੇ ਆਪਣੇ ਕਿਰਾਏ ਦਾ ਭੁਗਤਾਨ ਕਰੀਏ ਤੇ ਧਰਤੀ - ਮਾਤਾ ਦੇ ਸੁਹਿਰਦ , ਸੁਚੇਤ ਤੇ ਪਰਉਪਕਾਰੀ ਸਪੂਤ ਅਖਵਾਈਏ।

ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ
9478561356

# ਹਥਿਆਰ ਕੋਈ ਖਿਡੌਣਾ ਨਹੀਂ ਹਨ



ਵਿਆਹਾਂ ਦੇ ਸੀਜ਼ਨ ਦੌਰਾਨ ਪੰਜਾਬ ਵਿੱਚ ਹਰ ਦੂਸਰੇ ਚੌਥੇ ਹਫਤੇ ਕੋਈ ਨਾ ਕੋਈ ਖਬਰ ਸੁਣਨ ਨੂੰ ਮਿਲ ਹੀ ਜਾਂਦੀ ਹੈ ਕਿ ਭੰਗੜਾ ਪਾਉਂਦੇ ਸਮੇਂ ਕਿਸੇ ਖਰ ਦਿਮਾਗ ਵਿਅਕਤੀ ਨੇ ਹਵਾਈ ਫਾਇਰਿੰਗ ਕਰਦੇ ਸਮੇਂ ਕਿਸੇ ਬੇਗੁਨਾਹ ਵਿਅਕਤੀ ਦੀ ਜਾਨ ਲੈ ਲਈ ਹੋਵੇ। ਪੰਜਾਬ ਵਿੱਚ ਇੱਕ ਅੱਧ ਮਾਮਲੇ ਨੂੰ ਛੱਡ ਕੇ ਅੱਜ ਤੱਕ ਕਦੇ ਵੀ ਕਿਸੇ ਲਾਇਸੈਂਸੀ ਹਥਿਆਰ ਵਾਲੇ ਨੇ ਲੁੱਟਣ ਵਾਸਤੇ ਆਏ ਡਾਕੂ, ਲੁਟੇਰੇ, ਕਾਲੇ ਕੱਛੇ ਵਾਲੇ ਜਾਂ ਚੋਰ ਲੁਟੇਰੇ ਆਦਿ ਦੀ ਹਿੱਕ ਵਿੱਚ ਗੋਲੀ ਨਹੀਂ ਮਾਰੀ। ਲਾਇਸੈਂਸੀ ਹਥਿਆਰਾਂ ਦੀ ਵਰਤੋਂ ਸਿਰਫ ਸ਼ੋਸ਼ੇਬਾਜ਼ੀ ਜਾਂ ਨਿੱਜੀ ਲੜਾਈ ਝਗੜਿਆਂ ਸਮੇਂ ਕੀਤੀ ਜਾਂਦੀ ਹੈ। ਅਨੇਕਾਂ ਅਜਿਹੇ ਕੇਸ ਹੋਏ ਹਨ ਕਿ ਲੁਟੇਰੇ ਘਰ ਲੁੱਟ ਕੇ ਲੈ ਗਏ ਤੇ ਪੰਜਾਬੀ ਸੂਰਮਿਆਂ ਦੀਆਂ ਰਾਈਫਲਾਂ ਪੇਟੀ ਵਿੱਚ ਰੱਖੀਆਂ ਰਹਿ ਗਈਆਂ। ਰਾਤ ਨੂੰ ਜਿਆਦਾਤਰ ਲੋਕਾਂ ਨੇ ਸ਼ਰਾਬ ਹੀ ਐਨੀ ਪੀਤੀ ਹੁੰਦੀ ਹੈ ਕਿ ਚੋਰ ਚਾਹੇ ਉਸ ਨੂੰ ਵੀ ਨਾਲ ਹੀ ਚੁੱਕ ਕੇ ਲੈ ਜਾਣ।

ਪੁਰਾਣੇ ਸਮੇਂ ਵਿੱਚ ਅਸਲ੍ਹੇ ਵਾਲੇ ਵਿਅਕਤੀ ਨੂੰ ਚੋਰ ਡਾਕੂਆਂ ਤੋਂ ਬਚਾਅ ਲਈ ਜੰਞ ਦੇ ਨਾਲ ਲਿਜਾਇਆ ਜਾਂਦਾ ਸੀ। ਉਹ ਕਈ ਵਾਰ ਲੁਟੇਰਿਆਂ, ਬਦਮਾਸ਼ਾਂ ਵਿੱਚ ਦਹਿਸ਼ਤ ਪਾਉਣ ਲਈ ਇੱਕ ਅੱਧ ਫਾਇਰ ਵੀ ਕੱਢ ਦੇਂਦਾ ਸੀ। ਪਰ ਅੱਜ ਕਲ੍ਹ ਤਾਂ ਵਿਆਹ ਸਮੇਂ ਅਸਲ੍ਹੇ ਵਾਲੇ ਹਵਾਈ ਫਾਇਰ ਕਰਨ ਦੇ ਸ਼ੌਕੀਨ ਫੁਕਰਿਆਂ ਨੂੰ ਖਾਸ ਤੌਰ ‘ਤੇ ਕਾਰਡ ਵੰਡੇ ਜਾਂਦੇ ਹਨ ਤੇ ਸਖਤ ਤਾਕੀਦ ਕੀਤੀ ਜਾਂਦੀ ਕਿ ਬਿਨਾਂ ਪਿਸਤੌਲ ਤੋਂ ਨਾ ਆਇਓ। ਉਹ ਗੱਲ ਅਲੱਗ ਹੈ ਕਿ ਅਜਿਹੇ ਵਿਆਹ ਦੀ ਰਿਸੈਪਸ਼ਨ ਕਈ ਵਾਰ ਥਾਣੇ ਦੀ ਹਵਾਲਾਤ ਵਿੱਚ ਹੁੰਦੀ ਹੈ। ਸੁਣਨ ਵਿੱਚ ਆਇਆ ਹੈ ਕਿ ਮੈਰਿਜ ਪੈਲੇਸ, ਘੋੜੀ, ਬੈਂਡ ਵਾਜੇ ਅਤੇ ਕੈਟਰਿੰਗ ਦੇ ਨਾਲ ਨਾਲ ਹੁਣ ਵਿਆਹ ਵਿੱਚ ਫਾਇਰ ਕਰਨ ਵਾਲਿਆ ਦੀ ਵੀ ਬੁਕਿੰਗ ਹੋਣ ਲੱਗ ਪਈ ਹੈ। ਜਿਨ੍ਹਾਂ ਦਾ ਕੋਈ ਦੋਸਤ ਜਾਂ ਰਿਸ਼ਤੇਦਾਰ ਲਾਇਸੈਂਸ ਵਾਲਾ ਨਹੀਂ, ਉਹ ਕਿਰਾਏ ‘ਤੇ ਫਾਇਰ ਕਰਨ ਵਾਲੇ ਲੈ ਲੈਂਦੇ ਹਨ ਤੇ ਉਨ੍ਹਾਂ ਦੀ ਗੋਲੀਆਂ ਦੇ ਹਿਸਾਬ ਨਾਲ ਪੇਮੈਂਟ ਕੀਤੀ ਜਾਂਦੀ ਹੈ। ਜਿਹੜਾ ਮੈਰਿਜ ਪੈਲੇਸ ਵਾਲਾ ਫਾਇਰ ਕਰਨ ਤੋਂ ਰੋਕਦਾ ਹੈ, ਲੋਕ ਉਸ ਦਾ ਪੈਲੇਸ ਬੁੱਕ ਕਰਨ ਤੋਂ ਟਾਲਾ ਵੱਟ ਜਾਂਦੇ ਹਨ। ਬਹੁਤੇ ਪੈਲੇਸਾਂ ਵਾਲੇ ਮੈਰਿਜ ਪੈਲੇਸ ਵਿੱਚ ਫਾਇਰ ਕਰਨਾ ਮਨ੍ਹਾਂ ਹੈ ਦਾ ਬੋਰਡ ਲਗਾ ਕੇ ਜ਼ਿੰਮੇਵਾਰੀ ਪੂਰੀ ਹੋਈ ਸਮਝ ਲੈਂਦੇ ਹਨ। ਜੇ ਕਿਤੇ ਪੁਲਿਸ ਵਾਲੇ ਦਖਲ ਅੰਦਾਜ਼ੀ ਕਰਨ ਤਾਂ ਸ਼ਰਾਬੀ ਗਲ ਪੈਂਦੇ ਹਨ ਕਿ ਤੁਸੀਂ ਸਾਡਾ ਵਿਆਹ ਖਰਾਬ ਕਰ ਰਹੇ ਹੋ।

ਬਲਰਾਜ ਸਿੰਘ ਸਿੱਧੂ ਏ.ਆਈ.ਜੀ.
ਪੰਡੋਰੀ ਸਿੱਧਵਾਂ 9501100062

ਪੰਜਾਬ ਵਿੱਚ ਕਿਸੇ ਨੂੰ ਖੁਸ਼ ਕਰਨਾ ਹੋਵੇ ਤਾਂ ਉਸ ਨੂੰ ਲਾਇਸੰਸ ਬਣਾ ਕੇ ਦੇ ਦਿਉ। ਘਰ ਵਿੱਚ ਰੋਟੀ ਪੱਕੇ ਨਾ ਪੱਕੇ, ਹਥਿਆਰ ਜ਼ਰੂਰ ਚਾਹੀਦਾ ਹੈ। ਕਈ ਲੋਕਾਂ ਨੇ ਸਾਰੇ ਪਰਿਵਾਰ ਦੇ ਲਾਇਸੰਸ ਬਣਾਏ ਹੁੰਦੇ ਹਨ ਪਰ ਜਦੋਂ ਵਾਰ ਵਾਰ ਲਾਇਸੰਸ ਰੀਨਿਊ ਕਰਾਉਣੇ ਪੈਂਦੇ ਹਨ ਤਾਂ ਸ਼ਕਲ ਵੇਖਣ ਵਾਲੀ ਹੁੰਦੀ ਹੈ। ਲੀਡਰਾਂ ਤੇ ਅਫਸਰਾਂ ਕੋਲ ਸਭ ਤੋਂ ਜਿਆਦਾ ਸਿਫਾਰਸ਼ਾਂ ਲਾਇਸੰਸ ਬਣਾਉਣ ਦੀਆਂ ਹੀ ਆਉਂਦੀਆਂ ਹਨ। ਅਸਲ੍ਹਾ ਰੱਖਣਾ, ਸੰਭਾਲਣਾ ਅਤੇ ਚਲਾਉਣਾ ਬਹੁਤ ਨਾਜ਼ਕ ਕੰਮ ਹੈ। 90% ਲੋਕਾਂ ਨੂੰ ਹਥਿਆਰ ਖੋਲ੍ਹਣੇ ਜੋੜਨੇ ਜਾਂ ਸਾਫ ਕਰਨੇ ਨਹੀਂ ਆਉਂਦੇ। ਪਿਸਤੌਲ ਨੂੰ ਬੁੱਕਲ ਦਾ ਹਥਿਆਰ ਕਿਹਾ ਜਾਂਦਾ ਹੈ ਜੋ ਆਤਮ ਰੱਖਿਆ ਲਈ ਕੱਪੜਿਆਂ ਦੇ ਥੱਲੇ ਛਿਪਾ ਕੇ ਪਹਿਨਿਆਂ ਜਾਣਾ ਚਾਹੀਦਾ ਹੈ। ਪਰ ਅੱਜ ਕਲ੍ਹ ਲੋਕਾਂ ਨੂੰ ਵਿਖਾਉਣ ਲਈ ਜਾਣ ਬੁੱਝ ਕੇ ਪੈਂਟ ਦੀ ਬੈਲਟ ਵਿੱਚ ਫਸਾਇਆ ਹੁੰਦਾ ਹੈ। ਜੇ ਕਿਸੇ ਚੋਰ-ਲੁਟੇਰੇ ਨੇ ਹਮਲਾ ਕਰਨਾ ਹੋਵੇ ਤਾਂ ਉਹ ਜੱਫਾ ਮਾਰ ਕੇ ਪਹਿਲਾਂ ਪਿਸਤੌਲ ਹੀ ਕਾਬੂ ਕਰਦਾ ਹੈ।

ਚਾਲੀ ਪੰਜਾਹ ਸਾਲ ਪਹਿਲਾਂ ਇਲਾਕੇ ਦੇ ਸਿਰਫ ਦੋ ਚਾਰ ਮੋਹਤਬਰ ਬੰਦਿਆਂ ਕੋਲ ਅਸਲ੍ਹਾ ਹੁੰਦਾ ਸੀ। ਪਿਸਤੌਲ ਵਿਦੇਸ਼ੀ ਹੋਣ ਕਾਰਨ ਬਹੁਤ ਮਹਿੰਗੇ ਸਨ ਤੇ ਹਾਰੀ ਸਾਰੀ ਨਹੀਂ ਸੀ ਖਰੀਦ ਸਕਦਾ। ਪਰ ਮੁਸੀਬਤ ਉਦੋਂ ਸ਼ੁਰੂ ਹੋਈ ਜਦੋਂ ਸਰਕਾਰੀ ਕਾਨਪੁਰੀ ਪਿਸਤੌਲ ਬਣਨ ਲੱਗ ਪਏ। ਹੁਣ ਹਰ ਜਣਾ ਖਣਾ ਡੱਬ ਵਿੱਚ ਫਸਾਈ ਫਿਰਦਾ ਹੈ। ਹਰੇਕ ਨੌਜਵਾਨ ਬਾਲਗ ਹੁੰਦੇ ਸਾਰ ਹੀ ਲਾਇਸੰਸ ਬਣਾਉਣ ਵੱਲ ਭੱਜਦਾ ਹੈ। ਵੀਡੀਉ ਗੇਮਾਂ ਖੇਡ ਕੇ ਤੇ ਪੰਜਾਬੀ ਗਾਇਕਾਂ ਦੇ ਜੱਟਵਾਦੀ ਗਾਣੇ ਸੁਣ ਕੇ ਜਵਾਨ ਹੋਈ ਇਸ ਪੀੜ੍ਹੀ ਨੂੰ ਅਸਲੀਅਤ ਬਾਰੇ ਪਤਾ ਨਹੀਂ ਹੈ। ਜੇ ਗਲਤੀ ਨਾਲ ਵੀ ਗੋਲੀ ਵੱਜ ਕੇ ਕਿਸੇ ਦੀ ਮੌਤ ਹੋ ਜਾਵੇ ਤਾਂ ਗੋਲੀ ਮਾਰਨ ਵਾਲੇ ਦੀ ਜ਼ਿੰਦਗੀ ਬਰਬਾਦ ਹੋ ਜਾਂਦੀ ਹੈ। ਉਸ ‘ਤੇ ਕਤਲ ਦਾ ਪਰਚਾ ਦਰਜ਼ ਹੁੰਦਾ ਹੈ ਤੇ ਸੁਪਰੀਮ ਕੋਰਟ ਤੱਕ ਵੀ ਜ਼ਮਾਨਤ ਨਹੀਂ ਹੁੰਦੀ ਤੇ ਜੇ ਸਜ਼ਾ ਹੋ ਜਾਵੇ ਤਾਂ ਸਾਰੀ ਉਮਰ ਜੇਲ੍ਹ ਵਿੱਚ ਗਰਕ ਹੋ ਜਾਂਦੀ ਹੈ। ਦੋ ਮਿੰਟ ਲਈ ਮਾਰੀ ਫੁਕਰੀ 50-60 ਲੱਖ ਵਿੱਚ ਪੈਂਦੀ ਹੈ ਤੇ ਪਰਿਵਾਰ ਵਾਲੇ ਥਾਣਿਆਂ ਕਚਹਿਰੀਆਂ ‘ਚ ਵੱਖ ਧੱਕੇ ਖਾਂਦੇ ਹਨ। ਜਿਆਦਾਤਰ ਸਿਆਣੇ ਬੰਦੇ ਤਾਂ ਵਿਆਹ ਵਿੱਚ ਗੋਲੀ ਚੱਲਦੇ ਸਾਰ ਉੱਠ ਕੇ ਘਰਾਂ ਨੂੰ ਦੌੜ ਜਾਂਦੇ ਹਨ।

ਸਾਡੇ ਨਜ਼ਦੀਕੀ ਪਿੰਡ ਇੱਕ ਵਲੈਤੀਆਂ ਆਪਣੇ ਭਰਾ ਦਾ ਵਿਆਹ ਕਰਨ ਲਈ ਵਿਦੇਸ਼ੋਂ ਆਇਆ ਸੀ। ਉਸ ਨੇ ਆਪਣੇ ਸਾਰੇ ਦੋਸਤਾਂ ਨੂੰ ਬਰਾਤ ਵਿੱਚ ਹਥਿਆਰ ਲੈ ਕੇ ਆਉਣ ਦਾ ਹੁਕਮ ਜਾਰੀ ਕਰ ਦਿੱਤਾ। ਜਦੋਂ ਮੁਫਤ ਦੀ ਸ਼ਰਾਬ ਨਾਲ ਟੱਲੀ ਹੋਏ ਨਿਸ਼ਾਨਚੀਆਂ ਨੇ ਫਾਇਰ ਖੋਲ੍ਹਿਆ ਤਾਂ ਇੱਕ ਗੋਲੀ ਲਾੜਾ ਸਾਹਿਬ ਨੂੰ ਹੀ ਜਾ ਲੱਗੀ ਜਿਸ ਦੀ ਹਸਪਤਾਲ ਜਾ ਕੇ ਮਸਾਂ ਜਾਨ ਬਚੀ। ਸ਼ੁਕਰ ਹੈ ਲਾਵਾਂ ਫੇਰੇ ਹੋ ਗਏ ਸਨ ਨਹੀਂ ਤਾਂ ਵਿਆਹ ਵਿੱਚੇ ਰਹਿ ਜਾਣਾ ਸੀ। ਬਹੁਤ ਮੁਸ਼ਕਿਲ ਨਾਲ ਮਾਮਲਾ ਦਬਾਇਆ ਗਿਆ ਤੇ ਰਾਤੋ ਰਾਤ ਦਿੱਲੀ ਤੋਂ ਐਮਰਜੈਂਸੀ ਟਿਕਟ ਕਰਾ ਕੇ ਭੱਜਾ ਵਲਾਇਤੀਆ ਅੱਜ ਤੱਕ ਵਾਪਸ ਨਹੀਂ ਆਇਆ। ਹਥਿਆਰ ਆਦਮੀ ਦੀ ਆਤਮ ਰੱਖਿਆ ਲਈ ਹੁੰਦੇ ਹਨ, ਸ਼ੋਸ਼ੇਬਾਜ਼ੀ, ਹਵਾਈ ਫਾਇਰ ਜਾਂ ਲੋਕਾਂ ਨੂੰ ਡਰਾਉਣ ਵਾਸਤੇ ਨਹੀਂ। ਹਥਿਆਰ ਹਮੇਸ਼ਾਂ ਘਰ ਵਿੱਚ ਕਿਸੇ ਸੁਰੱਖਿਅਤ ਜਗ੍ਹਾ ‘ਤੇ ਜਿੰਦਰੇ ਹੇਠ ਰੱਖਣੇ ਚਾਹੀਦੇ ਹਨ। ਬੱਚਿਆਂ ਵਿੱਚ ਹਥਿਆਰ ਨਾਲ ਛੇੜ ਛਾੜ ਕਰਨ ਦੀ ਬਹੁਤ ਖਿੱਚ ਹੁੰਦੀ ਹੈ। ਕਦੀ ਵੀ ਭਰਿਆ ਹੋਇਆ ਹਥਿਆਰ ਬੱਚਿਆਂ ਨੂੰ ਨਹੀਂ ਪਕੜਾਉਣਾ ਚਾਹੀਦਾ। ਉਹ ਖੇਡ ਖੇਡ ਵਿੱਚ ਹੀ ਕਿਸੇ ਨੂੰ ਗੋਲੀ ਮਾਰ ਸਕਦੇ ਹਨ। ਜੇ ਜਿਆਦਾ ਸਮੇਂ ਲਈ ਘਰੋਂ ਬਾਹਰ ਜਾਣਾ ਹੋਵੇ ਤਾਂ ਹਥਿਆਰ ਨਜ਼ਦੀਕੀ ਥਾਣੇ ਜਾਂ ਗੰਨ ਹਾਊਸ ਵਿੱਚ ਜਮ੍ਹਾਂ ਕਰਵਾ ਦੇਣਾ ਚਾਹੀਦਾ ਹੈ। ਬਿਲਕੁਲ ਸੱਚੀਆਂ ਕਹਾਵਤਾਂ ਬਣੀਆਂ ਹਨ ਕਿ ਗੋਲੀ ਹਮੇਸ਼ਾਂ ਬੰਦੇ ਵੱਲ ਹੀ ਜਾਂਦੀ ਹੈ ਤੇ ਕਿਸਮਤ ਮਾੜੀ ਹੋਵੇ ਤਾਂ ਖਾਲੀ ਬੰਦੂਕ ਵੀ ਚੱਲ ਜਾਂਦੀ ਹੈ। ਜੇ ਕਿਸੇ ਵਿਆਹ ਵਿੱਚ ਫਾਇਰ ਹੁੰਦੇ ਹਨ ਤਾਂ ਮੈਰਿਜ ਪੈਲੇਸ ਵਾਲੇ ਵੀ ਕਾਨੂੰਨੀ ਕਾਰਵਾਈ ਤੋਂ ਨਹੀਂ ਬਚ ਸਕਦੇ। ਇਹ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਸਬੰਧੀ ਨਜ਼ਦੀਕੀ ਥਾਣੇ ਨੂੰ ਸੂਚਨਾ ਦੇਣ। ਸਿਰਫ ਇਹ ਲਿਖ ਦੇਣ ਨਾਲ ਕਿ ਮੈਰਿਜ ਪੈਲੇਸ ਵਿੱਚ ਫਇਰ ਕਰਨੇ ਮਨ੍ਹਾ ਹਨ, ਜ਼ਿੰਮੇਵਾਰੀ ਤੋਂ ਨਹੀਂ ਭੱਜਿਆ ਜਾ ਸਕਦਾ। ਜਦੋਂ ਵੀ ਕਿਸੇ ਸ਼ਾਦੀ ਵਿੱਚ ਫਾਇਰ ਹੋਣੇ ਸ਼ੁਰੂ ਹੋਣ, ਆਪਣੇ ਪਰਿਵਾਰ ਸਮੇਤ ਪੱਤਰਾ ਵਾਚ ਜਾਉ। ਜਾਨ ਮੁਰਗੇ ਮੱਛੀ ਤੇ ਮੁਫਤ ਦੀ ਸ਼ਰਾਬ ਨਾਲੋਂ ਬਹੁਤ ਜਿਆਦਾ ਕੀਮਤੀ ਹੁੰਦੀ ਹੈ।

# ਮਤਰੇਈ ਮਾਂ (ਕਹਾਣੀ)



ਅੱਜ ਮੈਨੂੰ ਬਹੁਤ ਸਮੇਂ ਬਾਅਦ ਮੇਰੇ ਦਾਦੀ ਜੀ ਦੀ ਸੁਣਾਈ ਹੋਈ ਇੱਕ ਕਹਾਣੀ ਯਾਦ ਆ ਰਹੀ ਹੈ ਜੋ ਕਿ ਬਹੁਤ ਹੀ ਸੋਹਣੀ ਦਿਲ ਨੂੰ ਛੂ ਲੈਣ ਵਾਲੀ ਕਹਾਣੀ ਸੀ ਉਹ ਕਹਾਣੀ ਮੈਂ ਤੁਹਾਡੇ ਨਾਲ ਸਾਂਝੀ ਕਰਨ ਲੱਗੀ ਆਂ ।ਹੋਇਆ ਇਸ ਤਰਾਂ ਕਿ ਇੱਕ ਰਾਜਾ ਤੇ ਰਾਣੀ ਸੀ ਰਾਣੀ ਬਹੁਤ ਬਿਮਾਰ ਰਹਿੰਦੀ ਸੀ ਜਦੋਂ ਰਾਣੀ ਬਿਮਾਰ ਰਹਿੰਦੀ ਸੀ ਤਾਂ ਉਹ ਮੰਜੇ ਉੱਤੇ ਹੀ ਪਈ ਰਹਿੰਦੀ ਸੀ ਮੰਜੇ ਦੀ ਉੱਪਰ ਇੱਕ ਰੋਸ਼ਨ ਦਾ ਆਨ ਸੀਗਾ ਉਸ ਰੋਸ਼ਨਦਾਨ ਦੇ ਉੱਤੇ ਚਿੜੀਆਂ ਦਾ ਇੱਕ ਆਲਣਾ ਸੀ ਤਾਂ ਰਾਣੀ ਉਸਾਲਣੇ ਨੂੰ ਰੋਜ਼ ਦੇਖਦੀ ਸੀ ਕੁਝ ਦਿਨ ਬੀਤੇ ਤੇ ਆਲਣੇ ਵਿੱਚ ਚਿੜੀ ਦੇ ਬੱਚਿਆਂ ਦੀ ਚੁੱਕਣ ਦੀ ਆਵਾਜ਼ ਆਈ ਤਾਂ ਰਾਣੀ ਉੱਠ ਕੇ ਦੇਖਿਆ ਉਸਦੇ ਵਿੱਚ ਨਿੱਕੇ ਨਿੱਕੇ ਦੋ ਬੱਚੇ ਸਨ ਤਾਂ ਰਾਣੀ ਖੁਸ਼ ਹੋਈ ਕਿ ਬੱਚਿਆਂ ਦੀ ਮਾਂ ਸ਼ਾਇਦ ਬੱਚਿਆਂ ਦੇ ਲਈ ਕੁਝ ਖਾਣ ਨੂੰ ਲੈਣ ਗਈ ਹੈ ਤੇ ਕੁਝ ਸਮੇਂ ਬਾਅਦ ਆ ਜਾਏਗੀ ਪਰ ਜਦੋਂ ਆਥਣ ਹੋਇਆ ਤਾਂ ਬੱਚੇ ਹੋਰ ਜਿਆਦਾ ਉੱਚੀ ਉੱਚੀ ਚੁੱਕਣ ਲੱਗੇ ਤਾਂ ਰਾਣੀ ਨੇ ਉੱਠ ਕੇ ਦੇਖਿਆ ਕਿ ਜੋ ਰੋਜ਼ ਵਾਲੀ ਚਿੜੀ ਸੀ ਉਸਦੇ ਵਿੱਚ ਆ ਕੇ ਬੈਠਦੀ ਉਹ ਚਿੜੀ ਤਾਂ ਉਸਾਲਨੇ ਦੇ ਵਿੱਚ ਹੈ ਹੀ ਨਹੀਂ ਸੀ ਜਿਸ ਚਿੜੀ ਨੇ ਬੱਚਿਆਂ ਨੂੰ ਜਨਮ ਦਿੱਤਾ ਸੀ ਉਹ ਚਿੜੀ ਸ਼ਾਇਦ ਹੁਣ ਮਰ ਗਈ ਸੀ

ਉਸ ਦੀ ਜਗ ?ਹਾ ਨਵੀਂ ਚਿੜੀ ਨੇ ਲੈ ਲਈ ਸੀ ਜੋ ਕਿ ਭੁੱਖੇ ਬੱਚਿਆਂ ਨੂੰ ਅਨਾਜ ਦੇ ਦਾਣਿਆਂ ਦੀ ਜਗ ?ਹਾ ਤੇ ਭਖੜਾ ਉਹਨਾਂ ਦੇ ਮੂੰਹ ਵਿੱਚ ਪਾ ਦਿੱਤਾ ਜਿਸ ਦੇ ਕਰਕੇ ਬੱਚਿਆਂ ਨੇ ਤੜਪ ਤੜਪ ਕੇ ਆਪਣੀ ਜਾਨ ਦੇ ਦਿੱਤੀ ਤੇ ਇਹ ਸਾਰਾ ਕੁਝ ਹੁੰਦੇ ਆਂ ਰਾਣੀ ਨੇ ਆਪਣੇ ਅੱਖੀ ਵੇਖਿਆ ਜਿਸ ਤੋਂ ਰਾਣੀ ਬਹੁਤ ਜਿਆਦਾ ਨਿਰਾਸ਼ ਹੋ ਗਈ ਅਤੇ ਸੋਚਣ ਲੱਗੀ ਕਿ ਮੈਂ ਵੀ ਬਿਮਾਰ ਰਹਿੰਦੀ ਹਾਂ ਜੇ ਕੱਲ ਨੂੰ ਮੈਨੂੰ ਕੁਝ ਹੋ ਜਾਂਦਾ ਹੈ ਤਾਂ ਪਿੱਛੋਂ ਮੇਰੇ ਦੋ ਬੱਚਿਆਂ ਦਾ ਕੀ ਬਣੇਗਾ ਤੇ ਇਸਦੇ ਨਾਲ ਉਹ ਦਿਨ ਵਾ ਦਿਨ ਹੋਰ ਬਿਮਾਰ ਹੁੰਦੀ ਗਈ ਫਿਰ ਉਸਨੇ ਇਕ ਦਿਨ ਰਾਜੇ ਨੂੰ ਆਪਣੇ ਕੋਲ ਬੁਲਾਇਆ ਅਤੇ ਕਹਿਣ ਲੱਗੀ ਰਾਜਾ ਜੀ ਮੈਂ ਹੁਣ ਸ਼ਾਇਦ ਨਹੀਂ ਬਚਣਾ ਤੇ ਤੁਸੀਂ ਮੇਰੇ ਨਾਲ ਇੱਕ ਵਾਅਦਾ ਕਰੋ ਕਿ ਮੇਰੇ ਮਰਨ ਤੋਂ ਬਾਅਦ ਤੁਸੀਂ ਦੂਜਾ ਵਿਆਹ ਨਹੀਂ ਕਰਵਾਉਗੇ ਰਾਜੇ ਨੇ ਕਿਹਾ ਕਿ ਭਲੀਏ ਲੋਕੇ ਤੂੰ ਇਹੋ ਜਿਹੀਆਂ ਗੱਲਾਂ ਕਿਉਂ ਕਰਦੀ ਹ ਤੈਨੂੰ ਕੁਝ ਨਹੀਂ ਹੋਣ ਲੱਗਾ ਪਰਮਾਤਮਾ ਤੈਨੂੰ ਠੀਕ ਕਰੇਗਾ ਇਹ ਤਲਾਸਾ ਦੇ ਕੇ ਰਾਜਾ ਆਪਣੇ ਕੰਮ ਨੂੰ ਚੱਲ ਗਿਆ ਤੇ ਕੁਝ ਦਿਨਾਂ ਬਾਅਦ ਰਾਣੀ ਸੱਚ ਵਿੱਚ ਹੀ ਗੁਜ਼ਰ ਗਈ ਅਤੇ ਆਪਣੇ ਬੱਚਿਆਂ ਨੂੰ ਰੋਂਦਿਆਂ ਬਿਲਕਦਿਆਂ ਪਿੱਛੇ ਛੱਡ ਗਈ ਕੁਝ ਸਮਾਂ ਬੀਤਿਆ ਰਾਜੇ ਨੇ ਯਾਦਾਂ ਤੋਂ ਪੱਲਾ ਛਡਾਉਂਦਿਆਂ ਹੋਇਆਂ ਲੋਕਾਂ ਦਾ ਕਹਿਣਾ ਮੰਨ ਕੇ ਛੇ ਮਹੀਨਿਆਂ ਬਾਅਦ ਹੀ ਦੂਜਾ ਵਿਆਹ ਕਰਵਾ ਲਿਆ ।

ਦੂਜੀ ਰਾਣੀ ਆਉਣ ਤੇ ਸਾਰੇ ਬਹੁਤ ਖੁਸ਼ ਸੀਗੇ ਜੀ ਰਾਜੇ ਨੂੰ ਸਹਾਰਾ ਮਿਲ ਗਿਆ ਤੇ ਬੱਚਿਆਂ ਨੂੰ ਦੂਜੀ ਮਾਂ ਮਿਲ ਗਈ ਪਰ ਜੋ ਸਿਆਣੇ ਲੋਕ ਸੀ ਉਹਨਾਂ ਨੂੰ ਇੱਕ ਡਰ ਵੀ ਸੀ ਕਿ ਮਤਰਈ ਤਾਂ ਮਿੱਟੀ ਦੀ ਮਾਂ ਨੇ ਇਹ ਤਾਂ ਫਿਰ ਵੀ ਜਿਉਂਦੀ ਜਾਗਦੇ ਇਨਸਾਨ ਪਰ ਉਹ ਕੁਝ ਕਰ ਨਹੀਂ ਸਕੇ ਜੋ ਉਹਨਾਂ ਦਾ ਡਰ ਸੀ ਆਖਿਰਕਾਰ ਉਹੀ ਸਾਹਮਣੇ ਆਇਆ ਕੁਝ ਦਿਨ ਬੀਤੇ ਰਾਣੀ ਨੇ ਆਪਣੇ ਰੰਗ ਦਿਖਾਉਣੇ ਸ਼ੂਰੂ ਕਰ ਦਿੱਤੇ ਉਹ ਬੱਚਿਆਂ ਨੂੰ ਰੁੱਖੀ ਮਿੱਸੀ ਖਾਣ ਨੂੰ ਦਿਆ ਕਰੇ ਤੇ ਖੁਦ ਸੱਤ ਪਕਵਾਨਾਂ ਖਾਇਆ ਕਰੇ ਦਿਨ ਬੀਤੇ ਮਹੀਨੇ ਬੀਤੇ ਰਾਣੀ ਦੇ ਘਰ ਇੱਕ ਕੁੜੀ ਨੇ ਜਨਮ ਲਿਆ ਜਿਸ ਦੀ ਅੱਖ ਵਿੱਚ ਇੱਕ ਕਾਣ ਸੀ ਪਰ ਉਹ ਰਾਜਾ ਰਾਣੀ ਨੂੰ ਬਹੁਤ ਪਿਆਰੀ ਸੀ ਕਿਉਂਕਿ ਉਹਨਾਂ ਦੇ ਦੋ ਬੱਚੇ ਜੋ ਪਹਿਲਾਂ ਸੀਗੇ ਉਹਨਾਂ ਦੇ ਵਿੱਚ ਰਾਣੀ ਨੇ ਪਿਓ ਅਤੇ ਬੱਚਿਆਂ ਦੇ ਵਿੱਚ ਫਰਕ ਪਵਾ ਦਿੱਤਾ ਸੀ ਹੁਣ ਰਾਜਾ ਉਸ ਦੀ ਗੱਲ ਹੀ ਜਿਆਦਾ ਸੁਣਦਾ ਸੀ ਫਿਰ ਹੌਲੀ ਹੌਲੀ ਉਹ ਕੁੜੀ ਵੱਡੀ ਹੋਈ ਬੱਚੇ ਬਹੁਤ ਦੁਖੀ ਪਰੇਸ਼ਾਨ ਉਹਨਾਂ ਨੂੰ ਮਤਰੇਈ ਮਾਂ ਗੋਹਾ ਸਿੱਟਣ ਭੇਜ ਦਿਆ ਕਰੇ ਕੂੜਾ ਸੁੱਟਣ ਭੇਜ ਦਿਆ ਕਰੇ ਪਰ ਖਾਣ ਨੂੰ ਕੁਝ ਨਾ ਦਿਆ ਕਰੇ ਬੱਚੇ ਰੋਇਆ ਕਰਨ ਕੋ ਲਾਇਆ ਕਰਨ ਤਾਂ ਉਹਨਾਂ ਦੀ ਮਾਂ ਦੀ ਆਤਮਾ ਉਹਨਾਂ ਦੇ ਸਾਹਮਣੇ ਆਈ ਅਤੇ ਮਾਂ ਦੀ ਆਤਮਾ ਨੇ ਕਿਹਾ ਕਿ ਬੱਚਿਓ ਜਦੋਂ ਵੀ ਤੁਹਾਡਾ ਚੰਗਾ ਚੰਗਾ ਖਾਣ ਨੂੰ ਦਿਲ ਕਰੇ ਤਾਂ ਤੁਸੀਂ ਇਸ ਸਮੁੰਦਰ ਦੇ ਕੋਲ ਆ ਕੇ ਕਹਿਣਾ ਕਿ ਸਾਡੇ ਲਈ ਸੱਤ ਪਕਵਾਨਾਂ ਪੇਸ਼ ਕਰ ਤੇ ਬੱਚਿਆਂ ਨੇ ਉਸੇ ਤਰ੍ਹਾਂ ਹੀ ਕੀਤਾ ਤੇ ਸਮੁੰਦਰ ਨੇ ਛਲ ਦੇ ਰਾਹੀਂ ਉਹਨਾਂ ਦੇ ਸਾਹਮਣੇ ਸੱਤ ਪਕਵਾਨਾ ਪੇਸ਼ ਕਰ ਦਿੱਤਾ ਜਿਸ ਦੇ ਨਾਲ ਬੱਚਿਆਂ ਨੇ ਰੱਜ ਕੇ ਖਾਣਾ ਖਾਦਾ ਤੇ ਬੱਚੇ ਖੁਸ਼ ਹੋ ਕੇ ਘਰ ਗਏ ਜਦੋਂ ਮਤਰੇਈ ਮਾਂ ਨੇ ਦੇਖਿਆ ਕਿ ਬੱਚੇ ਤਾਂ ਬਹੁਤ ਖੁਸ਼ ਹਨ ਤਾਂ ਉਸ ਨੇ ਅਗਲੇ ਦਿਨ ਬੱਚਿਆਂ ਦੇ ਨਾਲ ਆਪਣੀ ਧੀ ਨੂੰ ਤੋਰ ਦਿੱਤਾ ਅਤੇ ਕਿਹਾ ਕਿ ਇਹ ਕੀ ਕਰਕੇ ਆਉਂਦੇ ਹਨ ਉਸ ਸਾਰੀ ਗੱਲ ਦੀ ਖਬਰ ਮੈਨੂੰ ਆ ਕੇ ਦੇਣੀ ਹੈ ਹੈ ਤਾਂ ਉਸ ਧੀ ਨੇ ਉਵੇਂ ਹੀ ਕੀਤਾ ਜਦੋਂ ਉਹਨਾਂ ਨੇ ਸਮੁੰਦਰ ਦੇ ਕੋਲ ਜਾ ਕੇ ਕਿਹਾ ਕਿ ਸਾਨੂੰ ਸੱਤ ਪਕਵਾਨਾ ਪੇਸ਼ ਕੀਤਾ ਜਾਵੇ ਤਾਂ ਸਮੁੰਦਰ ਨੇ ਆਪਣੀ ਛੱਲ ਦੇ ਰਾਹੀਂ ਸੱਤ ਪਕਵਾਨਾਂ ਬੱਚਿਆਂ ਦੇ ਸਾਹਮਣੇ ਪੇਸ਼ ਕਰ ਦਿੱਤਾ

ਉਨ੍ਹਾਂ ਨੇ ਖਾਣਾ ਖਾਦਾ ਅਤੇ ਤੁਰ ਪਏ ਪਰ ਜੋ ਪਿੱਛੇ ਮਤਰੇਈ ਮਾਂ ਦੀ ਧੀ ਆ ਰਹੀ ਸੀ ਉਸਨੇ ਕੁਝ ਕ ਦਾਣੇ ਖਾਣੇ ਦੇ ਆਪਣੇ ਹੱਥ ਵਿੱਚ ਉਥੋਂ ਚੱਕ ਲਈ ਅਤੇ ਆ ਕੇ ਆਪਣੀ ਮਾਂ ਨੂੰ ਸਬੂਤ ਦੇ ਤੌਰ ਤੇ ਦਿਖਾਈ ਕਿ ਮਾਂ ਇਹ ਤਾਂ ਉਥੋਂ ਰੱਜ ਕੇ ਸੱਤ ਪਕਵਾਨਾਂ ਖਾ ਕੇ ਆਏ ਹਨ ਤਾਂ ਮਤਰੇਈ ਮਾਂ ਤੋਂ ਇਹ ਝੱਲਿਆ ਨਾ ਗਿਆ ਉਸ ਨੇ ਰਾਜੇ ਦੀ ਆਉਣ ਤੋਂ ਪਹਿਲਾਂ ਆਪਣੇ ਬਾਲ ਖਿਲਾਰ ਲਏ ਸਾਰਾ ਸਮਾਨ ਆਸੇ ਪਾਸੇ ਬਖੇਰ ਦਿੱਤਾ ਅਤੇ ਖੁਦ ਪੂੰਜੇ ਪੈ ਗਈ ਰਾਜੇ ਨੇ ਕਿਹਾ ਕਿ ਕੀ

ਪ੍ਰੋ. ਗੀਤਾ ਰਾਣੀ (ਗੁਰਲੀਨ ਕੌਰ)
ਬੋੜਾਵਾਲ ਕਾਲਜ

ਗੱਲ ਹੋ ਗਈ ਰਾਣੀ ਨੂੰ ਜੋ ਇਸ ਤਰਾਂ ਪੂੰਜੇ ਪਈ ਹੈ ਤਾਂ ਰਾਣੀ ਨੇ ਕਿਹਾ ਕਿ ਮੇਰਾ ਹਾਲ ਨਾ ਪੁੱਛ ਰਾਜਾ ਕਹਿੰਦਾ ਕਿ ਦੂਸਰਾ ਵਚਨ ਹੈ ਰਾਣੀ ਦੱਸ ਤੈਨੂੰ ਕੀ ਹੋਇਆ ਤਾਂ ਰਾਣੀ ਨੇ ਕਿਹਾ ਕਿ ਮੇਰੀ ਵਿਖਾਂ ਨਾ ਪੁੱਛ ਰਾਜੇ ਨੇ ਕਿਹਾ ਕਿ ਤੀਸਰਾ ਵਚਨ ਹੈ ਦੱਸ ਤੈਨੂੰ ਕੀ ਹੋਇਆ ਤਾਂ ਰਾਣੀ ਨੇ ਕਿਹਾ ਕਿ ਜੋ ਆਪਣੇ ਢਾਬ ਵਾਲਾ ਸਮੁੰਦਰ ਹੈ ਉਸ ਨੂੰ ਭਰ ਦਿੱਤਾ ਜਾਵੇ ਨਹੀਂ ਤਾਂ ਮੈਂ ਆਪਣੇ ਆਪ ਨੂੰ ਖਤਮ ਕਰ ਲਵਾਂਗੀ ਤਾਂ ਰਾਜੇ ਨੇ ਕੀ ਕੀਤਾ ਰਾਣੀ ਦੇ ਕਹੇ ਮੁਤਾਬਕ ਉਸ ਸਮੁੰਦਰ ਦੇ ਵਿੱਚ ਮਿੱਟੀ ਪਵਾ ਦਿੱਤੀ ਜਿਸ ਦੇ ਨਾਲ ਉਹ ਸਮੁੰਦਰ ਮਿੱਟੀ ਦੇ ਨਾਲ ਭਰ ਦਿੱਤਾ ਇਕ ਵਾਰ ਫੇਰ ਉਹਨਾਂ ਬੱਚਿਆਂ ਦਾ ਚੰਗਾ ਖਾਣਾ ਪੀਣਾ ਬੰਦ ਹੋ ਗਿਆ।

ਉਹ ਭੁੱਖ ਨਾਲ ਵਿਲਕਣ ਲੱਗੇ ਮਾਂ ਦੀ ਆਤਮਾ ਤੋਂ ਇਹ ਸਭ ਕੁਝ ਫਿਰ ਨਾ ਝੱਲਿਆ ਗਿਆ ਤਾਂ ਉਹ ਇੱਕ ਗਾਂ ਦੇ ਰੂਪ ਵਿੱਚ ਬੱਚਿਆਂ ਦੇ ਸਾਹਮਣੇ ਆ ਕੇ ਖੜੀ ਹੋ ਗਈ ਅਤੇ ਬੋਲ ਕੇ ਕਹਿਣ ਲੱਗੀ ਬੱਚਿਓ ਜਿੰਨੀ ਤੁਹਾਨੂੰ ਭੁੱਖ ਹੈ ਉਹਨਾਂ ਤੁਸੀਂ ਮੇਰਾ ਦੁੱਧ ਪੀ ਸਕਦੇ ਹੋ ਤਾਂ ਬੱਚਿਆਂ ਨੇ ਖੁਸ਼ੀ ਖੁਸ਼ੀ ਦੁੱਧ ਪੀਤਾ ਅਤੇ ਗਾਂ ਨੇ ਉਹਨਾਂ ਨੂੰ ਕਿਹਾ ਕਿ ਬੱਚਿਓ ਜਦੋਂ ਵੀ ਤੁਹਾਨੂੰ ਭੁੱਖ ਲੱਗੇ ਤੁਸੀਂ ਮੇਰੇ ਕੋਲ ਆ ਸਕਦੇ ਹੋ ਅਤੇ ਆਪਣਾ ਪੇਟ ਆਸਾਨੀ ਨਾਲ ਭਰ ਸਕਦੇ ਹੋ ਤਾਂ ਬੱਚੇ ਖੁਸ਼ੀ ਖੁਸ਼ੀ ਘਰ ਵਾਪਸ ਚਲੇ ਗਏ ਇਹ ਸਾਰਾ ਕੁਝ ਚਾਰ ਪੰਜ ਦਿਨ ਐਵੇਂ ਹੀ ਚੱਲਿਆ ਤਾਂ ਇੱਕ ਦਿਨ ਮਤਰੇਈ ਮਾਣੇ ਦੇਖਿਆ ਕਿ ਬੱਚਿਆਂ ਦੇ ਬੁਝੇ ਚਿਹਰਿਆਂ ਤੇ ਖੁਸ਼ੀ ਟਹਿਕਣ ਲੱਗੀ ਸੀ ਤਾਂ ਉਸ ਨੇ ਕਿਹਾ ਕਿ ਇਸ ਖੁਸ਼ੀ ਦਾ ਰਾਜ ਜਾਨਣ ਦੇ ਲਈ ਮੈਨੂੰ ਫਿਰ ਤੋਂ ਆਪਣੀ ਧੀ ਨੂੰ ਇਹਨਾਂ ਦੇ ਪਿੱਛੇ ਲਾਉਣਾ ਪਵੇਗਾ ਤਾਂ ਉਸਨੇ ਆਪਣੀ ਧੀ ਨੂੰ ਕਿਹਾ ਕਿ ਇਹਨਾਂ ਦੇ ਮਗਰ ਮਗਰ ਜਾ ਦੇਖ ਇਹ ਕੀ ਕਰਦੇ ਹਨ ਧੀ ਨੇ ਉਸੇ ਤਰ੍ਹਾਂ ਹੀ ਕੀਤਾ ਉਹ ਉਹਨਾਂ ਦੇ ਪਿੱਛੇ ਪਿੱਛੇ ਤੁਰਦੀ ਰਹੀ ਉਹ ਉਸਨੇ ਦੇਖਿਆ ਕਿ ਬੱਚੇ ਇੱਕ ਜਗ ?ਹਾ ਤੇ ਜਾ ਕੇ ਖੜ ਗਏ ਜਿੱਥੇ ਇੱਕ ਚਿੱਟੀ ਚਿੱਟੀ ਗਾਂ ਖੜੀ ਹੈ

ਬੱਚਿਆਂ ਨੇ ਉਸ ਗਾਂ ਦੇ ਥਣਾਂ ਨੂੰ ਮੂੰਹ ਲਾਇਆ ਅਤੇ ਦੁੱਧ ਪੀਣਾ ਸ਼ੁਰੂ ਕਰ ਦਿੱਤਾ ਤਾਂ ਗਾਂ ਬਹੁਤ ਸਾਰਾ ਦੁੱਧ ਬੱਚਿਆਂ ਨੂੰ ਪਿਆ ਰਹੀ ਸੀ ਜਦੋਂ ਬੱਚੇ ਰੱਜ ਪੁੱਜ ਕੇ ਉਥੋਂ ਚਲੇ ਗਏ ਤਾਂ ਉਸ ਮਤਰੇਈ ਮਾਂ ਦੀ ਧੀ ਨੇ ਵੀ ਦੁੱਧ ਪੀਣ ਦੀ ਕੋਸ਼ਿਸ਼ ਕੀਤੀ ਪਰ ਗਾਂ ਨੇ ਉਸ ਦੇ ਲੱਤ ਮਾਰੀ ਅਤੇ ਉਸ ਨੂੰ ਦੁੱਧ ਨਾ ਪੀਣ ਦਿੱਤਾ ਪਰ ਇੱਕ ਛਿੱਟਾ ਦੁੱਧ ਦਾ ਉਸ ਦੀ ਅੱਖ ਦੇ ਵਿੱਚ ਚਲਾ ਗਿਆ ਉਸ ਨੇ ਆ ਕੇ ਆਪਣੀ ਮਾਂ ਨੂੰ ਉਹੀ ਛਿੱਟਾ ਦਿਖਾ ਦਿੱਤਾ ਕਿ ਮਾਂ ਇਹ ਤਾਂ ਦੁੱਧ ਨਾਲ ਰੱਜ ਕੇ ਆਉਂਦੇ ਹਨ ਤਾਂ ਮਾਂ ਨੇ ਪੁੱਛਿਆ ਕਿ ਕਿੱਥੋਂ ਤਾਂ ਧੀ ਨੇ ਦੱਸਿਆ ਕਿ ਉਸ ਗਾਂ ਕੋਲੋਂ ਬਸ ਫਿਰ ਕੀ ਸੀ ਉਸੇ ਤਰ੍ਹਾਂ ਸਵਾਂਗ ਰਚਾ ਕੇ ਰਾਣੀ ਫਿਰ ਪੈ ਗਈ ਰਾਜੇ ਨੇ ਫਿਰ ਪੁੱਛਿਆ ਕਿ ਰਾਣੀ ਤੈਨੂੰ ਕੀ ਹੋਇਆ ਹ ਤਾਂ ਰਾਣੀ ਨੇ ਕਿਹਾ ਕਿ ਮੈਨੂੰ ਨਾ ਪੁੱਛ ਰਾਜੇ ਨੇ ਕਿਹਾ ਕਿ ਦੂਸਰਾ ਵਚਨ ਹੈ ਰਾਣੀ ਨੇ ਕਿਹਾ ਕਿ ਮੈਨੂੰ ਨਾ ਪੁੱਛ ਰਾਜੇ ਨੇ ਕਿਹਾ ਕਿ ਤੀਸਰਾ ਵਚਨ ਰਾਣੀ ਕਹਿੰਦੀ ਕੀ ਸੱਥ ਦੇ ਵਿੱਚ ਇੱਕ ਬਹੁਤ ਹੀ ਚਿੱਟੀ ਸੋਹਣੀ ਗਾਂ ਖੜੀ ਹੈ ਪਰ ਉਹ ਗਾਂ ਨੇ ਮੇਰੇ ਲੱਤ ਮਾਰੀ ਹੈ ਤਾਂ ਤੁਸੀਂ ਉਸਨੂੰ ਜਿੰਨਾ ਟਾਈਮ ਮਾਰਦੇ ਨੇ ਉਹਨਾਂ ਟਾਈਮ ਮੈਂ ਖਾਣਾ ਨਹੀਂ ਖਾਵਾਂਗੀ ਤਾਂ ਰਾਜੇ ਨੇ ਆਪਣੇ ਸੈਨਿਕਾਂ ਨੂੰ ਹੁਕਮ ਦਿੱਤਾ ਤੇ ਉਸ ਗਾਂ ਨੂੰ ਮਰਵਾ ਦਿੱਤਾ ਤੇ ਬੱਚਿਆਂ ਦਾ ਖਾਣ ਪੀਣ ਦਾ ਸਹਾਰਾ ਫਿਰ ਤੋਂ ਖੋ ਲਿਆ। ਬੱਚਿਆਂ ਦਾ ਉਹੀ ਮਾੜਾ ਦੌਰ ਫਿਰ ਤੋਂ ਸ਼ੁਰੂ ਹੋ ਗਿਆ ਉਸੇ ਤਰ੍ਹਾਂ ਰੋਜ਼ ਭੁੱਖ ਨਾਲ ਵਿਲਕਣਾ ਨਾ ਕੋਈ ਚੰਗੀ ਕੱਪੜੇ ਨਾ ਕੋਈ ਚੰਗਾ ਤਿਹਾਰ ਮਨਾਣਾ ਨਾ ਕੋਈ ਚੰਗਾ ਖਾਣਾ ਪੀਣਾ ਬੱਚੇ ਫਿਰ ਤੋਂ ਆਪਣੇ ਮਾਂ ਨੂੰ ਯਾਦ ਕਰਕੇ ਰੋਣ ਲੱਗੇ ਮਾਂ ਨੂੰ ਫਿਰ ਤਰਸ ਆਇਆ ਅਤੇ ਉਸਨੇ ਇੱਕ ਮਿੱਟੀ ਦੇ ਥਾਲ ਦਾ ਰੂਪ ਧਾਰਨ ਕਰ ਲਿਆ ਅਤੇ ਆਪਣੇ ਬੱਚਿਆਂ ਦੇ ਸਾਹਮਣੇ ਆ

ਉਨ੍ਹਾਂ ਨੂੰ ਕਿਹਾ ਕਿ ਤੁਸੀਂ ਇਸ ਥਾਲ ਨੂੰ ਆਪਣੇ ਹੱਥ ਵਿੱਚ ਲੈ ਕੇ ਜੋ ਕੁਝ ਵੀ ਮੰਗੋਗੇ ਉਹੀ ਇਸਦੇ ਵਿੱਚ ਹਾਜ਼ਰ ਹੋ ਜਾਵੇਗਾ ਬੱਚੇ ਡਰ ਗਏ ਪਰ ਬੱਚਿਆਂ ਨੇ ਫਿਰ ਵੀ ਡਰਦੇ ਡਰਦੇ ਕਿਹਾ ਕਿ ਸਾਨੂੰ ਸਤ ਪ੍ਰਕਾਰ ਦੀ ਮਿਠਾਈ ਖਾਣ ਨੂੰ ਦੋ ਤਾਂ ਉਸ ਥਾਲ ਦੇ ਵਿੱਚ ਸੱਤ ਪ੍ਰਕਾਰ ਦੀ ਮਿਠਾਈ ਹਾਜ਼ਰ ਹੋ ਗਈ ਬੱਚੇ ਬਹੁਤ ਖੁਸ਼ ਹੋਏ ਅਤੇ ਉਹਨਾਂ ਨੇ ਜੀ ਭਰ ਕੇ ਮਿਠਾਈ ਖਾਧੀ ਤੇ ਉਸ ਥਾਲ ਨੂੰ ਜਾਂਦੇ ਹੋਏ ਲੋਕਾ ਕੇ ਰੱਖ ਗਏ ਫਿਰ ਉਹ ਦੂਜੇ ਦਿਨ ਆਏ ਉਨ ?ਾਂ ਨੇ ਦੂਜੇ ਦਿਨ ਵੀ ਉਸ ਮਿੱਟੀ ਦੇ ਥਾਲ ਤੋਂ ਕੁਝ ਖਾਣ ਨੂੰ ਮੰਗਿਆ ਅਤੇ ਜੀਅ ਭਰ ਕੇ ਖਾਣਾ ਖਾਦਾ ਇਸੇ ਤਰ੍ਹਾਂ ਕਈ ਦਿਨ ਲੰਘ ਗਏ ਜਦੋਂ ਬੱਚਿਆਂ ਦੀ ਸਿਹਤ ਦੇ ਵਿੱਚ ਸੁਧਾਰ ਹੁੰਦਾ ਦੇਖਿਆ ਤਾਂ ਮਤਰੇਈ ਮਾਂ ਨੇ ਕਿਹਾ ਕਿ ਇਹ ਕਿੱਥੋਂ ਕੁਝ ਖਾ ਪੀ ਰਹੇ ਹਨ ਜਿਸ ਦੇ ਨਾਲ ਇਹਨਾਂ ਦੀ ਸਿਹਤ ਤਾਂ ਮੇਰੀ ਧੀ ਤੋਂ ਵੀ ਜਿਆਦਾ ਸੋਹਣੀ ਹੋ ਗਈ ਤਾਂ ਉਸਨੇ ਫਿਰ ਉਹੀ ਚਾਲ ਖੇਡੀ ਅਤੇ ਆਪਣੇ ਧੀ ਨੂੰ ਉਹਨਾਂ ਦੇ ਮਗਰ ਲਗਾ ਦਿੱਤਾ ਅਤੇ ਬੱਚੇ ਅਣਜਾਣ ਇਸ ਗੱਲ ਤੋਂ ਕਿ ਸਾਡੇ ਮਗਰ ਕੋਈ ਆ ਰਿਹਾ ਹੈ ਤੇ ਉਹ ਜਾ ਕੇ ਆਪਣੇ ਲੁਕੋਏ ਹੋਏ ਥਾਲ ਨੂੰ ਕੱਢਦੇ ਹਨ ਅਤੇ ਉਸ ਨੂੰ ਆਖਦੇ ਹਨ ਕਿ ਸਾਨੂੰ ਸਤ ਪ੍ਰਕਾਰ ਦਾ ਖਾਣਾ ਖਾਣ ਨੂੰ ਮਿਲ ਜਾਵੇ ਤੇ ਉਸੇ ਤਰ੍ਹਾਂ ਹੀ ਉਹ ਖਾਣਾ ਉਹਨਾਂ ਦੇ ਸਾਹਮਣੇ ਪੇਸ਼ ਹੋ ਜਾਂਦਾ ਹੈ ਇਹ ਦੇਖ ਕੇ ਮਤਰੇਈ ਮਾਂ ਦੀ ਧੀ ਬਹੁਤ ਹੈਰਾਨ ਹੁੰਦੀ ਹੈ ਜਦੋਂ ਬੱਚੇ ਰੱਜ ਕੇ ਖਾਣਾ ਖਾ ਲੈਂਦੇ ਹਨ ਅਤੇ ਥਾਲ ਨੂੰ ਲੁਕੋ ਜਾਂਦੇ ਹਨ ਤਾਂ ਪਿੱਛੋਂ ਮਤਰੇਈ ਮਾਂ ਦੀ ਧੀ ਉਸ ਥਲ ਨੂੰ ਚੱਕ ਲੈਂਦੀ ਹੈ ਅਤੇ ਆਪਣੀ ਮਾਂ ਕੋਲ ਲੈ ਆਉਂਦੀ ਹੈ ਮਾਂ ਉਸ ਥਾਲ ਨੂੰ ਉਸੇ ਤਰ੍ਹਾਂ ਆਖਦੀ ਹੈ ਤਾਂ ਉਸ ਵਿੱਚੋਂ ਕੁਝ ਵੀ ਨਹੀਂ ਨਿਕਲਦਾ ਤਾਂ ਉਹ ਖਿਜ ਕੇ ਉਸ ਥਾਲ ਨੂੰ ਭੰਨ ਦਿੰਦੀ ਹੈ ।

ਬੱਚਿਆਂ ਦਾ ਖਾਣ ਪੀਣ ਦਾ ਫਿਰ ਤੋਂ ਬੁਰਾ ਹਾਲ ਹੋ ਜਾਂਦਾ ਹੈ ਉਹ ਸੋਚਦੀ ਹੈ ਕਿ ਕਿਉਂ ਨਾ ਇਹਨਾਂ ਭੈਣ ਤੇ ਭਰਾ ਨੂੰ ਖਤਮ ਕਰਨ ਦਾ ਕੋਈ ਹੀਲਾ ਬਣਾਇਆ ਜਾਵੇ ਤਾਂ ਉਸਨੇ ਇੱਕ ਤੰਤਰ ਮੰਤਰ ਕਰਨ ਵਾਲੇ ਤਾਂਤਰਿਕ ਨੂੰ ਬੁਲਾਇਆ ਅਤੇ ਕਿਹਾ ਕਿ ਇਸ ਬੱਚੀ ਦਾ ਕੋਈ ਹੱਲ ਕਰ ਦੋ ਤਾਂ ਉਸ ਤਾਂਤਰਿਕ ਨੇ ਰਾਣੀ ਨੂੰ ਇੱਕ ਜਾਦੂ ਕਰਕੇ ਕਿਲ ਦਿੱਤੀ ਕਿ ਇਹ ਕਿਲ ਉਸ ਬੱਚੀ ਦੇ ਸਿਰ ਚ ਕੱਢ ਦੇਵੀ ਜਿਸ ਦੇ ਨਾਲ ਉਹ ਇੱਕ ਪੰਛੀ ਬਣ ਜਾਵੇਗੀ ਤਾਂ ਮਤਰੇਈ ਮਾਂ ਨੇ ਉਸੇ ਤਰ੍ਹਾਂ ਹੀ ਕਰਨ ਬਾਰੇ ਸੋਚਿਆ ਉਸ ਨੇ ਉਸ ਬਿਨਾਂ ਮਾਂ ਦੀ ਬੱਚੀ ਨੂੰ ਬੁਲਾਇਆ ਅਤੇ ਕਿਹਾ ਪਿਆਰ ਨਾਲ ਬੁਲਾਇਆ ਤੇ ਕਿਹਾ ਕੀ ਪੁੱਤਰੀ ਅੱਜ ਲੈ ਮੈਂ ਤੇਰੇ ਬਾਲ ਵਾਹ ਦੇਵਾਂ ਤਾਂ ਉਹ ਭੋਲੀ ਭਾਲੀ ਬੱਚੀ ਉਸਦੀ ਸਾਹਮਣੇ ਬੈਠ ਗਈ ਬਾਲ ਵਾਹੁੰਦਿਆਂ ਬਾਉਂਦਿਆਂ ਉਸ ਮਤਰੇਈ ਮਾਂ ਨੇ ਉਹ ਕਿੱਲ ਉਸ ਬੱਚੀ ਦੇ ਸਿਰ ਵਿੱਚ ਗੱਡ ਦਿੱਤੀ ਜਿਸ ਦੇ ਨਾਲੋਂ ਉਹ ਬੱਚੀ ਇੱਕ ਸੋਹਣੀ ਜਿਹੀ ਚਿੜੀ ਦੇ ਰੂਪ ਵਿੱਚ ਬਦਲ ਗਈ ਜਿਸ ਨੂੰ ਦੇਖ ਕੇ ਹਰ ਇੱਕ ਉਸਨੂੰ ਫੜਨ ਲਈ ਉਸਦੇ ਅੱਗੇ ਪਿੱਛੇ ਭੱਜਣ ਲੱਗੇ ਇਹ ਗੱਲ ਰਾਜੇ ਕੋਲ ਵੀ ਪਹੁੰਚ ਗਈ ਕੀ ਦਰਬਾਰ ਵਿੱਚ ਇੱਕ ਬਹੁਤ ਸੋਹਣਾ ਪੰਛੀ ਜੋ ਇਧਰ ਉਧਰ ਉੱਡ ਰਿਹਾ ਹੈ ਰਾਜਾ ਉਸ ਨੂੰ ਦੇਖਣ ਦੇ ਲਈ ਬਾਹਰ ਨਿਕਲਿਆ ਤਾਂ ਉਹ ਚਿੜੀ ਰਾਜੇ ਦੇ ਮੋਢੇ ਉੱਪਰ ਆ ਕੇ ਬੈਠ ਗਈ ਜਦੋਂ ਸੈਨਿਕ ਉਸ ਨੂੰ ਚਿੜੀ ਨੂੰ ਮਾਰਨ ਲੱਗੇ ਤਾਂ ਰਾਜੇ ਨੇ ਰੋਕ ਦਿਆ ਕਿਹਾ ਕਿ ਇਹ ਪੰਛੀ ਮੈਨੂੰ ਕੋਈ ਨੁਕਸਾਨ ਨਹੀਂ ਪਹੁੰਚਾਵੇਗਾ। ਤਾਂ ਉਸ ਰਾਜੇ ਨੇ ਚਿੜੀ ਨੂੰ ਆਪਣੇ ਹੱਥਾਂ ਵਿੱਚ ਫੜ ਲਿਆ ਜਦੋਂ ਉਹ ਪਿਆਰ ਨਾਲ ਉਸਦੇ ਸਿਰ ਨੂੰ ਸਹਿਲਾ ਰਿਹਾ ਸੀ ਤਾਂ ਉਸਨੇ ਦੇਖਿਆ ਕਿ ਉਸ ਮਾਸੂਮ ਜਿਹੀ ਚਿੜੀ ਦੇ ਸਿਰ ਵਿੱਚ ਇੱਕ ਕਿੱਲ ਗੱਡੀ ਹੋਈ ਸੀ ਤਾਂ ਰਾਜੇ ਨੇ ਉਸ ਕਿਲ ਨੂੰ ਉਸਦੇ ਸਿਰ ਵਿੱਚੋਂ ਬਾਹਰ ਕੱਢ ਦਿੱਤਾ।

ਜਿਸ ਦੇ ਨਾਲ ਹੀ ਉਹ ਬੱਚੀ ਦੇ ਰੂਪ ਵਿੱਚ ਸਾਹਮਣੇ ਆਈ ਜਿਸ ਨੂੰ ਦੇਖ ਕੇ ਸਾਰੇ ਹੀ ਸਾਰੇ ਹੀ ਲੋਕ ਬਹੁਤ ਹੈਰਾਨ ਹੋਏ ਕਿ ਇਹ ਤਾਂ ਰਾਜੇ ਦੇ ਪੁੱਤਰੀ ਹੈ ਤਾਂ ਇੱਕ ਚਿੜੀ ਦੇ ਰੂਪ ਵਿੱਚ ਕਿਵੇਂ ਬਦਲੀ ਹੋਈ ਸੀ ਤਾਂ ਬੱਚੇ ਨੇ ਸਾਰੇ ਵਿਖਿਆ ਆਪਣੇ ਪਿਤਾ ਨੂੰ ਸੁਣਾਈ ਕਿ ਕਿਸ ਤਰ੍ਹਾਂ ਮਤਰੇਈ ਮਾਂ ਨੇ ਉਹਨਾਂ ਉੱਤੇ ਵੱਖ ਵੱਖ ਤਰੀਕਿਆਂ ਨਾਲ ਜ਼ੁਲਮ ਢਾਹੇ ਰਾਜੇ ਨੂੰ ਆਪਣੇ ਆਪ ਤੇ ਸ਼ਰਮਿੰਦਗੀ ਮਹਿਸੂਸ ਹੋਣ ਲੱਗੀ ਕਿ ਮੈਂ ਨਿੱਕੇ ਨਿੱਕੇ ਬੱਚਿਆਂ ਤੇ ਕਿੱਡਾ ਜ਼ੁਲਮ ਕਮਾਇਆ ਇਹਨਾਂ ਦੀ ਮਾਂ ਨੇ ਮੈਨੂੰ ਕਿਹਾ ਸੀ ਕਿ ਮੈਂ ਦੂਜਾ ਵਿਆਹ ਨਾ ਕਰਵਾਵਾਂ ਪਰ ਮੈਂ ਲੋਕਾਂ ਦੇ ਮਗਰ ਲੱਗ ਕੇ ਦੂਜਾ ਵਿਆਹ ਕਰਵਾ ਲਿਆ ਤੇ ਆਪਣੇ ਬੱਚਿਆਂ ਦੀ ਜ਼ਿੰਦਗੀ ਰੋਲ ਦਿੱਤੀ ਫਿਰ ਉਸਨੂੰ ਸਾਰੀ ਸੱਚਾਈ ਦਾ ਪਤਾ ਲੱਗ ਗਿਆ ਤਾਂ ਉਸ ਨੇ ਸੈਨਿਕਾਂ ਨੂੰ ਹੁਕਮ ਦਿੱਤਾ ਕਿ ਮਤਰੇਈ ਮਾਂ ਜੋ ਕਿ ਉਸਦੀ ਰਾਣੀ ਸੀ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇ ਅਤੇ ਕਾਲ ਕੋਠੜੀ ਵਿੱਚ ਸੁੱਟ ਦਿੱਤਾ ਜਾਵੇ ਨਾਲ ਹੀ ਉਸ ਦੀ ਟੀਰੀ ਧੀ ਨੂੰ ਵੀ ਕਾਲ ਕੋਠੜੀ ਵਿੱਚ ਸੁੱਟਵਾ ਦਿੱਤਾ। ਜਿਸ ਤੋਂ ਬਾਅਦ ਉਹਨਾਂ ਬੱਚਿਆਂ ਦੀ ਜ਼ਿੰਦਗੀ ਵਿੱਚ ਖੁਸ਼ੀਆਂ ਹੀ ਖੁਸ਼ੀਆਂ ਆ ਗਈਆਂ ਕਿਉਂਕਿ ਉਹਨਾਂ ਦੇ ਪਿਤਾ ਨੂੰ ਸਮਝ ਆ ਗਈ ਸੀ ਕਿ ਮਾਂ ਸਿਰਫ ਮਾਂ ਹੁੰਦੀ ਹੈ ਮਤਰੇਹੀ ਮਾਂ ਕਦੇ ਵੀ ਸਗੀ ਮਾਂ ਦੀ ਜਗ ?ਹਾ ਨਹੀਂ ਲੈ ਸਕਦੀ ਇਸ ਕਰਕੇ ਹੀ ਸਿਆਣੇ ਕਹਿੰਦੇ

## ਯਾਦਾਂ ਦੀ ਪਟਾਰੀ, (ਵਿਅੰਗ) ਮੁੱਲ ਦਾ ਦੁੱਧ

ਬੜਾ ਮਖੌਲੀਆ ਸੀ। ਚਾਚਾ ਨੇਕ

ਬੜੀਆਂ ਗੱਲਾਂ ਸੁਣਾਉਂਦਾ। ਜਦੋਂ ਉਹ ਆਪਣੇ ਘਰੇ ਖੋਲ੍ਹੇ ਕਾਰਖਾਨੇ ਤੇ ਕੰਮ ਕਰਦਾ ਤਾਂ ਸਾਡੇ ਪਿੰਡ ਦੇ ਚਾਰ ਪੰਜ ਬੰਦੇ ਉਸ ਦੇ ਕਾਰਖਾਨੇ ਸਾਹਮਣੇ ਬਣੀ ਖੁੱਲ੍ਹੀ ਜਗ੍ਹਾ ਤੇ ਬੈਠੇ ਰਹਿੰਦੇ, ਕਿ ਕਦੋਂ ਨੇਕ ਵਿਹਲਾ ਹੋਵੇ, ਤੇ ਕੋਈ ਨਾ ਕੋਈ ਗੱਲ ਬਾਤ ਸੁਣੀਏ। ਜੀ ਲਵਾ ਦਿੰਦਾ ਸੀ,ਚਾਚਾ ਨੇਕ। ਮੈਂ ਵੀ ਕਦੇ ਕਦੇ ਗੇੜਾ ਮਾਰ ਲੈਂਦਾ ਉਸ ਕੋਲ ਕਿਉਂਕਿ ਪਹਿਲਾਂ ਇੱਕਠੇ ਕੰਮ ਕਰਦੇ ਸੀ।

ਫੇਰ ਮੈਂ ਵੱਖ ਹੋ ਗਿਆ। ਇਸ ਕਰਕੇ ਮੈ ਕਦੇ ਕਦੇ ਮਿਲ ਜਾਂਦਾ ਸੀ ਚਾਚੇ ਨੂੰ, ਚੰਗਾ ਵਰਤਾ ਸੀ ਸਾਡਾ ਆਪਸ ਵਿੱਚ, ਕਾਫੀ ਦਿਨਾਂ ਬਾਅਦ ਮੈਂ ਉਸ ਨੂੰ ਮਿਲਣ ਦਾ ਮਨ ਬਣਾ ਲਿਆ। ਇੱਕ ਦਿਨ ਜਕਾਂ ਤਕਾਂ ਕਰਦੇ ਨੇ ਮੈ ਸਾਇਕਲ ਚੁੱਕਿਆ, ਭਾਵੇਂ ਉਸ ਦਿਨ ਮੀਂਹ ਕਣੀ ਦਾ ਟਾਇਮ ਦਿਨ ਕੱਚਾ ਜਿਹਾ ਸੀ। ਪਰ ਮੈਂ ਚਾਚੇ ਨੇਕ ਨੂੰ ਮਿਲਣ ਲਈ ਤੁਰ ਪਿਆ। ਸਾਇਕਲ ਖੜਾ ਕੀਤਾ ਬਾਰ ਚੋਂ ਅਵਾਜ਼ ਮਾਰੀ, ÷ਚਾਚਾ ਘਰੇ ਆ, ÷ ਚਾਚਾ ਅੰਦਰ ਪਿਆ ਸੀ ਕਹਿੰਦਾ, ÷ਆਜਾ ਆਜਾ ? ਭਤੀਜ ਲੰਘਿਆ ਅੰਦਰ।

ਬੜੇ ਚਿਰਾਂ ਬਾਅਦ ਯਾਦ ਆਈ ਬਈ ਚਾਚੇ ਦੀ÷, ਚਾਚਾ ਮੰਜੀ ਤੋਂ ਉੱਠ ਪੈਂਦੀਆਂ ਵੱਲ ਨੂੰ ਖਿਸਕ ਸਰਹਾਣੇ ਵੱਲ ਨੂੰ ਥਾਂ ਵਿਹਲੀ ਕਰ ਮੈਨੂੰ ਬੈਠਣ ਲਈ ਇਸ਼ਾਰਾ ਕਰ ਕਿ ਕਹਿਣ ਲੱਗਿਆ ÷ਹੋਰ ਸੁਣਾ÷, ਤੇ ਨਾਲ ਈ ਆਪਣੇ ਘਰ ਵਾਲੀ ਕੁਲਦੀਪ ਨੂੰ ਅਵਾਜ਼ ਦਿੱਤੀ।÷ ਕੁਲਦੀਪ ਪਾਣੀ ਦਾ ਗਲਾਸ ਲਿਆ ਪੀਤਾ ਆਪਾਂ ਨੂੰ ਮਿਲਣ ਆਇਆ,÷ ਚਾਚੀ ਪਹਿਲਾਂ ਹੀ ਰਸੋਈ ਵਿੱਚ ਸੀ ਉਸ ਨੇ ਬਾਰੀ ਵਿੱਚ ਦੀ ਝਾਕ ਕੇ ਕਿਹਾ,÷ ਵੇ ਪੀਤਿਆਂ ਸ਼ੁਕਰ ਆ! ਤੂੰ ਅੱਜ ਆਇਆ ਅਸੀਂ ਤਾਂ ਕਿਹਾ ਤੂੰ ਸਾਨੂੰ ਭੁੱਲ ਗਿਆ÷। ਤੇ ਨਾਲੇ ਦੋ ਗਲਾਸ ਪਾਣੀ ਦੇ ਪਲੇਟ ਵਿੱਚ ਰੱਖ ਲ਼ੈ ਆਈ। ਮੈਂ ਕਿਹਾ ਚੱਲੋ ਚਾਚੀ ਨਾਲੇ ਥੋਨੂੰ ਮਿਲ ਆਈਏ, ਤੇ ਨਾਲੇ ਚਾਚਾ ਤੋਂ ਕੋਈ ਚੁਟਕਲਾ ਸੁਣੇ ਨੂੰ ਚਿਰ ਹੋ ਗਿਆ ਉਹ ਸੁਣ ਆਈਏ÷। ਅਸੀਂ ਪਾਣੀ ਪੀਤਾ ਜਦੋਂ ਚਾਚੀ ਖ਼ਾਲੀ ਗਲਾਸ ਲ਼ੈ ਕੇ ਰਸੋਈ ਨੂੰ ਮੁੜਨ ਲੱਗੀ, ਤਾਂ ਚਾਚੇ ਨੇ ਕਿਹਾ,÷ ਹੁਣ ਦੋ ਕੱਪ ਚਾਹ ਦੇ ਵੀ ਬਣਾ ਲਿਆ÷। ਚਲੋ ਅਸੀਂ ਗੱਲਾਂ ਬਾਤਾਂ ਕਰਦੇ ਰਹੇ। ਮੈਂ ਕਿਹ ਬੈਠਾ ? ÷ਕੋਈ ਪਸ਼ੂ ਪਸੂ ਰੱਖਿਆ ਆਪਾਂ,÷ ਚਾਚਾ ਕਹਿੰਦਾ ?÷ ਨਹੀਂ ਦੁੱਧ ਗੁਆਂਢੀਆਂ ਤੋਂ ਮੁੱਲ ਲਈਦਾ,÷ ਮੇਰੇ ਮੂੰਹੋਂ ਨਿਕਲ ਗਿਆ! ÷ਚੱਲ ਚਾਹ ਨੂੰ ਕੀ ਸੀ, ਥੋਡੇ ਘਰੇ ਦੁੱਧ ਮੁੱਲ ਦਾ÷, ਤੇ ਚਾਚਾ ਪੈਂਦੀ ਸੱਟੇ ਕਹਿਣ ਲੱਗਿਆ,÷ ਜੇ ਦੁੱਧ ਸਾਡੇ ਘਰੇ ਦੁੱਧ ਮੁੱਲ ਦਾ, ਤੇ ਮਿੱਠੇ ਨੂੰ ਕਿਹੜਾ ਅੰਦਰ ਘੁਲਾੜਾ ਲੱਗਿਆ, ਉਹ ਵੀ ਮੁੱਲਦਾ ਈ ਆ÷। ਇਹ ਸੁਣ ਮੇਰਾ ਹਾਸਾ ਨਿਕਲ ਗਿਆ ਤੇ ਚਾਚੀ ਵੀ ਚਾਹ ਬਣਾਉਂਦੀ ਖਿੜ ਖਿੜ ਕਰਕੇ ਹੱਸਣ ਲੱਗ ਪਈ।

ਲ਼ੈ ਸੁਣਲਾ! ਪੀਤਿਆਂ ਆਪਣੇ ਚਾਚੇ ਦੀਆਂ ਗੱਲਾਂ÷।
ਇਹ ਗੱਲ ਮੇਰੇ ਚੇਤੇ @ਚ ਵਸ
ਕੇ ਅਭੁੱਲ ਯਾਦ ਬਣ ਗਈ।
ਤੇ ਮੈਂ ਉਸ ਨੂੰ ਆਪਣੀ @ਯਾਦਾਂ ਦੀ ਪਟਾਰੀ@ ਵਿੱਚ ਪਾ ਲਿਆ।

ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ
94658-21417

# ਡਿਜੀਟਲ ਕ੍ਰਾਂਤੀ ਜਾਂ ਮਾਨਸਿਕ ਗੁਲਾਮੀ

?ਅਜੋਕਾ ਮਨੁੱਖ ਇੱਕ ਅਜਿਹੀ ਹਾਈ-ਟੈਕ ਡਿਜੀਟਲ ਕ੍ਰਾਂਤੀ ਦੇ ਮੋੜ ’ਤੇ ਖੜ੍ਹਾ ਹੈ, ਜਿੱਥੇ ਇੰਟਰਨੈੱਟ ਦੀ ਦੁਨੀਆ ਅਤੇ ਸਾਡੀ ਅਸਲ ਜ਼ਿੰਦਗੀ ਵਿਚਕਾਰਲਾ ਫ਼ਰਕ ਪੂਰੀ ਤਰ੍ਹਾਂ ਮਿਟ ਚੁੱਕਾ ਹੈ। ਅੱਜ ਸੋਸ਼ਲ ਮੀਡੀਆ ਮਹਿਜ਼ ਗੱਲਬਾਤ ਦਾ ਜ਼ਰੀਆ ਨਹੀਂ ਰਿਹਾ, ਬਲਕਿ ਇੱਕ ਵੱਖਰਾ ਹੀ ਸਮਾਜ ਅਤੇ ਮਾਨਸਿਕ ਤਾਣਾ-ਬਾਣਾ ਬਣ ਚੁੱਕਾ ਹੈ। ਇਸ ਇੰਟਰਨੈੱਟ ਦੀ ਦੁਨੀਆ ਨੇ ਜਿੱਥੇ ਨੌਜਵਾਨ ਪੀੜ੍ਹੀ ਨੂੰ ਆਪਣੀ ਪ੍ਰਤਿਭਾ ਦਿਖਾਉਣ, ਆਜ਼ਾਦ ਕਾਰੋਬਾਰ ਕਰਨ ਅਤੇ ਖੁੱਲ੍ਹ ਕੇ ਗੱਲ ਰੱਖਣ ਦੇ ਵੱਡੇ ਮੌਕੇ ਦਿੱਤੇ ਹਨ, ਉੱਥੇ ਹੀ ਇਸ ਦੀ ਬੇਲਗਾਮ ਵਰਤੋਂ ਨੇ ਇੱਕ ਗੰਭੀਰ ਨੈਤਿਕ, ਮਾਨਸਿਕ ਅਤੇ ਸੁਰੱਖਿਆ ਸੰਕਟ ਖੜ੍ਹਾ ਕਰ ਦਿੱਤਾ ਹੈ। ਤ੍ਰਾਸਦੀ ਇਹ ਹੈ ਕਿ ਸਾਡੀ ਨਵੀਂ ਪੀੜ੍ਹੀ—ਚਾਹੇ ਉਹ ਧੀਆਂ ਹੋਣ ਜਾਂ ਪੁੱਤ—ਇਸ ਮੋਬਾਈਲ ਦੇ ਮਾਇਆਜਾਲ ਦਾ ਸਭ ਤੋਂ ਨਰਮ ਨਿਸ਼ਾਨਾ ਬਣ ਰਹੀ ਹੈ, ਜਿੱਥੇ ਸਕ੍ਰੀਨ ਦੇ ਚਿਹਰੇ ਤਾਂ ਨਕਲੀ ਹਨ ਪਰ ਉਨ੍ਹਾਂ ਵੱਲੋਂ ਦਿੱਤੇ ਜ਼ਖ਼ਮ ਬਿਲਕੁਲ ਅਸਲੀ ਹਨ।

?ਜੇਕਰ ਅਸੀਂ ਦੇਸ਼ ਅਤੇ ਦੁਨੀਆ ਦੇ ਅੰਕੜਿਆਂ ਦੀ ਹਕੀਕਤ ’ਤੇ ਨਜ਼ਰ ਮਾਰੀਏ ਤਾਂ ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਦੀਆਂ ਰਿਪੋਰਟਾਂ ਇੱਕ ਬੇਹੱਦ ਖੌਫ਼ਨਾਕ ਸੱਚ ਪੇਸ਼ ਕਰਦੀਆਂ ਹਨ। ਇਨ੍ਹਾਂ ਮੁਤਾਬਕ ਔਰਤਾਂ ਅਤੇ ਮਰਦਾਂ ਵਿਰੁੱਧ ਹੋਣ ਵਾਲੇ ਆਨਲਾਈਨ ਅਪਰਾਧਾਂ ਵਿੱਚ ਸਾਲਾਨਾ ਲਗਭਗ 24 ਤੋਂ 28 ਫੀਸਦੀ ਦਾ ਭਿਆਨਕ ਵਾਧਾ ਹੋ ਰਿਹਾ ਹੈ। ਜਿੱਥੇ 60 ਫੀਸਦੀ ਤੋਂ ਵੱਧ ਲੜਕੀਆਂ ਇੰਟਰਨੈੱਟ ’ਤੇ ਪਿੱਛਾ ਕਰਨ, ਆਨਲਾਈਨ ਬਲੈਕਮੇਲਿੰਗ, ਅਤੇ ਫੋਟੋਆਂ ਦੀ ਗਲਤ ਵਰਤੋਂ ਯਾਨੀ ਡੀਪਫੇਕ ਦਾ ਸਿ ?ਕਾਰ ਹੋ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ 18 ਤੋਂ 35 ਸਾਲ ਦੇ ਨੌਜਵਾਨ ਲੜਕੇ ਬਹੁਤ ਵੱਡੀ ਗਿਣਤੀ ਵਿੱਚ ਆਨਲਾਈਨ ਵਿੱਤੀ ਠੱਗੀਆਂ, ਜਾਅਲੀ ਨੌਕਰੀਆਂ ਦੇ ਲਾਰਿਆਂ, ਅਤੇ ਹਨੀ-ਟ ?ਰੈਪ ਯਾਨੀ ਸੋਸ਼ਲ ਮੀਡੀਆ ’ਤੇ ਕੁੜੀਆਂ ਦੇ ਨਕਲੀ ਖਾਤੇ ਬਣਾ ਕੇ ਫਸਾਉਣ ਵਰਗੇ ਅਪਰਾਧਾਂ ਦਾ ਸਿ ?ਕਾਰ ਹੋ ਰਹੇ ਹਨ। ਵਰਲਡ ਵਾਈਡ ਵੈੱਬ ਫਾਊਂਡੇਸ਼ਨ ਦੇ ਇੱਕ ਸਰਵੇਖਣ ਅਨੁਸਾਰ ਇੰਟਰਨੈੱਟ ਵਰਤਣ ਵਾਲੀ ਅੱਧੇ ਤੋਂ ਵੱਧ ਨੌਜਵਾਨ ਪੀੜ੍ਹੀ ਨੇ ਆਨਲਾਈਨ ਗਾਲੀ-ਗਲੋਚ, ਭੱਦੀਆਂ ਟਿੱਪਣੀਆਂ ਅਤੇ ਆਪਣੀ ਮਾਨਸਿਕ ਸੁਰੱਖਿਆ ’ਤੇ ਹੁੰਦੇ ਹਮਲਿਆਂ ਦਾ ਸਾਹਮਣਾ ਕੀਤਾ ਹੈ।

?ਇਸ ਤਕਨੀਕੀ ਅੰਨ੍ਹੇਵਾਹ ਦੌੜ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਭਾਵ ਮਾਨਵ-ਨਿਰਮਿਤ ਬੁੱਧੀ ਦੀ ਆਮਦ ਨੇ ਨਵੇਂ ਖ਼ਤਰਿਆਂ ਨੂੰ ਜਨਮ ਦਿੱਤਾ ਹੈ। ਏ.ਆਈ. ਰਾਹੀਂ ਹੁਣ ਆਵਾਜ਼ ਅਤੇ ਚਿਹਰੇ ਬਦਲਣ ਦੀ ਤਕਨੀਕ ਬਿਮਾਰ ਮਾਨਸਿਕਤਾ ਦਾ ਉਹ ਹਥਿਆਰ ਬਣ ਚੁੱਕੀ ਹੈ ਜੋ ਨਾ ਸਿਰਫ਼ ਔਰਤਾਂ ਦੇ ਅਕਸ ਨੂੰ ਖ਼ਰਾਬ ਕਰ ਰਹੀ ਹੈ, ਬਲਕਿ ਲੜਕਿਆਂ ਨੂੰ ਵੀ ਵੀਡੀਓ ਕਾਲਾਂ ਰਾਹੀਂ ਜਾਲ ਵਿੱਚ ਫਸਾ ਕੇ ਉਨ੍ਹਾਂ ਦੀਆਂ ਨਕਲੀ ਨਿਊਡ ਵੀਡੀਓਜ਼ ਬਣਾਉਣ ਅਤੇ ਫਿਰ ਪਰਿਵਾਰ ਨੂੰ ਦਿਖਾਉਣ ਦੇ ਨਾਂ ’ਤੇ ਲੱਖਾਂ ਰੁਪਏ ਬਲੈਕਮੇਲ ਕਰਨ ਲਈ ਵਰਤੀ ਜਾ ਰਹੀ ਹੈ। ਇਸ ਦੇ ਨਾਲ ਹੀ ਬੱਚਿਆਂ ਦੀਆਂ ਨਕਲੀ ਆਵਾਜ਼ਾਂ ਤਿਆਰ ਕਰਕੇ ਪਰਿਵਾਰਾਂ ਨੂੰ ਡਰਾਉਣ ਅਤੇ ਪੈਸੇ ਲੁੱਟਣ ਦੇ ਮਾਮਲੇ ਵੀ ਤੇਜ਼ੀ ਨਾਲ ਵਧੇ ਹਨ। ਜਦੋਂ ਦੇਸ਼ ਦੀਆਂ ਸਭ ਤੋਂ ਪ੍ਰਸਿੱਧ ਹਸਤੀਆਂ ਇੰਟਰਨੈੱਟ ’ਤੇ ਸੁਰੱਖਿਅਤ ਨਹੀਂ ਹਨ, ਤਾਂ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਆਮ ਮੱਧਵਰਗੀ ਪਰਿਵਾਰਾਂ ਦੇ ਬੱਚਿਆਂ ਦੀ ਸੁਰੱਖਿਆ ਦੀ ਸਥਿਤੀ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

?ਅੱਜ-ਕੱਲ੍ਹ ਸਕੂਲਾਂ-ਕਾਲਜਾਂ ਵਿੱਚ ਪੜ੍ਹਦੀ ਨੌਜਵਾਨ ਪੀੜ੍ਹੀ ਵੀਡੀਓ ਦੇਖਣ ਵਾਲੇ ਵਿਊਜ਼ ਅਤੇ ਆਪਣੇ ਫਾਲੋਅਰਜ਼ ਦੀ ਗਿਣਤੀ ਵਧਾਉਣ ਦੀ ਇੱਕ ਅਣਦਿੱਖੀ ਮਾਨਸਿਕ ਬੀਮਾਰੀ ਦਾ ਸਿ ?ਕਾਰ ਹੋ ਰਹੀ ਹੈ। ਲੋਕਾਂ ਤੋਂ ਤਾਰੀਫ਼ ਸੁਣਨ ਦੀ ਭੁੱਖ ਨੇ ਮਨੁੱਖ ਨੂੰ ਆਪਣੀ ਨਿੱਜਤਾ ਨਿਲਾਮ ਕਰਨ ਲਈ ਮਜਬੂਰ ਕਰ ਦਿੱਤਾ ਹੈ। ਅਸੀਂ ਬਾਹਰੀ ਦੁਨੀਆ ਦੇ ਅਣਜਾਣ ਲੋਕਾਂ ਤੋਂ ਲਾਇਕਸ ਲੈਣ ਲਈ ਇੰਨੇ ਉਤਾਵਲੇ ਹਾਂ ਕਿ ਆਪਣੀ ਹਰ ਛੋਟੀ-ਵੱਡੀ ਨਿੱਜੀ ਗਤੀਵਿਧੀ ਅਤੇ ਮੌਜੂਦਾ ਸਥਾਨ ਇੰਟਰਨੈੱਟ ’ਤੇ ਸਾਂਝਾ ਕਰ ਰਹੇ ਹਾਂ, ਜਿਸ ਦਾ ਫਾਇਦਾ ਚੁੱਕ ਕੇ ਅਪਰਾਧਿਕ ਬਿਰਤੀ ਵਾਲੇ ਲੋਕ ਇਨ੍ਹਾਂ ਬੱਚਿਆਂ ਦਾ ਆਨਲਾਈਨ ਪਿੱਛਾ ਕਰਦੇ ਹਨ।

?ਜਿੱਥੇ ਪੰਜਾਬ ਦੀਆਂ ਕੁੜੀਆਂ ਵਿਦੇਸ਼ ਜਾਣ ਦੀ ਅੰਨ੍ਹੀ ਦੌੜ ਸਦਕਾ ਆਨਲਾਈਨ ਵਿਆਹ ਕਰਵਾਉਣ ਵਾਲੀਆਂ ਸਾਈਟਾਂ ਜਾਂ ਝੂਠੇ ਲਾਰਿਆਂ ਰਾਹੀਂ ਠੱਗੀਆਂ ਜਾ ਰਹੀਆਂ ਹਨ, ਉੱਥੇ ਹੀ ਸਾਡੇ ਗੱਭਰੂ ਨੌਜਵਾਨ ਆਨਲਾਈਨ ਗੇਮਾਂ ਦੀ ਲਤ ਅਤੇ ਰਾਤੋ-ਰਾਤ ਅਮੀਰ ਬਣਨ ਵਾਲੀਆਂ ਆਨਲਾਈਨ ਸੱਟੇਬਾਜ਼ੀ ਐਪਸ ਦੀ ਦਲਦਲ ਵਿੱਚ ਫਸ ਰਹੇ ਹਨ। ਕਈ ਨੌਜਵਾਨ ਲੜਕੇ ਆਪਣੀ ਪੜ੍ਹਾਈ ਦੀ ਫੀਸ, ਘਰਦਿਆਂ ਦੀ ਜਮ ?ਹਾਂ-ਪੂੰਜੀ, ਜਾਂ ਕਰਜ਼ਾ ਚੁੱਕ ਕੇ ਇਨ੍ਹਾਂ ਖੇਡਾਂ ਅਤੇ ਕ੍ਰਿਪਟੋ ਵਰਗੀਆਂ ਸੱਟੇਬਾਜ਼ੀਆਂ ਵਿੱਚ ਲੱਖਾਂ ਰੁਪਏ ਹਾਰ ਰਹੇ ਹਨ। ਜਦੋਂ ਇਹ ਨੁਕਸਾਨ ਬਰਦਾਸ਼ਤ ਤੋਂ ਬਾਹਰ ਹੋ ਜਾਂਦਾ ਹੈ, ਤਾਂ ਉਹ ਡਿਪਰੈਸ਼ਨ ਯਾਨੀ ਮਾਨਸਿਕ ਤਣਾਅ ਵਿੱਚ ਚਲੇ ਜਾਂਦੇ ਹਨ।

?ਪੰਜਾਬ ਦੇ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਵੱਡੇ ਉਦਯੋਗਿਕ ਤੇ ਵਿਦਿਅਕ ਕੇਂਦਰਾਂ ਦੇ ਸਾਈਬਰ ਅਪਰਾਧ ਸੈੱਲਾਂ ਵਿੱਚ ਅਜਿਹੇ ਸੈਂਕੜੇ ਮਾਮਲੇ ਦਰਜ ਹੋ ਰਹੇ ਹਨ ਜਿੱਥੇ ਲੜਕੀਆਂ ਦੀਆਂ ਨਿੱਜੀ ਵੀਡੀਓਜ਼ ਚੋਰੀ-ਛਿਪੇ ਰਿਕਾਰਡ ਕਰਕੇ ਉਨ੍ਹਾਂ ਨੂੰ ਬਲੈਕਮੇਲ ਕੀਤਾ ਗਿਆ, ਅਤੇ ਦੂਜੇ ਪਾਸੇ ਕਈ ਨੌਜਵਾਨ ਲੜਕਿਆਂ ਨੂੰ ਅਣਜਾਣ ਕੁੜੀਆਂ ਦੇ ਨਾਂ ’ਤੇ ਆਈਆਂ ਵੀਡੀਓ ਕਾਲਾਂ ਰਾਹੀਂ ਬਲੈਕਮੇਲ ਕਰਕੇ ਖੁਦਕੁਸ਼ੀ ਕਰਨ ਲਈ ਮਜਬੂਰ ਕੀਤਾ ਗਿਆ। ਪੰਜਾਬੀ ਸੱਭਿਆਚਾਰ ਵਿੱਚ ਅੱਜ ਸੋਸ਼ਲ ਮੀਡੀਆ ’ਤੇ ਕਮੈਂਟ ਬਾਕਸ ਇੱਕ ਜੰਗ ਦਾ ਮੈਦਾਨ ਬਣ ਚੁੱਕਾ ਹੈ। ਇੱਥੇ ਨੌਜਵਾਨ ਲੜਕੇ- ਲੜਕੀਆਂ ਇੱਕ-ਦੂਜੇ ਦੇ ਖਿਲਾਫ਼, ਜਾਂ ਵੱਖ-ਵੱਖ ਵਿਚਾਰਧਾਰਾਵਾਂ ਦੇ ਨਾਂ ’ਤੇ ਜਿਸ ਤਰ੍ਹਾਂ ਦੀ ਗੰਦੀ ਭਾਸ਼ਾ, ਗਾਲੀ-ਗਲੋਚ ਅਤੇ ਧਮਕੀਆਂ ਦੀ ਵਰਤੋਂ ਕਰਦੇ ਹਨ, ਉਹ ਸਾਡੇ ਸਮਾਜਿਕ ਨਿਘਾਰ ਦੀ ਜਿਉਂਦੀ-ਜਾਗਦੀ ਮਿਸਾਲ ਹੈ। ਸਕ੍ਰੀਨ ਦੇ ਪਿੱਛੇ ਲੁਕੇ ਹੋਏ ਅਣਜਾਣ ਲੋਕ ਕਿਸੇ ਦੇ ਵੀ ਸਵੈ-ਮਾਣ ਨੂੰ ਤਾਰ-ਤਾਰ ਕਰਕੇ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਦਰਸ਼ਨ ਕਰਦੇ ਹਨ। ਇਸੇ ਸਮਾਜਿਕ ਨਾਮੋਸ਼ੀ ਅਤੇ ਬਦਨਾਮੀ ਦੇ ਡਰੋਂ ਕਈ ਮਾਸੂਮ ਬੱਚਿਆਂ ਨੇ ਖੁਦਕੁਸ਼ੀ ਵਰਗੇ ਖ਼ੌਫ਼ਨਾਕ ਰਸਤੇ ਵੀ ਚੁਣ ਲਏ ਹਨ।

?ਇਸ ਸਾਰੀ ਤਬਾਹੀ ਦੇ ਬਾਵਜੂਦ ਸਾਡੇ ਸਮਾਜ ਦੀ ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਅੱਜ ਵੀ ਇੱਥੇ ਸਮੱਸਿਆ ਨੂੰ ਸਮਝਣ ਦੀ ਬਜਾਏ ਪੀੜਤ ਨੂੰ ਹੀ ਕਸੂਰਵਾਰ ਠਹਿਰਾਉਣ ਦੀ ਮਾਨਸਿਕਤਾ ਹਾਵੀ ਹੈ। ਜੇਕਰ ਲੜਕੀ ਸਿ ?ਕਾਰ ਹੋਵੇ ਤਾਂ ਲੋਕ ਕਹਿੰਦੇ ਹਨ ÷ਇਸ ਨੂੰ ਮੋਬਾਈਲ ਕਿਉਂ ਦਿੱਤਾ÷, ਜੇਕਰ ਲੜਕਾ ਸਿ ?ਕਾਰ ਹੁੰਦਾ ਹੈ ਤਾਂ ਉਸ ਦੇ ਮਾਨਸਿਕ ਦਰਦ ਨੂੰ ਸਮਝਣ ਦੀ ਬਜਾਏ ਉਸ ਨੂੰ ਨਾਲਾਇਕ ਜਾਂ ਮੂਰਖ ਕਹਿ ਕੇ ਦੁਤਕਾਰ ਦਿੱਤਾ ਜਾਂਦਾ ਹੈ। ਸਾਈਬਰ ਮਾਹਿਰਾਂ ਅਨੁਸਾਰ ਲਗਭਗ 80 ਫੀਸਦੀ ਇੰਟਰਨੈੱਟ ਅਪਰਾਧ ਦੇ ਮਾਮਲੇ ਲੋਕ-ਲਾਜ ਅਤੇ ਸ਼ਰਮ ਦੇ ਮਾਰੇ ਪੁਲਿਸ ਤੱਕ ਪੁਹੰਚ ਹੀ ਨਹੀਂ ਪਾਉਂਦੇ। ਪਰਿਵਾਰ ਬੱਚਿਆਂ ਨੂੰ ਇਨਸਾਫ਼ ਦਿਵਾਉਣ ਜਾਂ ਉਨ੍ਹਾਂ ਦਾ ਸਾਥ ਦੇਣ ਦੀ ਬਜਾਏ ਉਨ੍ਹਾਂ ਨੂੰ ਘਰ ਵਿੱਚ ਕੈਦ ਕਰ ਦਿੰਦੇ ਹਨ ਜਾਂ ਉਨ੍ਹਾਂ ਨੂੰ ਬੇਇੱਜ਼ਤ ਕਰਦੇ ਹਨ, ਜੋ ਕਿ ਅਸਲ ਵਿੱਚ ਅਪਰਾਧੀ ਨੂੰ ਸਜ਼ਾ ਦੇਣ ਦੀ ਬਜਾਏ ਪੀੜਤ ਨੂੰ ਦੁਬਾਰਾ ਸਜ਼ਾ ਦੇਣ ਦੇ ਬਰਾਬਰ ਹੈ। ਸਾਨੂੰ ਇਹ ਪ੍ਰਵਾਨ ਕਰਨਾ ਪਵੇਗਾ ਕਿ ਅਪਰਾਧ ਇੰਟਰਨੈੱਟ ਦੇ ਸਿਗਨਲਾਂ ਵਿੱਚ ਨਹੀਂ, ਬਲਕਿ ਸਾਡੇ ਸਮਾਜ ਦੇ ਬਿਮਾਰ ਦਿਮਾਗਾਂ ਵਿੱਚ ਹੈ। ਭਾਵੇਂ ਕਾਨੂੰਨ ਵਿੱਚ ਸਖ਼ਤ ਧਾਰਾਵਾਂ ਅਤੇ ਭਾਰੀ ਜੁਰਮਾਨੇ ਮੌਜੂਦ ਹਨ, ਪਰ ਕਾਨੂੰਨ ਦੀ ਸੁਸਤ ਰਫ਼ਤਾਰ ਅਤੇ ਡਿਜੀਟਲ ਅਧਿਕਾਰਾਂ ਦੀ ਜਾਣਕਾਰੀ ਨਾ ਹੋਣ ਕਾਰਨ ਇਹ ਹਥਿਆਰ ਅਕਸਰ ਬੇਅਸਰ ਸਾਬਤ ਹੋ ਰਹੇ ਹਨ।

?ਇਸ ਭਿਆਨਕ ਸੰਕਟ ਵਿੱਚੋਂ ਨਿਕਲਣ ਲਈ ਸਾਨੂੰ ਸਭ ਤੋਂ ਪਹਿਲਾਂ ਆਪਣੇ ਘਰਾਂ ਅਤੇ ਸਕੂਲਾਂ-ਕਾਲਜਾਂ ਵਿੱਚ ਇੰਟਰਨੈੱਟ ਦੀ ਵਰਤੋਂ ਦੇ ਸੁਰੱਖਿਆ ਨਿਯਮਾਂ ਭਾਵ ਸਾਈਬਰ ਸਿਆਣਪ ਨੂੰ ਲਾਗੂ ਕਰਨਾ ਪਵੇਗਾ। ਹਰ ਨੌਜਵਾਨ ਨੂੰ ਇਹ ਸਿਖਾਇਆ ਜਾਵੇ ਕਿ ਮਜ਼ਬੂਤ ਪਾਸਵਰਡ ਰੱਖਣਾ, ਟੂ-ਸਟੈੱਪ ਵੈਰੀਫਿਕੇਸ਼ਨ ਦੀ ਵਰਤੋਂ ਕਰਨਾ, ਕਿਸੇ ਵੀ ਅਣਜਾਣ ਲਿੰਕ ’ਤੇ ਕਲਿੱਕ ਨਾ ਕਰਨਾ ਅਤੇ ਆਨਲਾਈਨ ਪੈਸੇ ਜਿੱਤਣ ਵਾਲੀਆਂ ਐਪਸ ਤੋਂ ਦੂਰ ਰਹਿਣਾ ਓਨਾ ਹੀ ਜ਼ਰੂਰੀ ਹੈ ਜਿੰਨਾ ਘਰ ਦੇ ਮੁੱਖ ਦਰਵਾਜ਼ੇ ਨੂੰ ਜੰਦਰਾ ਲਗਾਉਣਾ। ਇਸ ਦੇ ਨਾਲ ਹੀ ਨਵੀਂ ਪੀੜ੍ਹੀ ਨੂੰ ਇਹ ਸਮਝਾਉਣਾ ਪਵੇਗਾ ਕਿ ਇੰਟਰਨੈੱਟ ’ਤੇ ਪਾਈ ਗਈ ਕੋਈ ਵੀ ਚੀਜ਼ ਕਦੇ ਵੀ ਪੂਰੀ ਤਰ੍ਹਾਂ ਮਿਟਦੀ ਨਹੀਂ ਹੈ; ਇਹ ਸਾਡੇ ਚਰਿੱਤਰ ਦਾ ਉਹ ਸਥਾਈ ਪਰਛਾਵਾਂ ਹੈ ਜੋ ਉਮਰ ਭਰ ਸਾਡੇ ਨਾਲ ਚੱਲੇਗਾ। ਸਕੂਲਾਂ ਦੇ ਸਿਲੇਬਸ ਵਿੱਚ ਇੰਟਰਨੈੱਟ ’ਤੇ ਵਿਚਰਨ ਦੇ ਨੈਤਿਕ ਨਿਯਮਾਂ, ਸਾਈਬਰ ਸੁਰੱਖਿਆ ਅਤੇ ਆਨਲਾਈਨ ਵਿੱਤੀ ਧੋਖਾਧੜੀ ਤੋਂ ਬਚਣ ਦੇ ਤਰੀਕਿਆਂ ਨੂੰ ਇੱਕ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ।

?ਮਾਪਿਆਂ ਦੀ ਭੂਮਿਕਾ ਵੀ ਅਜੋਕੇ ਦੌਰ ਵਿੱਚ ਬਦਲਣੀ ਪਵੇਗੀ। ਉਨ੍ਹਾਂ ਨੂੰ ਆਪਣੇ ਬੱਚਿਆਂ ’ਤੇ ਸ਼ੱਕੀ ਨਜ਼ਰਾਂ ਨਾਲ ਜਾਸੂਸੀ ਕਰਨ ਦੀ ਬਜਾਏ,

ਪ੍ਰੋ.ਜਗਰੂਪ ਕੌਰ
7009529882

ਘਰ ਵਿੱਚ ਇੱਕ ਅਜਿਹਾ ਦੋਸਤਾਨਾ ਮਾਹੌਲ ਸਿਰਜਣਾ ਪਵੇਗਾ ਕਿ ਜੇਕਰ ਕੋਈ ਬੱਚਾ, ਚਾਹੇ ਧੀ ਹੋਵੇ ਜਾਂ ਪੁੱਤ, ਆਨਲਾਈਨ ਕਿਸੇ ਮੁਸ਼ਕਿਲ, ਠੱਗੀ ਜਾਂ ਬਲੈਕਮੇਲਿੰਗ ਦਾ ਸਿ ?ਕਾਰ ਹੋ ਜਾਂਦਾ ਹੈ, ਤਾਂ ਉਹ ਡਰ ਦੇ ਮਾਰੇ ਕੋਈ ਗਲਤ ਕਦਮ ਚੁੱਕਣ ਦੀ ਬਜਾਏ ਸਭ ਤੋਂ ਪਹਿਲਾਂ ਆਪਣੇ ਪਰਿਵਾਰ ਨੂੰ ਸੱਚ ਦੱਸ ਸਕੇ। ਜਦੋਂ ਤੱਕ ਘਰਾਂ ਵਿੱਚ ਗੱਲਬਾਤ ਦੇ ਦਰਵਾਜ਼ੇ ਬੰਦ ਰਹਿਣਗੇ, ਬੱਚੇ ਬਾਹਰਲੇ ਨਕਲੀ ਜਾਲ ਵਿੱਚ ਫਸਦੇ ਰਹਿਣਗੇ। ਅੱਜ ਸਭ ਤੋਂ ਵੱਡੀ ਦੁੱਖ ਦੀ ਗੱਲ ਇਹ ਹੈ ਕਿ ਅਸੀਂ ਪੂਰੀ ਦੁਨੀਆ ਨਾਲ ਤਾਂ ਜੁੜ ਗਏ ਹਾਂ, ਪਰ ਸਾਡੇ ਆਪਣੇ ਘਰਾਂ ਦੇ ਅੰਦਰਲੇ ਰਿਸ਼ਤੇ ਸੁੱਕ ਗਏ ਹਨ, ਲੋਕ ਇੱਕੋ ਕਮਰੇ ਵਿੱਚ ਬੈਠ ਕੇ ਵੀ ਇੱਕ ਦੂਜੇ ਨਾਲੋਂ ਟੁੱਟੇ ਹੋਏ ਹਨ। ?ਪ੍ਰਸ਼ਾਸਨ ਦੇ ਪੱਧਰ ’ਤੇ ਸਾਈਬਰ ਸ਼ਿਕਾਇਤ ਪ੍ਰਣਾਲੀ ਨੂੰ ਸੌਖਾ ਕੀਤਾ ਜਾਵੇ, ਜਿੱਥੇ ਰਾਸ਼ਟਰੀ ਸਾਈਬਰ ਹੈਲਪਲਾਈਨ ਨੰਬਰ 1930 ਅਤੇ ਸਰਕਾਰ ਦੇ ਅਧਿਕਾਰਤ ਸਾਈਬਰ ਪੋਰਟਲ cybercrime.gov.in ਬਾਰੇ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਸਾਈਬਰ ਥਾਣਿਆਂ ਵਿੱਚ ਸਿਖਲਾਈ ਪ੍ਰਾਪਤ ਅਧਿਕਾਰੀਆਂ ਦੀ ਤਾਇਨਾਤੀ ਯਕੀਨੀ ਹੋਵੇ ਤਾਂ ਜੋ ਪੀੜਤ ਬੱਚੇ ਬਿਨਾਂ ਝਿਜਕ ਆਪਣੀ ਗੱਲ ਕਹਿ ਸਕਣ ਅਤੇ ਫਾਸਟ-ਟ ?ਰੈਕ ਅਦਾਲਤਾਂ ਰਾਹੀਂ ਦੋਸ਼ੀਆਂ ਨੂੰ ਤੁਰੰਤ ਸਜ਼ਾਵਾਂ ਮਿਲਣ। ਇਸ ਦੇ ਨਾਲ ਹੀ, ਇੰਟਰਨੈੱਟ ਚਲਾਉਣ ਵਾਲੀਆਂ ਵੱਡੀਆਂ ਸੋਸ਼ਲ ਮੀਡੀਆ ਕੰਪਨੀਆਂ—ਚਾਹੇ ਉਹ ਟੈਲੀਗ੍ਰਾਮ ਹੋਵੇ, ਇੰਸਟਾਗ੍ਰਾਮ ਹੋਵੇ ਜਾਂ ਕੋਈ ਹੋਰ ਪਲੇਟਫਾਰਮ—ਉਨ੍ਹਾਂ ਦੀ ਕਾਨੂੰਨੀ ਜਵਾਬਦੇਹੀ ਦੇ ਨਿਯਮ ਬੇਹੱਦ ਸਖ਼ਤ ਹੋਣੇ ਚਾਹੀਦੇ ਹਨ। ਸਭ ਤੋਂ ਪਹਿਲੀ ਲੋੜ ’ਤੁਰੰਤ ਸੁਣਵਾਈ’ ਦੀ ਹੈ; ਜੇਕਰ ਕੋਈ ਪੀੜਤ ਕਿਸੇ ਇਤਰਾਜ਼ਯੋਗ ਵੀਡੀਓ ਜਾਂ ਸਮੱਗਰੀ ਖ਼ ?ਲਾਫ਼ ਸ਼ਿਕਾਇਤ ਕਰਦਾ ਹੈ, ਤਾਂ ਕੰਪਨੀਆਂ ਦੇ ਮਾਲਕਾਂ ਨੂੰ ਦਿਨਾਂ ਜਾਂ ਹਫ਼ਤਿਆਂ ਦਾ ਸਮਾਂ ਲਗਾਉਣ ਦੀ ਬਜਾਏ, ਕੁਝ ਹੀ ਮਿੰਟਾਂ ਦੇ ਅੰਦਰ ਉਸ ਨੂੰ ਪੋਰਟਲ ਤੋਂ ਹਟਾਉਣਾ ਲਾਜ਼ਮੀ ਹੋਵੇ। ਦੂਜਾ ਵੱਡਾ ਹੱਲ ਇਹ ਹੈ ਕਿ ਹਰ ਇੱਕ ਐਪ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਯਾਨੀ ਏ ਆਈ ਡਿਟੈਕਸ਼ਨ ਫਿਲਟਰ ਵਰਗੀ ਆਧੁਨਿਕ ਤਕਨੀਕ ਨੂੰ ਜੋੜਿਆ ਜਾਵੇ, ਜੋ ਕਿਸੇ ਵੀ ਚੀਜ਼ ਨੂੰ ਅਪਲੋਡ ਕਰਨ ਵੇਲੇ ਹੀ ਪਰਖ ਅਤੇ ਛਾਣ ਸਕੇ ਕਿ ਇਹ ਅਸਲੀ ਹੈ ਜਾਂ ਕਿਸੇ ਦੀ ਨਕਲੀ ਯਾਨੀ ਡੀਪਫੇਕ ਬਣਾਈ ਗਈ ਹੈ। ਜੇਕਰ ਕੋਈ ਚੀਜ਼ ਨਕਲੀ ਜਾਂ ਇਤਰਾਜ਼ਯੋਗ ਪਾਈ ਜਾਂਦੀ ਹੈ, ਤਾਂ ਸਿਸਟਮ ਉਸ ਨੂੰ ਅਪਲੋਡ ਹੋਣ ਦੀ ਆਪਸ਼ਨ ਹੀ ਨਾ ਦੇਵੇ। ਤਕਨਾਲੋਜੀ ਦੇ ਮਾਲਕਾਂ ਨੂੰ ਖ਼ੁਦ ਇਸ ਮੁਹਿੰਮ ਵਿੱਚ ਜਵਾਬਦੇਹ ਬਣਾਉਣਾ ਹੁਣ ਸਮੇਂ ਦੀ ਸਭ ਤੋਂ ਵੱਡੀ ਮੰਗ ਹੈ।

?ਨੌਜਵਾਨ ਪੀੜ੍ਹੀ ਨੂੰ ਹਫ਼ਤੇ ਵਿੱਚ ਇੱਕ ਦਿਨ ਸਕ੍ਰੀਨ ਤੋਂ ਪੂਰੀ ਤਰ੍ਹਾਂ ਦੂਰ ਰਹਿ ਕੇ ਹਕੀਕੀ ਜ਼ਿੰਦਗੀ ਜਿਊਣ ਭਾਵ ਡਿਜੀਟਲ ਡੀਟੌਕਸ ਕਰਨ ਦੀ ਆਦਤ ਪਾਉਣੀ ਪਵੇਗੀ—ਤਾਂ ਜੋ ਉਹ ਮਸ਼ੀਨਾਂ ਬਣਨ ਦੀ ਬਜਾਏ ਮਨੁੱਖ ਬਣੇ ਰਹਿਣ ਅਤੇ ਅਸਲ ਰਿਸ਼ਤਿਆਂ ਦੀ ਨਿੱਘ ਨੂੰ ਮਹਿਸੂਸ ਕਰ ਸਕਣ। ਸੋਸ਼ਲ ਮੀਡੀਆ ਇੱਕ ਦੋਧਾਰੀ ਤਲਵਾਰ ਹੈ ; ਇਸ ਨੂੰ ਕੋਸ ਕੇ ਜਾਂ ਬੱਚਿਆਂ ਨੂੰ ਮੋਬਾਈਲ ਵਰਤਣ ਤੋਂ ਰੋਕ ਕੇ ਅਸੀਂ ਸਮੱਸਿਆ ਦਾ ਹੱਲ ਨਹੀਂ ਕਰ ਸਕਦੇ। ਹੱਲ ਤਕਨਾਲੋਜੀ ਨੂੰ ਰੋਕਣ ਵਿੱਚ ਨਹੀਂ, ਬਲਕਿ ਇੱਕ ਅਜਿਹਾ ਸੁਰੱਖਿਅਤ, ਨੈਤਿਕ ਅਤੇ ਸਿਹਤਮੰਦ ਮਾਹੌਲ ਸਿਰਜਣ ਵਿੱਚ ਹੈ ਜਿੱਥੇ ਸਾਡੀ ਨਵੀਂ ਪੀੜ੍ਹੀ ਬਿਨਾਂ ਕਿਸੇ ਡਰ ਅਤੇ ਭਟਕਣਾ ਦੇ ਇਸ ਡਿਜੀਟਲ ਦੁਨੀਆ ਵਿੱਚ ਆਪਣੀ ਸਕਾਰਾਤਮਕ ਉਡਾਣ ਭਰ ਸਕੇ।

# ਜੇਕਰ ਰੁੱਖ ਆਕਸੀਜਨ ਦੀ ਥਾਂ ਵਾਈ ਫਾਈ ਇੰਟਰਨੈੱਟ ਦਿੰਦੇ ਹੁੰਦੇ..

ਅੱਜ ਦੇ ਵਿਗਿਆਨਕ ਅਤੇ ਡਿਜੀਟਲ ਯੁੱਗ ਵਿੱਚ ਮਨੁੱਖ ਦੀਆਂ ਲੋੜਾਂ ਬਹੁਤ ਤੇਜ਼ੀ ਨਾਲ ਬਦਲ ਰਹੀਆਂ ਹਨ। ਇੱਕ ਸਮਾਂ ਸੀ ਜਦੋਂ ਮਨੁੱਖ ਦੀਆਂ ਮੁਢਲੀਆਂ ਲੋੜਾਂ ਰੋਟੀ, ਕੱਪੜਾ ਅਤੇ ਮਕਾਨ ਤੱਕ ਸੀਮਤ ਸਨ, ਪਰ ਅੱਜ ਦੇ ਦੌਰ ਵਿੱਚ ਇਸ ਸੂਚੀ ਵਿੱਚ ਇੰਟਰਨੈੱਟ ਸਭ ਤੋਂ ਉੱਪਰ ਆ ਚੁੱਕਾ ਹੈ। ਸੋਸ਼ਲ ਮੀਡੀਆ ’ਤੇ ਅਕਸਰ ਇੱਕ ਵਿਅੰਗਮਈ ਕਹਾਵਤ ਪੜ੍ਹਨ ਨੂੰ ਮਿਲਦੀ ਹੈ ਕਿ ਜੇਕਰ ਦਰਖਤ ਆਕਸੀਜਨ ਦੀ ਥਾਂ ਵਾਈ-ਫਾਈ ਇੰਟਰਨੈੱਟ ਛੱਡਦੇ ਹੁੰਦੇ, ਤਾਂ ਸ਼ਾਇਦ ਆਪਾਂ ਹਰ ਘਰ ਅਤੇ ਹਰ ਕਮਰੇ ਵਿੱਚ ਦਰਖ਼ਤ ਲਗਾ ਲੈਂਦੇ। ਇਹ ਗੱਲ ਸੁਣਨ ਵਿੱਚ ਭਾਵੇਂ ਹਾਸੋਹੀਣੀ ਲੱਗਦੀ ਹੈ, ਪਰ ਇਸਦੇ ਪਿੱਛੇ ਛੁਪਿਆ ਵਿਅੰਗ ਅੱਜ ਦੇ ਸਮਾਜ ਦੀ ਇੱਕ ਬਹੁਤ ਹੀ ਕੌੜੀ ਅਤੇ ਚਿੰਤਾਜਨਕ ਸੱਚਾਈ ਨੂੰ ਬਿਆਨ ਕਰਦਾ ਹੈ। ਇਹ ਲਾਈਨ ਸਾਡੀ ਉਸ ਮਾਨਸਿਕਤਾ ’ਤੇ ਸਿੱਧੀ ਸੱਟ ਮਾਰਦੀ ਹੈ ਜਿਸ ਦੇ ਤਹਿਤ ਅਸੀਂ ਕੁਦਰਤੀ ਨਿਆਮਤਾਂ ਨੂੰ ਛੱਡ ਕੇ ਮਸ਼ੀਨੀ ਚੀਜ਼ਾਂ ਦੇ ਗੁਲਾਮ ਬਣਦੇ ਜਾ ਰਹੇ ਹਾਂ।

ਜੇਕਰ ਅਸੀਂ ਅੱਜ ਦੇ ਰੁਝੇਵਿਆਂ ਭਰੇ ਜੀਵਨ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇੰਟਰਨੈੱਟ ਸਾਡੀ ਜ਼ਿੰਦਗੀ ਦਾ ਇੱਕ ਅਟੁੱਟ ਅੰਗ ਬਣ ਚੁੱਕਾ ਹੈ। ਸਵੇਰੇ ਉੱਠਣ ਤੋਂ ਲੈ ਕੇ ਰਾਤ ਨੂੰ ਸੌਣ ਤੱਕ, ਮਨੁੱਖ ਦਾ ਜ਼ਿਆਦਾਤਰ ਸਮਾਂ ਮੋਬਾਈਲ ਜਾਂ ਕੰਪਿਊਟਰ ਦੀ ਸਕ੍ਰੀਨ ’ਤੇ ਹੀ ਲੰਘਦਾ ਹੈ। ਜੇਕਰ ਕਿਸੇ ਕਾਰਨ ਕਰਕੇ ਘਰ ਦਾ ਇੰਟਰਨੈੱਟ ਕੁਝ ਮਿੰਟਾਂ ਲਈ ਵੀ ਬੰਦ ਹੋ ਜਾਵੇ ਤਾਂ ਇਸ ਤਰ੍ਹਾਂ ਲਗਦਾ ਹੈ ਜਿਵੇਂ ਪੂਰੀ ਦੁਨੀਆ ਦੀ ਰਫ਼ਤਾਰ ਹੀ ਰੁਕ ਗਈ ਹੋਵੇ। ਲੋਕ ਮੁਫ਼ਤ ਇੰਟਰਨੈੱਟ ਸਿਗਨਲ ਦੀ ਭਾਲ ਵਿੱਚ ਕਿਤੇ ਵੀ ਜਾਣ ਨੂੰ ਤਿਆਰ ਹੋ ਜਾਂਦੇ ਹਨ ਜਾਂ ਹੋਰਨਾਂ ਜਨਤਕ ਥਾਵਾਂ ਵੱਲ ਦੌੜਦੇ ਹਨ। ਦੂਜੇ ਪਾਸੇ, ਕੁਦਰਤ ਸਾਨੂੰ ਬਿਨਾਂ ਕਿਸੇ ਭੇਦਭਾਵ ਅਤੇ ਬਿਨਾਂ ਕਿਸੇ ਕੀਮਤ ਦੇ ਸਾਫ਼ ਹਵਾ ਅਤੇ ਆਕਸੀਜਨ ਪ੍ਰਦਾਨ ਕਰ ਰਹੀ ਹੈ, ਜਿਸ ਤੋਂ ਬਿਨਾਂ ਮਨੁੱਖ ਕੁਝ ਮਿੰਟ ਵੀ ਜਿਉਂਦਾ ਨਹੀਂ ਰਹਿ ਸਕਦਾ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅਸੀਂ ਇਸ ਮੁਫ਼ਤ ਦੀ ਆਕਸੀਜਨ ਦੀ ਕਦਰ ਕਰਨ ਦੀ ਬਜਾਏ ਲਗਾਤਾਰ ਜੰਗਲਾਂ ਨੂੰ ਕੱਟ ਰਹੇ ਹਾਂ ਅਤੇ ਹਰਿਆਵਲ ਨੂੰ ਖ਼ਤਮ ਕਰਦੇ ਜਾ ਰਹੇ ਹਾਂ।

ਕਲਪਨਾ ਕਰੋ ਕਿ ਜੇਕਰ ਕੁਦਰਤ ਦਾ ਨਿਯਮ ਸੱਚਮੁੱਚ ਬਦਲ ਜਾਂਦਾ ਅਤੇ ਰੁੱਖਾਂ ਵਿੱਚੋਂ ਆਕਸੀਜਨ ਦੀ ਬਜਾਏ ਹਾਈ-ਸਪੀਡ ਇੰਟਰਨੈੱਟ ਦੇ ਸਿਗਨਲ ਨਿਕਲਣ ਲੱਗ ਪੈਂਦੇ ਤਾਂ ਅੱਜ ਸਾਡੀ ਧਰਤੀ ਦਾ ਨਜ਼ਾਰਾ ਬਿਲਕੁਲ ਵੱਖਰਾ ਹੁੰਦਾ। ਫਿਰ ਸਰਕਾਰਾਂ ਜਾਂ ਸਮਾਜ ਸੇਵੀ ਸੰਸਥਾਵਾਂ ਨੂੰ ਲੋਕਾਂ ਨੂੰ ਰੁੱਖ ਲਗਾਉਣ ਲਈ ਪ੍ਰੇਰਿਤ ਨਹੀਂ ਕਰਨਾ ਪੈਣਾ ਸੀ ਅਤੇ ਨਾ ਹੀ ਵਾਤਾਵਰਣ ਦਿਵਸ ਮਨਾਉਣ ਦੀ ਲੋੜ ਪੈਣੀ ਸੀ। ਲੋਕ ਵਧੀਆ ਨੈੱਟਵਰਕ ਅਤੇ ਤੇਜ਼ ਇੰਟਰਨੈੱਟ ਸਪੀਡ ਦੇ ਲਾਲਚ ਵਿੱਚ ਆਪਣੇ ਘਰਾਂ ਦੇ ਵਿਹੜਿਆਂ, ਛੱਤਾਂ, ਬਾਲਕੋਨੀਆਂ ਅਤੇ ਇੱਥੋਂ ਤੱਕ ਕਿ ਆਪਣੇ ਕਮਰਿਆਂ ਦੇ ਅੰਦਰ ਵੀ ਰੁੱਖਾਂ ਦੇ ਗਮਲੇ ਸਜਾ ਲੈਂਦੇ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ, ਪਰਿਵਾਰ ਦਾ ਹਰ ਮੈਂਬਰ ਰੁੱਖਾਂ ਦੀ ਦੇਖਭਾਲ ਕਰਦਾ ਅਤੇ ਉਹਨਾਂ ਨੂੰ ਰੋਜ਼ਾਨਾ ਸਮੇਂ ਸਿਰ ਪਾਣੀ ਦਿੰਦਾ ਤਾਂ ਜੋ ਇੰਟਰਨੈੱਟ ਦੇ ਸਿਗਨਲ ਕਦੇ ਕਮਜ਼ੋਰ ਨਾ ਹੋਣ। ਦਰਖ਼ਤਾਂ ਨੂੰ ਕੱਟਣਾ ਦੁਨੀਆ ਦਾ ਸਭ ਤੋਂ ਵੱਡਾ ਅਪਰਾਧ ਮੰਨਿਆ ਜਾਂਦਾ, ਕਿਉਂਕਿ ਇੱਕ ਰੁੱਖ ਕੱਟਣ ਦਾ ਮਤਲਬ ਹੁੰਦਾ ਪੂਰੇ ਇਲਾਕੇ ਦਾ ਸੰਪਰਕ ਸੰਸਾਰ ਨਾਲੋਂ ਟੁੱਟ ਜਾਣਾ।

ਪਰ ਇਸ ਕਾਲਪਨਿਕ ਸੋਚ ਦੇ ਦੂਜੇ ਪਾਸੇ ਇੱਕ ਬਹੁਤ ਹੀ ਖ਼ਤਰਨਾਕ ਹਕੀਕਤ ਛੁਪੀ ਹੋਈ ਹੈ। ਸਾਨੂੰ ਇਹ ਗੱਲ ਗੰਭੀਰਤਾ ਨਾਲ ਸੋਚਣੀ ਪਵੇਗੀ ਕਿ ਮਨੁੱਖ ਨੂੰ ਜ਼ਿੰਦਾ ਰਹਿਣ ਲਈ ਕਿਸੇ ਡਿਜੀਟਲ ਸਕ੍ਰੀਨ ਦੀ ਨਹੀਂ, ਬਲਕਿ ਚੱਲਦੇ ਸਾਹਾਂ ਦੀ ਲੋੜ ਹੁੰਦੀ ਹੈ। ਅਸੀਂ ਇੰਟਰਨੈੱਟ ਜਾਂ ਤਕਨਾਲੋਜੀ ਤੋਂ ਬਿਨਾਂ ਆਪਣੀ ਜ਼ਿੰਦਗੀ ਬਤੀਤ ਕਰ ਸਕਦੇ ਹਾਂ, ਪਰ ਆਕਸੀਜਨ ਤੋਂ ਬਿਨਾਂ ਜੀਵਨ ਦੀ ਕਲਪਨਾ ਵੀ ਅਸੰਭਵ ਹੈ। ਕੁਝ ਸਮਾਂ ਪਹਿਲਾਂ ਜਦੋਂ ਦੇਸ਼ ਵਿੱਚ ਮਹਾਂਮਾਰੀ ਦੇ ਦੌਰ ਦੌਰਾਨ ਹਸਪਤਾਲਾਂ ਵਿੱਚ ਆਕਸੀਜਨ ਦੀ ਕਮੀ ਹੋ ਗਈ ਸੀ, ਉਦੋਂ ਲੋਕਾਂ ਨੂੰ ਸਾਹ ਲੈਣ ਲਈ ਇੱਕ-ਇੱਕ ਸਿਲੰਡਰ ਵਾਸਤੇ ਲੱਖਾਂ ਰੁਪਏ ਖਰਚਣੇ ਪਏ ਸਨ। ਉਸ ਸਮੇਂ ਸਾਨੂੰ ਕੁਦਰਤ ਦੇ ਇਸ ਅਨਮੋਲ ਤੋਹਫ਼ੇ ਦੀ ਅਸਲ ਕੀਮਤ ਦਾ ਅਹਿਸਾਸ ਹੋਇਆ ਸੀ। ਪਰ ਜਿਵੇਂ ਹੀ ਹਾਲਾਤ ਸੁਧਰੇ, ਅਸੀਂ ਫਿਰ ਤੋਂ ਉਸੇ ਲਾਪਰਵਾਹੀ ਦੇ ਰਾਹ ਪੈ ਗਏ। ਅੱਜ ਗਲੋਬਲ ਵਾਰਮਿੰਗ, ਪ੍ਰਦੂਸ਼ਣ ਅਤੇ ਮੌਸਮ ਵਿੱਚ ਆ ਰਹੇ ਅਚਾਨਕ ਬਦਲਾਅ ਵਰਗੀਆਂ ਸਮੱਸਿਆਵਾਂ ਸਾਡੇ ਸਾਹਮਣੇ ਚੁਣੌਤੀ ਬਣ ਕੇ ਖੜ੍ਹੀਆਂ ਹਨ, ਜੋ ਕਿ ਸਿਰਫ਼ ਰੁੱਖਾਂ ਦੀ ਘਾਟ ਕਾਰਨ ਪੈਦਾ ਹੋਈਆਂ ਹਨ।

ਇਹ ਵਿਅੰਗਮਈ ਵਿਚਾਰ ਸਾਨੂੰ ਸਿਰਫ਼ ਹਸਾਉਣ ਲਈ ਨਹੀਂ ਹੈ, ਬਲਕਿ ਇਹ ਸਾਡੀ ਸੋਚ ਨੂੰ ਇੱਕ ਨਵੀਂ ਦਿਸ਼ਾ ਦੇਣ ਅਤੇ ਸਾਨੂੰ ਜਗਾਉਣ ਲਈ ਹੈ। ਜੇਕਰ ਅਸੀਂ ਮਸ਼ੀਨਾਂ ਅਤੇ ਨੈੱਟਵਰਕ ਦੇ ਮੋਹ ਵਿੱਚ ਇੰਨੇ ਅੰਨ੍ਹੇ ਹੋ ਗਏ ਹਾਂ ਕਿ ਸਾਨੂੰ ਆਪਣੀ ਹੋਂਦ ਨੂੰ ਬਚਾਉਣ ਵਾਲੇ ਰੁੱਖਾਂ ਦੀ ਕੀਮਤ ਨਜ਼ਰ ਨਹੀਂ ਆ ਰਹੀ, ਤਾਂ ਇਹ ਸਾਡੀ ਸਭ ਤੋਂ ਵੱਡੀ ਨਾਕਾਮੀ ਹੈ। ਸਾਨੂੰ ਇਹ ਸਮਝਣਾ ਪਵੇਗਾ ਕਿ ਜੇਕਰ ਧਰਤੀ ’ਤੇ ਦਰਖ਼ਤ ਹੀ ਨਾ ਰਹੇ, ਤਾਂ ਨਾ ਹੀ ਮਨੁੱਖੀ ਸਭਿਅਤਾ ਬਚੇਗੀ ਅਤੇ ਨਾ ਹੀ ਮਨੁੱਖ ਦੁਆਰਾ ਬਣਾਇਆ ਗਿਆ ਇੰਟਰਨੈੱਟ। ਸਾਨੂੰ ਆਪਣੀ ਸੋਚ ਨੂੰ ਬਦਲਣ ਦੀ ਲੋੜ ਹੈ। ਜੇਕਰ ਅਸੀਂ ਮਨੋਰੰਜਨ ਜਾਂ ਸੋਸ਼ਲ ਮੀਡੀਆ ਲਈ ਐਨਾ ਸਮਾਂ ਅਤੇ ਪੈਸਾ ਬਰਬਾਦ ਕਰ ਸਕਦੇ ਹਾਂ, ਤਾਂ ਸਾਨੂੰ ਆਪਣੇ ਅਤੇ ਆਪਣੇ ਬੱਚਿਆਂ ਦੇ ਸੁਰੱਖਿਅਤ, ਨਿਰੋਏ ਅਤੇ ਹਰੇ-ਭਰੇ ਭਵਿੱਖ ਲਈ ਵੀ ਹੰਭਲਾ ਮਾਰਨਾ ਚਾਹੀਦਾ ਹੈ। ਆਓ ਪ੍ਰਣ ਕਰੀਏ ਕਿ ਅਸੀਂ ਰੁੱਖਾਂ ਨੂੰ ਸਿਰਫ਼ ਲੱਕੜ ਜਾਂ ਪੈਸੇ ਦੇ ਤੌਰ ’ਤੇ ਨਾ ਦੇਖ ਕੇ, ਉਹਨਾਂ ਨੂੰ ਜ਼ਿੰਦਗੀ ਦੇ ਸੱਚੇ ਰੱਖਵਾਲੇ ਮੰਨੀਏ ਅਤੇ ਹਰ ਸਾਲ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਗਾਈਏ ਅਤੇ ਉਸਦੀ ਪਰਿਵਾਰ ਦੇ ਮੈਂਬਰ ਵਾਂਗ ਸੰਭਾਲ ਕਰੀਏ ਤਾਂ ਜੋ ਸਾਡੀ ਧਰਤੀ ਹਮੇਸ਼ਾ ਸਾਹ ਲੈਂਦੀ ਰਹੇ।

**ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ),**
**ਸੰਪਰਕ 9876888177**

# ਕਦੋਂ ਸੁਧਰੇਗੀ ਅੰਨਦਾਤੇ ਦੀ ਹਾਲਤ



**ਪਰਿਵਾਰ ਦੀਆਂ ਕਿੰਨੀਆਂ ਰੀਝਾਂ ਜੋਂ ਫਸਲ ਵਿਕਣ ਤੇ ਟਿੱਕੀਆਂ ਹੁੰਦੀਆਂ ਨੇ ਓਦੋ ਦਮ ਤੋੜ ਜਾਂਦੀਆਂ ਨੇ ਜਦੋਂ ਵਾਧਾ ਘਾਟਾ ਕਰਕੇ ਆੜਤੀਆਂ ਅਜੇ ਵੀ ਬਕਾਇਆ ਕੱਢ ਦਿੰਦਾ ਹੈ। ਕਰਜ ਦਾ ਇਹ ਸਫਰ ਪਿਤਾ ਪੁਰਖੀ ਹੁੰਦਾ ਹੈ। ਜਿਹੜਾ ਕਿਸਾਨ ਦੇ ਪੁੱਤਰ ਨੂੰ ਗੁੜ੍ਹਤੀ ਵਿੱਚ ਮਿਲਦਾ ਹੈ। ਬਚਪਨ ਤੋਂ ਬਾਅਦ ਜੱਟ ਤੇ ਸਿੱਧਾ ਬੁਢਾਪਾ ਆਉਂਦਾ ਹੈ ਜਵਾਨੀ ਤਾਂ ਆਉਂਦੀ ਹੀ ਨਹੀਂ।**

ਕਿਸੇ ਨੇ ਸੱਚ ਹੀ ਕਿਹਾ ,,ਪੈਂਦੇ ਸੱਪ ਦੀ ਸਿਰੀ ਤੋਂ ਨੋਟ ਚੁੱਕਣੇ ਸੌਖੀ ਨੀ ਕਮਾਈ ਜੱਟ ਦੀ ,,

ਅਜਾਦੀ ਮਿਲਣ ਤੋਂ 73 ਵਰ੍ਹੇ ਬਾਅਦ ਵੀ ਦੇਸ਼ ਦੇ ਅੰਨਦਾਤੇ ਦੀ ਹਾਲਤ ਤਰਸਯੋਗ ਹੈ। ਹਰ ਇਕ ਚੀਜ਼ ਨੂੰ ਪੈਦਾ ਕਰਨ ਵਾਲਾ ਹੀ ਉਸ ਚੀਜ਼ ਦਾ ਮਾਲਕ ਹੁੰਦਾ ਹੈ ਆਪਣੀ ਮਰਜ਼ੀ ਨਾਲ ਆਪਣੇ ਚੀਜ਼ ਦਾ ਮੁੱਲ ਤਹਿ ਕਰਦਾ ਹੈ। ਪਰ ਕਿਸਾਨ ਦੀ ਬੇਵਸੀ ਦੇਖੋ ਉਸ ਦੀ ਪੈਦਾ ਕੀਤੀ ਫਸਲ ਦੀ ਕੀਮਤ ਤਹਿ ਕਰਨ ਲਈ ਕਮੇਟੀਆਂ ਬਣਾਈਆਂ ਜਾਂਦੀਆਂ ਹਨ ਜਿਹੜੀਆਂ ਕਿ ਨਿਗੂਣੇ ਮੁੱਲ ਤਹਿ ਕਰਕੇ ਕਿਸਾਨ ਦੇ ਸਿਰ ਅਹਿਸਾਨ ਜਤਾਉਂਦੀਆਂ ਹਨ। ਕਿਸਾਨ ਧੁੱਪਾਂ ਵਿਚ ਪਿੰਡਾ ਸਾੜਦਾ ਤੇ ਸਰਦੀ ਚ ਠਰਦਾ ਪੁੱਤਾਂ ਵਾਂਗ ਆਪਣੀ ਫ਼ਸਲ ਪਾਲਦਾ ਹੈ। ਅਪਣੀ ਫਸਲ ਪਾਲਣ ਲਈ ਓਹ ਸੱਪਾਂ ਦੀਆਂ ਸਿਰੀਆਂ ਮਿੱਧ ਦਾ ਹੈ। ਬਹੁਤੇ ਅਭਾਗੇ ਅਜਿਹੇ ਵੀ ਹੁੰਦੇ ਨਾ ਜਿਹੜੇ ਰਾਤਾਂ ਨੂੰ ਪਾਣੀ ਲਾਉਂਦੇ ਦੁਰਘਟਨਾ ਦਾ ਸ਼ਿਕਾਰ ਹੋ ਜਾਂਦੇ ਹਨ। ਸੱਪ ਲੜ ਜਾਣਾ, ਬਿਜਲੀ ਦੀਆਂ ਨੰਗੀਆਂ ਤਾਰਾਂ ਨਾਲ ਲੱਗ , ਜਾਣਾ ਅਸਮਾਨੀ ਬਿਜਲੀ ਦਾ ਡਿੱਗ ਜਾਣਾ , ਸਪਰੇਅ ਚੜ ਜਾਣਾ ਆਦਿ ਪਤਾ ਨਹੀਂ ਕਿਸ ਰੂਪ ਵਿੱਚ ਮੌਤ ਓਸਦਾ ਇੰਤਜਾਰ ਕਰ ਰਹੀ ਹੋਵੇ। ਪਰ ਇੰਨੇ ਕਸ਼ਟ ਸਹਿ ਕੇ ਵੀ ਜੇਕਰ ਕਿਸਾਨ ਆਪਣੀ ਫ਼ਸਲ ਪੁਗਾ ਵੀ ਲੈਂਦਾ ਹੈ ਤਾਂ ਮੌਸਮ ਕਹਿਰਵਾਨ ਹੋ ਜਾਂਦਾ ਹੈ। ਮਾਪਿਆਂ ਨੇ ਬੇਸ਼ਕ ਪੁੱਤਰ ਨਾਮ ਗੁਲਾਬ ਰੱਖਿਆ ਹੋਵੇ ਪਰ ਕੁਦਰਤ ਕਦੇ ਉਸ ਗੁਲਾਬ ਤੇ ਮਿਹਰਬਾਨ ਨਹੀਂ ਹੁੰਦੀ ਸਗੋਂ ਕਹਿਰਵਾਨ ਹੁੰਦੀ ਹੈ। ਮੌਸਮ ਦੀ ਰਤਾ ਜਿੰਨੀ ਤਬਦੀਲੀ ਜਿੱਥੇ ਲੋਕਾਂ ਦੀ ਰੂਹ ਨੂੰ ਸਕੂਨ ਦਿੰਦੀ ਹੈ ਉੱਥੇ ਹੀ ਕਿਸਾਨ ਦੇ ਸਾਹ ਸੂਤ ਲੈਂਦੀ ਹੈ। ਜਿਹੜੀਆਂ ਕਣੀਆਂ ਚ ਲੋਕ ਸ਼ਾਮ ਦੀ ਚਾਹ ਨਾਲ ਪਕੌੜੇ ਖਾਂਦੇ ਹਨ ਉਹ ਕਣੀਆਂ ਕਿਸਾਨ ਦੇ ਸੰਘੋਂ ਬੁਰਕੀ ਨੀ ਉਤਰਨ ਦਿੰਦਿਆਂ। ਕਿਸਾਨ ਦਾ ਧਿਆਨ ਬੱਦਲਾਂ ਵੱਲ ਹੁੰਦਾ ਹੈ। ਉਹ ਰੱਬ ਅੱਗੇ ਅਰਦਾਸਾਂ ਕਰਦਾ ਹੈ ਕਿ ਸੁੱਖ ਰਹੇ। ਕੁਝ ਹਿੱਸਾ ਮੌਸਮ ਦੇ ਲੁੱਟਣ ਤੋਂ ਬਾਅਦ ਜਦੋਂ ਮੰਡੀ ਦੀ ਵਾਰੀ ਹੁੰਦੀ ਹੈ ਤਾਂ ਉੱਥੇ ਵੀ ਕਿਸਾਨ ਦੀ ਦੁਰਗਤੀ ਨਹੀਂ ਮੁੱਕਦੀ। ਪੰਦਰਾਂ ਪੰਦਰਾਂ ਦਿਨ ਮੰਡੀ ਚ ਰੁਲਦਾ ਹੈ ਅੱਖਾਂ ਦੇ ਸਾਹਮਣੇ ਪੁੱਤਾਂ ਵਾਂਗ ਪਾਲੀ ਫਸਲ ਰੁੱਲ ਜਾਂਦੀ ਹੈ।ਫੇਰ ਅਫ਼ਸਰਸ਼ਾਹੀ ਗਿੱਲੀ ਫਸਲ ਜਾ ਕਾਲਾ ਦਾਣਾ ਆਖ ਕੇ ਮੁੱਲ ਘਟਾ ਜਾਂਦੀ ਹੈ। ਕਿਸਾਨ ਕਿ ਸਵਾਲ ਕਰੇ ਕਿ ਰੱਬ ਤੇ ਕਰੋ ਕਾਰਵਾਈ ਜਿਸ ਕਰਕੇ ਫਸਲ ਬਰਬਾਦ ਕਰ ਦਿੱਤੀ ਮੇਰਾ ਦਸੋ ਕਿ ਕਸੂਰ ਹੈ। ਪਰਿਵਾਰ ਦੀਆਂ ਕਿੰਨੀਆਂ ਰੀਝਾਂ ਜੋਂ ਫਸਲ ਵਿਕਣ ਤੇ ਟਿੱਕੀਆਂ ਹੁੰਦੀਆਂ ਨੇ ਓਦੋ ਦਮ ਤੋੜ ਜਾਂਦੀਆਂ ਨੇ ਜਦੋਂ ਵਾਧਾ ਘਾਟਾ ਕਰਕੇ ਆੜਤੀਆਂ ਅਜੇ ਵੀ ਬਕਾਇਆ ਕੱਢ ਦਿੰਦਾ ਹੈ। ਕਰਜ ਦਾ ਇਹ ਸਫਰ ਪਿਤਾ ਪੁਰਖੀ ਹੁੰਦਾ ਹੈ। ਜਿਹੜਾ ਕਿਸਾਨ ਦੇ ਪੁੱਤਰ ਨੂੰ ਗੁੜ੍ਹਤੀ ਵਿੱਚ ਮਿਲਦਾ ਹੈ। ਬਚਪਨ ਤੋਂ ਬਾਅਦ ਜੱਟ ਤੇ ਸਿੱਧਾ ਬੁਢਾਪਾ ਆਉਂਦਾ ਹੈ ਜਵਾਨੀ ਤਾਂ ਆਉਂਦੀ ਹੀ ਨਹੀਂ। ਪੰਜਾਬ ਦੇ ਲੋਕ ਗੀਤਾਂ ਚ ਵੀ ਮੁੱਢੋਂ ਹੀ ਕਿਸਾਨ ਦੀ ਇਸ ਹਾਲਤ ਦਾ ਜਿਕਰ ਆਉਂਦਾ ਹੈ ਹਲ ਛੱਡ ਕੇ ਚਰੀ ਨੂੰ ਜਾਣਾ ਜੱਟਾ ਤੇਰੀ ਜੂਨ ਬੁਰੀ ,,, ਪਰ ਤ੍ਰਾਸਦੀ ਇਹ ਹੈ ਕਿ ਕਿਸਾਨ ਪੂਰੇ ਦੇਸ਼ ਦਾ ਢਿੱਡ ਭਰ ਕੇ ਵੀ ਆਪ ਭੁੱਖਾ ਸੌਣ ਲਈ ਮਜਬੂਰ ਹੈ। ਸਾਲਾਂ ਦੇ ਸਾਲ ਬੀਤ ਗਏ ਸਵਾਮੀਨਾਥਨ ਰਿਪੋਰਟ ਲਾਗੂ ਨਹੀਂ ਹੋਈ। ਸਰਕਾਰਾਂ ਲਾਰੇ ਲਾ ਲਾ ਕੇ ਡੰਗ ਟਪਾਉਂਦੀਆਂ ਹਨ।ਕੋਈ ਕੁਝ ਕਰਨਾ ਹੀ ਨਹੀਂ ਚਾਹੁੰਦਾ। ਸਰਕਾਰ ਤੋਂ ਰਾਹਤ ਦੀ ਉਮੀਦ ਲੈ ਪਤਾ ਨਹੀਂ ਕਿੰਨੇ ਕਿਸਾਨ ਸਿਵਿਆਂ ਦੇ ਰਾਹ ਪੈ ਗਏ। ਇੱਕ ਇੱਕ ਘਰ ਚੋ ਤਿੰਨ ਤਿੰਨ ਅਰਥੀਆਂ ਉਠ ਚੁੱਕੀਆਂ ਨੇ। ਅੱਜ ਜਿਸ ਕਰੋਨੇ ਲਈ ਸਰਕਾਰਾਂ ਫ਼ਿਕਰਮੰਦ ਨੇ ਓਨੀਆਂ ਮੌਤਾਂ ਤਾਂ ਪੰਜਾਬ ਦੇ ਇਕ ਇਕ ਪਿੰਡ ਚ ਹੋ ਚੁੱਕੀਆਂ ਹੋਣਗੀਆਂ। ਪਰ ਸਰਕਾਰਾਂ ਨੂੰ ਇਹਨਾਂ ਦੀ ਯਾਦ ਵੋਟਾਂ ਵੇਲੇ ਹੀ ਆਉਂਦੀ ਹੈ।

ਕਿਸਾਨੀ ਮੰਗਾਂ ਲਈ ਬੇਸ਼ਕ ਕਿਸਾਨ ਯੂਨੀਅਨਾਂ ਬਣੀਆਂ ਹੋਈਆਂ ਹਨ। ਪਰ ਇਹਨਾਂ ਚ ਸ਼ਾਮਿਲ ਜਿਆਦਾਤਰ ਲੋਕ ਅਨਪੜ੍ਹ ਤੇ ਬਜੁਰਗ ਹਨ ਜਿਹੜੇ ਕਿ ਅਸਲ ਮੁੱਦੇ ਤੋਂ ਭਟਕ ਚੁੱਕੇ ਹਨ। ਬਲਕਿ ਇਹ ਤਾਂ ਕਿਸਾਨ ਤੇ ਮਜਦੂਰਾਂ ਦੀ ਮਸਲੇ ਹੀ ਉਲਝਾ ਰਹੇ ਹਨ। ਪਿੰਡਾਂ ਵਿਚ ਧੜੇਬੰਦੀ ਹੋ ਰਹੀ ਹੈ ਜਿਸ ਕਾਰਨ ਲੜਾਈਆਂ ਹੋ ਰਹੀਆਂ ਹਨ। ਲੋੜ ਹੈ ਇੱਕ ਚੰਗੇ ਪੜ੍ਹੇ ਲਿਖੇ ਯੋਗ ਨੇਤਾ ਦੀ ਜੋ ਸਰਕਾਰਾਂ ਦੇ ਅੱਗੇ ਕਿਸਾਨੀ ਦਾ ਪੱਖ ਚੰਗੀ ਤਰ੍ਹਾਂ ਰੱਖ ਸਕੇ।

ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ। ਸਾਡਾ ਪੂਰਾ ਸੂਬਾ ਹੀ ਖੇਤੀ ਆਧਾਰਿਤ ਹੈ।ਜੇਕਰ ਖੇਤੀ ਲਾਹੇਵੰਦ ਧੰਦਾ ਨਹੀਂ ਹੋਵੇਗਾ ਤਾਂ ਕਿਸਾਨ ਦੀ ਹਾਲਤ ਨਹੀਂ ਸੁਧਰ ਸਕੇਗੀ। ਜਿਆਦਾਤਰ ਕਿਸਾਨ ਗਰੀਬ ਜਾ ਮੱਧਵਰਗੀ ਹਨ। ਜਿੰਨਾ ਦੀ ਆਰਥਿਕਤਾ ਤੇ ਰੋਜ਼ੀ ਰੋਟੀ ਹੀ ਖੇਤੀ ਹੈ। ਜੱਟਾਂ ਲਈ ਤਾਂ ਸਰਕਾਰ ਵਲੋਂ ਕਿਸੇ ਕਿਸਮ ਦੀ ਕੋਈ ਸਹੂਲਤ ਹੀ ਨਹੀਂ। ਨਾ ਕਿਸੇ ਕਿਸਾਨ ਦੇ ਬੱਚੇ ਦੀ ਫੀਸ ਮੁਆਫ਼ ਹੋਵੇ ਨਾ ਵਜੀਫਾ ਮਿਲੇ ਨਾ ਮੁਫ਼ਤ ਸਿੱਖਿਆ ਦੀ ਸਹੂਲਤ ਤੇ ਨਾ ਹੀ ਸਰਕਾਰੀ ਨੌਕਰੀ ਚ ਕੋਈ ਕੋਟਾ। ਘਰ ਚਾਹੇ ਦੋ ਵਕਤ ਦੀ ਰੋਟੀ ਦਾ ਜੁਗਾੜ ਨਾ ਹੋਵੇ ਪਰ ਕਾਗਜਾਂ ਚ ਜਰਨਲ ਲਿਖਿਆ ਜਾਂਦਾ।

ਆੜਤੀਆਂ ਤੇ ਬੈਂਕਾਂ ਦੇ ਵਿਆਜ ਹੀ ਕਿਸਾਨ ਦਾ ਲੱਕ ਤੋੜੀਂ ਰੱਖਦੇ ਨੇ। ਦਿਨ ਰਾਤ ਦੀ ਮਿਹਨਤ ਨਾਲ ਵੀ ਘਰ ਦਾ ਗੁਜਾਰਾ ਨਹੀਂ ਹੁੰਦਾ। ਇੱਕ ਮੁਫ਼ਤ ਬਿਜਲੀ ਦੀ ਹੀ ਸਹੂਲਤ ਕਿਸਾਨ ਨੂੰ ਦਿੱਤੀ ਹੋਈ ਹੈ ਓਹ ਵੀ ਅਕਸਰ ਸੁਰਖੀਆਂ ਚ ਰਹਿੰਦੀ ਹੈ। ਭਲਿਓ ਲੋਕੋ ਇਹ ਬਿਜਲੀ ਕਿਸਾਨ ਏ ਸੀ ਲਾ ਆਰਾਮ ਕਰਨ ਤੇ ਨਹੀਂ ਫੂਕਦਾ ਬਲਕਿ ਤੁਹਾਡੇ ਲਈ ਅਨਾਜ ਪੈਦਾ ਕਰਨ ਤੇ ਫੂਕਦਾ ਹੈ।ਸਰਕਾਰਾਂ ਜਦੋਂ ਆਪਣਾ ਫਰਜ਼ ਨਿਭਾਉਣਗਈਆਂ ਦੇਖੀ ਜਾਵੇਗੀ ਪਰ ਸਾਡਾ ਸਭ ਦਾ ਨੈਤਿਕ ਫਰਜ਼ ਬਣਦਾ ਹੈ ਕਿ ਅਸੀਂ ਪਰਮਾਤਮਾ ਅੱਗੇ ਅਰਦਾਸ ਜਰੂਰ ਕਰੀਏ ਕਿ ਸਾਡੇ ਲਈ ਅੰਨ੍ਹ ਪੈਦਾ ਕਰਨ ਵਾਲੇ ਦਾ ਪਰਿਵਾਰ ਕਦੇ ਭੁੱਖਾ ਨਾ ਰਹੇ।



ਚੰਨੀ ਚਹਿਲ
9915806550

# 3 ਅਰਬਪਤੀਆਂ ਦੀ ਕਹਾਣੀ ਨਾਲ ਸਮਝੋ ਕਿ ਅਮੀਰ ਬਣਨ ਦਾ ਨੁਸਖਾ ਕੀ ਹੈ, ਕਿਸਮਤ, ਹੁਨਰ ਜਾਂ ਸਮਾਂ

ਮਾਈਮ ਆਰਟ ਪੜ੍ਹਨ ਵਾਲੇ ਇਟਲੀ ਦੇ ਕਮਿਊਨਿਸਟ ਵਿਦਿਆਰਥੀ, ਗੇਂਦ ਉੱਤੇ ਨਜ਼ਰ ਰੱਖਣ ਵਾਲੇ ਇੱਕ ਪ੍ਰਤਿਭਾਸ਼ਾਲੀ ਬੱਚੇ ਅਤੇ ਇੱਕ ਕਮੇਡੀਅਨ ਵਿੱਚ ਕੀ ਸਮਾਨਤਾ ਹੈ? ਦਰਅਸਲ ਇਹ ਤਿੰਨੇ ਅੱਗੇ ਜਾ ਕੇ ਇੱਕ ਬੇਹੱਦ ਖ਼ਾਸ ਵਿਸ਼ਵੀ ਸਮੂਹ ਦਾ ਹਿੱਸਾ ਬਣ ਗਏ।

ਗੱਲ ਹੋ ਰਹੀ ਹੈ ਮਿਊਚਿਆ ਪ੍ਰਾਡਾ, ਟਾਈਗਰ ਵੁੱਡਸ ਅਤੇ ਜੇਰੀ ਸੇਨਫੀਲਡ ਦੀ, ਜੋ ਹੁਣ ਦੁਨੀਆਂ ਦੇ 2800 ਅਰਬਪਤੀ ਲੋਕਾਂ ਦੀ ਸੂਚੀ ਵਿੱਚ ਸ਼ਾਮਲ ਹਨ।ਇਸ ਸੂਚੀ ਵਿੱਚ ਵੱਖ-ਵੱਖ ਦੇਸਾਂ ਦੇ ਵੱਖ-ਵੱਖ ਲੋਕ ਸ਼ਾਮਲ ਹਨ। ਦੁਨੀਆਂ ਭਰ ਦੇ ਅਮੀਰਾਂ ਦੀ ਸੂਚੀ ਤਿਆਰ ਕਰਨ ਵਾਲੀ ਅਮਰੀਕਨ ਮੀਡੀਆ ਫਰਮ ਫੋਰਬਸ ਦੇ ਮੁਤਾਬਕ, ਅਰਬਪਤੀਆਂ ਦੀ ਗਿਣਤੀ ਦੇ ਮਾਮਲੇ ਵਿੱਚ ਪਹਿਲੇ ਸਥਾਨ ਉੱਤੇ ਅਮਰੀਕਾ ਹੈ, ਜਿੱਥੇ 813 ਅਰਬਪਤੀ ਹਨ।

ਦੂਜੇ ਨੰਬਰ ਉੱਤੇ ਹਾਂਗ-ਕਾਂਗ ਸਣੇ ਚੀਨ ਹੈ ਜਿੱਥੇ 473 ਅਰਬਪਤੀ ਹਨ ਅਤੇ ਭਾਰਤ ਤੀਜੇ ਨੰਬਰ ਉੱਤੇ ਹੈ, ਜਿੱਥੇ 200 ਅਰਬਪਤੀ ਹਨ। ਅਰਬਾਂ ਦੀ ਇਸ ਜਾਇਦਾਦ ਦਾ ਬਾਰੇ ਕਿਆਸ ਲਾਉਣਾ ਬਹੁਤ ਮੁਸ਼ਕਿਲ ਕੰਮ ਹਨ। ਇੱਕ ਅਰਬ ਇੱਕ ਵੱਡੀ ਸੰਖਿਆ ਹੈ। ਇਸਦਾ ਅੰਦਾਜ਼ਾ ਲਗਾਉਣ ਲਈ ਤੁਸੀਂ ਇਸ ਤਰ੍ਹਾਂ ਸਮਝ ਸਕਦੇ ਹੋ ਕਿ 10 ਲੱਖ ਸਕਿੰਟ 11 ਦਿਨ ਦੇ ਬਰਾਬਰ ਹੁੰਦੇ ਹਨ, ਜਦਕਿ ਇੱਕ ਅਰਬ 32 ਸਾਲ ਦੇ ਬਰਾਬਰ ਹਨ। ਕੁਝ ਲੋਕ ਤਾਂ ਅਰਬਪਤੀਆਂ ਦੀ ਹੋਂਦ ਨੂੰ ਠੀਕ ਹੀ ਨਹੀਂ ਮੰਨਦੇ ਹਨ। ਦੁਨੀਆਂ ਦੇ 81 ਲੋਕਾਂ ਕੋਲ ਚਾਰ ਅਰਬ ਗ਼ਰੀਬਾਂ ਤੋਂ ਜ਼ਿਆਦਾ ਜਾਇਦਾਦ ਦੁਨੀਆਂ ਦੇ 81 ਅਮੀਰਾਂ ਦੀ ਜਾਇਦਾਦ ਦੁਨੀਆਂ ਦੇ ਚਾਰ ਅਰਬ ਲੋਕਾਂ ਤੋਂ ਜ਼ਿਆਦਾ ਹੈ। ਗ਼ੈਰ-ਬਰਾਬਰੀ ਉੱਤੇ ਸਾਲ 2023 ਵਿੱਚ ਆਫਸਕੈਮ ਨੇ ਇੱਕ ਰਿਪੋਰਟ ਵਿੱਚ ਕਿਹਾ ਸੀ, ਹਰ ਇੱਕ ਅਰਬਪਤੀ ਨੀਤੀਗਤ ਭੁੱਲ ਦਾ ਨਤੀਜਾ ਹੈ। ਵਧਦੀ ਗ਼ਰੀਬੀ ਅਤੇ ਜਿਉਣ ਲਈ ਜ਼ਰੂਰੀ ਸਾਧਨਾਂ ਦੇ ਸੰਕਟ ਦੇ ਦੌਰਾਨ ਰਿਕਾਰਡ ਮੁਨਾਫ਼ੇ ਦੇ ਨਾਲ ਵੱਧਦੇ-ਫੁੱਲਦੇ ਅਰਬਪਤੀਆਂ ਦਾ ਹੋਣਾ ਇੱਕ ਅਜਿਹੀ ਆਰਥਿਕ ਪ੍ਰਣਾਲੀ ਦਾ ਸਬੂਤ ਹੈ, ਜੋ ਕੰਮ ਕਰਨ ਵਿੱਚ ਨਾਕਾਮ ਰਹੀ ਹੈ। ਇਸੇ ਗ਼ੈਰ-ਬਰਾਬਰੀ ਕਾਰਨ ਕਈ ਦੇਸਾਂ ਵਿੱਚ ਆਮਦਨੀ ਉੱਤੇ ਟੈਕਸ ਲਾਉਣ ਦੀ ਥਾਂ ਪੂਰੀ ਆਮਦਨੀ ਉੱਤੇ ਟੈਕਸ ਲਾਉਣ ਬਾਰੇ ਚਰਚਾ ਕੀਤੀ ਜਾ ਰਹੀ ਹੈ। ਅਮਰੀਕਾ ਵਿੱਚ ਡੈਮੋਕਰੇਟਿਕ ਪਾਰਟੀ ਦੇ ਸੈਨੇਟਰ ਐਲਿਜ਼ਾਬੇਥ ਵਾਰੇਨ ਨੇ ਪੰਜ ਕਰੋੜ ਡਾਲਰ ਦੀ ਜਾਇਦਾਦ ਉੱਤੇ ਦੋ ਫੀਸਦੀ ਅਤੇ ਇੱਕ ਬਿਲੀਅਨ ਦੀ ਜਾਇਦਾਦ ਉੱਤੇ ਤਿੰਨ ਫੀਸਦੀ ਟੈਕਸ ਦੀ ਤਜਵੀਜ਼ ਕੀਤੀ ਹੈ। ਜਦਕਿ ਕੁਝ ਲੋਕਾਂ ਦਾ ਤਰਕ ਹੈ ਕਿ ਜ਼ਿਆਦਾ ਜਾਇਦਾਦ ਦੀ ਸੰਭਾਵਨਾ ਨਵੀਆਂ-ਨਵੀਆਂ ਰਚਨਾਵਾਂ ਅਤੇ ਖੋਜਾਂ ਨੂੰ ਉਤਸ਼ਾਹਿਤ ਕਰਦੀ ਹੈ। ਇਸ ਕਾਰਨ ਕਰੋੜਾਂ ਲੋਕਾਂ ਦੀ ਜ਼ਿੰਦਗੀ ਵਿੱਚ ਸੁਧਾਰ ਆਉਂਦਾ ਹੈ।ਅਰਬਪਤੀਆਂ ਦੀ ਗਿਣਤੀ ਵਧਾਉਣਾ ਚਾਹੁੰਦੇ ਹਨ ਅਰਥਸ਼ਾਸਤਰੀ ਇਸ ਸਾਰੇ ਰੌਲੇ ਦੌਰਾਨ ਅਮਰੀਕੀ ਅਰਥਸ਼ਾਸਤਰੀ ਮਾਈਕਲ ਸਟਰੇਨ ਦੀ ਦਲੀਲ ਹੈ ਕਿ ਸਾਨੂੰ ਥੋੜ੍ਹੇ ਨਹੀਂ ਸਗੋਂ ਹੋਰ ਜ਼ਿਆਦਾ ਅਰਬਪਤੀਆਂ ਦੀ ਲੋੜ ਹੈ। ਉਹ ਨੋਬਲ ਇਨਾਮ ਜੇਤੂ ਵਿਲੀਅਮ ਨਾਰਡਹਾਸ ਦੇ ਉਸ ਸਿਧਾਂਤ ਦਾ ਹਵਾਲਾ ਦਿੰਦੇ ਹਨ, ਜਿਸ ਵਿੱਚ ਨਾਰਡਹਾਸ ਨੇ ਦੱਸਿਆ ਸੀ ਕਿ ਤਕਨੀਕੀ ਜਗਤ ਨਾਲ ਜੁੜੀਆਂ ਖੋਜਾਂ ਤੋਂ ਮਿਲੇ ਮੁਨਾਫ਼ੇ ਦਾ ਦੋ ਫੀਸਦੀ ਹੀ ਸੰਸਥਾਪਕਾਂ ਅਤੇ ਖੋਜੀਆਂ ਨੂੰ ਮਿਲਦਾ ਹੈ, ਬਾਕੀ ਸਮਾਜ ਨੂੰ ਜਾਂਦਾ ਹੈ। ਅਰਬਪਤੀਆਂ ਬਾਰੇ ਸਟਰੇਨ ਦਾ ਕਹਿਣਾ ਹੈ, ਉਹ ਆਪ-ਬਣੇ ਖੋਜੀ ਹੁੰਦੇ ਹਨ ਜਿਨ੍ਹਾਂ ਨੇ ਜ਼ਿੰਦਗੀ ਜਿਉਣ ਦਾ ਤਰੀਕਾ ਬਦਲ ਦਿੱਤਾ ਹੈ। ਇਸ ਦੇ ਪੱਖ ਵਿੱਚ ਬਿਲਗੇਟਸ ਅਤੇ ਸਟੀਵ ਬਾਲਮਰ ਦੀ ਮਿਸਾਲ ਦਿੰਦੇ ਹਨ, ਜਿਨ੍ਹਾਂ ਨੇ ਕੰਪਿਊਟਿੰਗ ਦੀ ਦੁਨੀਆਂ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆਂਦੇ।ਸਟਰੇਨ ਮਸ਼ਹੂਰ ਅਮਰੀਕੀ ਨਿਵੇਸ਼ਕ ਵਾਰੇਨ ਬਫ਼ੇ ਅਤੇ ਜੇਫ਼ ਬੇਸੋਜ਼ ਦੀ ਵੀ ਮਿਸਾਲ ਦਿੰਦੇ ਹਨ।ਉਹ ਕਹਿੰਦੇ ਹਨ ਕਿ ਬਫੇ ਨੇ ਖੁਦਰਾ ਖੇਤਰ ਨੂੰ ਉਤਸ਼ਾਹਿਤ ਕੀਤਾ ਹੈ ਜਦਕਿ ਏਲਨ ਮਸਕ ਨੇ ਆਟੋਮੋਟਿਵ ਉਦਯੋਗ ਅਤੇ ਪੁਲਾੜ ਕਾਰੋਬਾਰ ਨੂੰ ਬਦਲ ਕੇ ਰੱਖ ਦਿੱਤਾ ਹੈ।ਸਟਰੇਨ ਦਾ ਕਹਿਣਾ ਹੈ ਕਿ ਸਾਰੇ 'ਨੀਤੀਆਂ ਦੀ ਕਮੀ ਕਾਰਨ' ਅਰਬਪਤੀ ਨਹੀਂ ਬਣੇ। ਬਲਕਿ ਇਹ ਖ਼ੁਦ ਦੇ ਇਨੋਵੇਸ਼ਨ ਅਤੇ ਮਿਹਨਤ ਕਾਰਨ ਇਸ ਮੁਕਾਮ ਤੱਕ ਪਹੁੰਚੇ ਹਨ। ਇਨ੍ਹਾਂ ਦੇ ਅਰਬਪਤੀ ਨਾ ਬਣਨ ਦੀ ਕਾਮਨਾ ਨਾ ਕਰਨ ਦੀ ਥਾਂ ਸਾਨੂੰ ਉਨ੍ਹਾਂ ਦੀ ਸਫ਼ਲਤਾ ਉੱਤੇ ਖ਼ੁਸ਼ ਹੋਣਾ ਚਾਹੀਦਾ ਹੈ।ਕਈ ਅਰਬਪਤੀ ਇੱਕ ਵੱਡੀ ਰਕਮ ਦਾਨ ਕਰਦੇ ਹਨ। ਗੇਟਸ ਅਤੇ ਬਫ਼ੇ ਨੇ ਦਿ ਗਿਵਿੰਗ ਪਲੈਜ ਵਰਗੀ ਪਹਿਲ ਕੀਤੀ, ਜਿਸ ਦੇ ਤਹਿਤ ਉਨ੍ਹਾਂ ਨੇ ਆਪਣੇ ਪੂਰੀ ਜ਼ਿੰਦਗੀ ਵਿੱਚ ਅੱਧੀ ਤੋਂ ਜ਼ਿਆਦਾ ਜਾਇਦਾਦ ਦਾਨ ਕਰਨ ਦੀ ਵਚਨਬੱਧਤਾ ਦਿਖਾਈ।ਉੱਥੇ ਹੀ 'ਦਿ ਗਿਵਿੰਗ ਪਲੈਜ' ਉੱਤੇ ਭਰੋਸਾ ਰੱਖਣ ਵਾਲੇ ਰੈਪਰ, ਕਾਰੋਬਾਰੀ ਮੁਗ਼ਲ ਅਰਬਪਤੀ ਜੇ-ਜ਼ੀ ਨੇ ਆਪਣੀ ਜਾਇਦਾਦ ਦੇ ਬਚਾਅ ਵਿੱਚ ਕਿਹਾ, ਜੇ ਮੈਂ ਗ਼ਰੀਬ ਹੁੰਦਾ ਤਾਂ ਆਪਣੇ ਵਰਗੇ ਲੋਕਾਂ ਦੀ ਮਦਦ ਨਹੀਂ ਕਰ ਪਾਉਂਦਾ। ਇਸ ਲਈ ਮੈਂ ਅਮੀਰ ਬਣਿਆ ਅਤੇ ਉਨ੍ਹਾਂ ਦੀ ਮਦਦ ਕਰ ਦਿੱਤੀ। ਮੇਰੇ ਲਈ ਇਹ ਹਰ ਸਥਿਤੀ ਵਿੱਚ ਜਿੱਤਣ ਵਰਗਾ ਹੈ। ਕਿਵੇਂ ਕੋਈ ਅਰਬਪਤੀ ਬਣ ਜਾਂਦਾ ਹੈ? ਕੋਈ ਉਂਝ ਹੀ ਅਰਬਪਤੀ ਨਹੀਂ ਬਣ ਜਾਂਦਾ। ਉਨ੍ਹਾਂ ਦੀ ਸਫ਼ਲਤਾ ਵਿੱਚ ਸਾਡੇ ਸਾਰਿਆਂ ਬਾਰੇ ਵੀ ਕੁਝ ਨਾ ਕੁਝ ਬਿਆਨ ਕਰਦੀ ਹੈ। ਕਿਸੇ ਲਈ ਅਮੀਰ ਬਣਨਾ ਹੁਣ ਤੱਕ ਮੁਸ਼ਕਲ ਹੈ। ਜਦੋਂ ਤੱਕ ਉਹ ਲੋਕਾਂ ਨੂੰ ਕੁਝ ਨਹੀਂ ਦਿੰਦਾ, ਜਿਨ੍ਹਾਂ ਦੀ ਮਦਦ ਦੀ ਉਨ੍ਹਾਂ ਨੂੰ ਲੋੜ ਹੋਵੇ ਜਾਂ ਫਿਰ ਉਨ੍ਹਾਂ ਨੂੰ ਪੂਰੀ ਖ਼ੁਸ਼ੀ ਨਾ ਦੇ ਦੇਵੇ। ਜਿਨ੍ਹਾਂ ਅਰਬਪਤੀਆਂ ਦੀ ਚਰਚਾ ਕੀਤੀ ਜਾਂਦੀ ਹੈ। ਉਨ੍ਹਾਂ ਨੂੰ ਥੋੜ੍ਹਾ-ਬਹੁਤ ਕਿਸੇ ਨਾ ਕਿਸੇ ਹੱਦ ਤੱਕ ਦੁਨੀਆਂ ਨੂੰ ਬਦਲਿਆ ਹੈ। ਭਾਵੇਂ ਉਹ ਪ੍ਰਾਡਾ ਦੇ ਉਤਪਾਦ ਹੋਣ ਜਾਂ ਫਿਰ ਸਟਾਰ ਵਾਰ ਸਿਨੇਮਾ ਜਾਂ ਟਿੱਕਟੌਕ। ਇੰਨਾ ਹੀ ਨਹੀਂ ਉਨ੍ਹਾਂ ਲਈ ਇਹ ਸਭ ਹਾਸਲ ਕਰਨ ਦੇ ਕਿੱਸੇ ਵੀ ਦਿਲਚਸਪ ਹਨ।ਮਸਲਨ ਗੂਗਲ ਸਰਚ ਇੰਜਨ ਨੂੰ ਸ਼ੁਰੂਆਤੀ ਰੂਪ ਵਿੱਚ ਇਸ ਦੇ ਸੰਸਥਾਪਕ 10 ਲੱਖ ਡਾਲਰ ਵਿੱਚ ਵੇਚਣਾ ਚਾਹੁੰਦੇ ਸਨ। ਲੇਕਿਨ ਉਨ੍ਹਾਂ ਨੂੰ ਖ਼ੀਰਦਾਰ ਨਹੀਂ ਮਿਲਿਆ।ਅੱਜ ਗੂਗਲ ਦੀ ਕੀਮਤ 23 ਖਰਬ ਡਾਲਰ ਹੈ, ਜਦਕਿ ਸਹਿ-ਸੰਸਥਾਪਕ ਸਰਗੀ ਬ੍ਰਿਨ ਦੀ ਨਿੱਜੀ ਜਾਇਦਾਦ 135 ਅਰਬ ਡਾਲਰ ਹੈ, ਜੋ ਲਗਭਗ ਮੋਰੱਕੋ ਵਰਗੇ ਦੇਸ ਦੀ ਜੀਡੀਪੀ ਦੇ ਬਰਾਬਰ ਹੈ।ਮਿਊਚਿਆ ਪ੍ਰਾਡਾ 1960 ਦੇ ਦਹਾਕੇ ਵਿੱਚ ਇਟਲੀ ਵਿੱਚ ਇੱਕ ਖੱਬੇਪੱਖੀ ਮਾਰਿਆ ਬਿਆਂਚੀ ਸਨ। ਆਪਣਾ ਨਾਮ ਮਾਰਿਆ ਬਿਆਂਚੀ ਤੋਂ ਬਦਲ ਕੇ ਮਿਊਚਿਆ ਪ੍ਰਾਡਾ ਕਰਨ ਤੋਂ ਪਹਿਲਾਂ ਉਹ ਥਿਏਟਰ ਸਕੂਲ ਵਿੱਚ 'ਮਾਈਮ' ਆਰਟ ਪੜ੍ਹ ਰਹੇ ਸਨ।ਮਾਈਮ ਆਰਟ ਮੂਕ ਅਦਾਕਾਰੀ ਦੀ ਇੱਕ ਸ਼ੈਲੀ ਹੈ। ਇਸ ਵਿੱਚ ਸਿਰਫ਼ ਚਿਹਰੇ ਦੇ ਹਾਵ-ਭਾਵ ਨਾਲ ਗੱਲ ਸਮਝਾਈ ਜਾਂਦੀ ਹੈ। ਆਪਣੇ ਦਮ 'ਤੇ ਅਰਬਪਤੀ ਬਣਨ ਵਾਲੀ ਭਾਰਤ ਦੀ ਪਹਿਲੀ ਔਰਤ ਕਿਰਨ ਮਜੂਮਦਾਰ ਸ਼ਾਅ ਨੇ ਸ਼ੁਰੂਆਤ ਬੀਅਰ ਬਣਾਉਣ ਤੋਂ ਕੀਤੀ ਸੀ।ਬਾਅਦ ਵਿੱਚ ਫਾਰਮਸਿਊਟੀਕਲ ਦੇ ਖੇਤਰ ਵਿੱਚ ਉਨ੍ਹਾਂ ਨੇ ਹੱਥ ਅਜ਼ਮਾਇਆ ਅਤੇ ਉਨ੍ਹਾਂ ਦਾ ਨਾਮ ਏਸ਼ੀਆ ਦੀ ਸਭ ਤੋਂ ਵੱਡੇ ਇੰਸੂਲਿਨ ਉਤਪਾਦਕਾਂ ਵਿੱਚ ਮਸ਼ਹੂਰ ਹੋ ਗਿਆ।



# ਮਾਂ ਬਾਪ ਦਾ ਰਿਸ਼ਤਾ

ਅੱਜ ਦੀ ਇਸ ਭੱਜ ਦੌੜ ਭਰੀ ਜ਼ਿੰਦਗੀ ਵਿੱਚ ਇਨਸਾਨ ਰਿਸ਼ਤਿਆਂ ਨੂੰ ਹੀ ਭੁਲਦਾ ਜਾ ਰਿਹਾ ਹੈ।ਜ਼ਿੰਦਗੀ ਵਿੱਚ ਸਭ ਤੋਂ ਅਹਿਮ ਰਿਸ਼ਤਾ ਮਾਂ ਬਾਪ ਦਾ ਹੁੰਦਾ ਹੈ।ਜਿਨ੍ਹਾਂ ਨੇ ਬੱਚਿਆਂ ਦੀ ਖੁਸ਼ੀ ਲਈ ਆਪਣੀ ਜ਼ਿੰਦਗੀ ਦਾਵ ਤੇ ਲਗਾ ਦਿੱਤੀ ਨਾਂ ਦਿਨ ਦੇਖਿਆ ਨਾ ਰਾਤ ਨਾ ਧੁੱਪ ਦੇਖੀ ਨਾ ਬਾਰਿਸ਼ ਬੱਚਿਆਂ ਦੀ ਖੁਸ਼ੀਆਂ ਲਈ ਹਰ ਦੁੱਖ ਸਹਿ ਕੇ ਆਪਣੀ ਜ਼ਿੰਦਗੀ ਖਤਮ ਕਰ ਦਿੱਤੀ।ਪਰ ਅੱਜ ਦੇ ਬੱਚੇ ਇਨਸਾਨੀ ਰਿਸ਼ਤਿਆਂ ਦੀ ਕਦਰਾਂ ਕੀਮਤਾਂ ਨੂੰ ਭੁੱਲਦੇ ਹੋਇ ਇਸ ਅਹਿਮ ਰਿਸਤੇ ਨੂੰ ਨਿਭਾਉਣ ਦੀ ਜ਼ਿੰਮੇਵਾਰੀ ਤੋਂ ਦੂਰ ਭੱਜਦੇ ਨਜ਼ਰ ਆਉਂਦੇ ਨੇ।ਪਰ ਮਾਂ ਬਾਪ ਜਿਹੜੇ ਬੱਚਿਆਂ ਦੀ ਖੁਸ਼ੀਆਂ ਲਈ ਆਪਣੀ ਜ਼ਿੰਦਗੀ ਦੇ ਅਹਿਮ ਪਲ ਗਵਾ ਕੇ ਵੀ ਕਦੇ ਕੋਈ ਕਿੱਸੇ ਕਿਸਮ ਦਾ ਗਿਲਾ ਸ਼ਿਕਵਾ ਜਾਂ ਸ਼ਿਕਾਇਤ ਨਹੀਂ ਕਰਦੇ ਅਤੇ ਬੱਚਿਆਂ ਨੂੰ ਖੁਸ਼ ਦੇਖ ਕੇ ਉਨ੍ਹਾਂ ਨੂੰ ਵੱਧਦਾ ਫੁਲਦਾ ਦੇਖ ਕੇ ਹੀ ਖੁਸ਼ ਹੋਂਦੇ ਨੇ।ਆਪ ਗਿੱਲੇ ਸੌਂ ਕੇ ਸਾਨੂੰ ਸੁੱਕੀ ਥਾਂ ਸੁਲਾਇਆ ਆਪ ਔਖੇ ਸੌਖੇ ਭੁੱਖਿਆਂ ਰਹਿ ਕੇ ਵੀ ਹਰ ਕਸ਼ਟ ਸਹਿ ਕੇ ਬੱਚਿਆਂ ਦੀ ਹਰ ਖੁਸ਼ੀਆਂ ਨੂੰ ਪੂਰਾ ਕੀਤਾ।ਅਪਨੀ ਜ਼ਿੰਦਗੀ ਦਾ ਅਹਿਮ ਅਤੇ ਕੀਮਤੀ ਸਮਾਂ ਬੱਚਿਆਂ ਦਾ ਭਵਿੱਖ ਸੰਵਾਰਨ ਤੇ ਲਗਾ ਦਿੱਤਾ ।ਬੱਚਿਆਂ ਨੂੰ ਬੁਲੰਦੀਆਂ ਤੇ ਦੇਖਣਾ ਹਰ ਮਾਂ ਬਾਪ ਦਾ ਸੁਪਨਾ ਹੁੰਦਾ ਹੈ ਓਸ ਸੁਪਨੇ ਨੂੰ ਪੂਰਾ ਕਰਨ ਲਈ ਆਪਣਾ ਢਿੱਡ ਕੱਟ ਕੇ ਹਰ ਨਾਕਾਮ ਕੋਸ਼ਿਸ਼ ਕਰਦਿਆਂ ਹੋਇਆਂ ਆਪਣੀ ਖੁਸ਼ੀਆਂ ਬਾਰੇ ਕਦੇ ਸੋਚਿਆ ਵੀ ਨਹੀਂ।ਪਰ ਜਦੋਂ ਜ਼ਿੰਦਗੀ ਦੇ ਆਖਰੀ ਪੜਾਵ ਤੇ ਪਹੁੰਚਦੇ ਨੇ ਜਦੋਂ ਉਨ੍ਹਾਂ ਨੂੰ ਸਹਾਰੇ ਦੀ ਲੋੜ ਹੁੰਦੀ ਹੈ ਤਾਂ ਅੱਜਕਲ ਦੇ ਬੱਚੇ ਰੰਗ ਬਦਲਣਾ ਸ਼ੁਰੂ ਕਰ ਦੇਂਦੇ ਨੇ। ਬੱਚੇ ਮਾਂ ਬਾਪ ਦੀ ਖੁਸ਼ੀਆਂ ਤੋਂ ਪਹਿਲਾਂ ਆਪਣੀ ਤੇ ਆਪਣੇ ਪਰਿਵਾਰ ਦੀ ਖੁਸ਼ੀਆਂ ਦੇਖਦੇ ਨੇ। ਮਾਂ ਬਾਪ ਦਾ ਬਿਸਤਰਾ ਘਰ ਦੇ ਖੂੰਜੇ ਸਾਈਡ ਤੇ ਲਗਾ ਦੇਂਦੇ ਨੇ।ਜਦੋਂ ਬਜ਼ਾਰੋ ਕੋਈ ਸਮਾਨ ਲਿਆਉਂਦੇ ਨੇ ਤਾਂ ਆਪਣੀ ਪਤਨੀ ਜਾਂ ਬੱਚਿਆਂ ਹੱਥ ਫੜਾਉਂਦੇ ਨੇ ਕੀਤੇ ਮਾਂ ਬਾਪ ਦੇਖ ਨਾ ਲੈਣ । ਜਰਾ ਯਾਦ ਕਰੋ ਜਦੋਂ ਮਾਂ ਬਾਪ ਕਦੇ ਬਾਜ਼ਾਰ ਜਾਂਦੇ ਸੀ ਕੀ ਉਨ੍ਹਾਂ ਨੇ ਵੀ ਕਦੇ ਕੁਝ ਬੱਚਿਆਂ ਕੋਲੋਂ ਲੁਕੋਇਆ ਸੀ।ਉਹ ਤੇ ਸਗੋਂ ਬਜ਼ਾਰੋ ਬੱਚਿਆਂ ਦੀ ਪਸੰਦ ਦੀ ਹਰ ਚੀਜ ਲੱਭ ਲੱਭ ਕੇ ਇਹ ਸੋਚ ਕੇ ਲਿਆਉਂਦੇ ਸੀ ਕਿ ਇਹ ਚੀਜ਼ ਬਚਿਆਂ ਨੂੰ ਪਸੰਦ ਹੈ। ਕੀ ਕਦੇ ਅਸੀਂ ਇਹ ਸੋਚਿਆ ਕਿ ਇਹ ਚੀਜ਼ ਸਾਡੀ ਮਾਤਾ ਪਿਤਾ ਦੀ ਪਸੰਦ ਹੈ।ਜਾਂ ਕਦੇ ਕੋਈ ਫਲ ਇਹ ਸੋਚ ਕੇ ਬਜ਼ਾਰੋ ਲਿਆਂਦਾ ਕਿ ਲਓ ਮਾਤਾ ਜੀ ਜਾਂ ਪਿਤਾ ਜੀ ਆਪਜੀ ਨੂੰ ਪਸੰਦ ਹੈ ।ਮੈਂ ਆਪਜੀ ਵਾਸਤੇ ਲਿਆਇਆ ਹਾਂ।ਆਓ ਅਸੀਂ ਇੱਕਠੇ ਬੈਠ ਕੇ ਖਾਂਦੇ ਹਾਂ।ਤਾਂ ਸ਼ਾਇਦ ਉਨ੍ਹਾਂ ਨੂੰ ਬਹੁਤ ਖੁਸ਼ੀ ਮਹਿਸੂਸ ਹੋਵੇਗੀ । ਅੱਜ ਉਨ੍ਹਾਂ ਨੂੰ ਤੁਹਾਡੀ ਚੀਜਾਂ ਜਾਂ ਖਾਣੇ ਦੀ ਲੋੜ ਨਹੀਂ ਜੇਕਰ ਲੋੜ ਹੈ ਤਾਂ ਆਪਦੇ ਪਿਆਰ ਅਤੇ ਵਕ ?ਤ ਦੀ ।ਵੱਧ ਤੋਂ ਵੱਧ ਸਮਾਂ ਬਜ਼ੁਰਗ ਮਾਤਾ ਪਿਤਾ ਨੂੰ ਦਿਓ ਉਨ੍ਹਾਂ ਦੀ ਸੇਵਾ ਕਰੋ ।ਦਾਨ ਪੁੰਨ ਦਾ ਕੀ ਫ਼ਾਇਦਾ ਜੇ ਘਰ ਮਾਤਾ ਪਿਤਾ ਦੁਖੀ ਹੋਣ ਅਤੇ ਲੁੱਕ ਲੁੱਕ ਕ ਰੋਂਦੇ ਹੋ ਣ ।ਕਦੇ ਉਨ੍ਹਾਂ ਦਾ ਦਿਲ ਨਾ ਦੁਖਾਓ।ਕਿਉਂਕਿ ਅੱਜ ਤੱਕ ਕੋਈ ਵੀ ਮਾਂ ਬਾਪ ਦਾ ਦਿਲ ਦੁਖਾ ਕੇ ਕੋਈ ਸੁੱਖੀ ਨਹੀਂ ਹੋ ਸਕਿਆ।ਸੋ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕਰੋ ਜੇ ਧਰਤੀ ਤੇ ਰੱਬ ਹੈ ਤਾਂ ਉਹ ਮਾਤਾ ਪਿਤਾ ਦੇ ਰੂਪ ਚ ਹੈ।ਮਾਤਾ ਪਿਤਾ ਦੀ ਅਸ਼ੀਸ਼ ਤੋਂ ਵਡਾ ਕੋਈ ਤੋਹਫ਼ਾ ਨਹੀਂ । ਆਓ ਸਾਰੇ ਮਾਤਾ ਪਿਤਾ ਦੇ ਹਰ ਦੁਖ ਸੁਖ ਦਾ ਖਿਆਲ ਰੱਖੀਏ ਵੱਧ ਤੋਂ ਵੱਧ ਸਮਾਂ ਉਨ੍ਹਾਂ ਨਾਲ ਵਿਤਾਈਏ।ਜਿੰਦਗੀ ਦੀ ਸ਼ੁਰੂਆਤ ਵਿੱਚ ਜਿਨ੍ਹਾਂ ਨੇ ਸਾਨੂੰ ਉਂਗਲੀ ਫੜ ਕੇ ਤੁਰਨ ਸਿਖਾਇਆ ਅਸੀਂ ਉਨ੍ਹਾ ਦੀ ਜਿੰਦਗੀ ਦੇ ਆਖਰੀ ਪੜਾਵ ਤੇ ਉਨ੍ਹਾਂ ਦਾ ਸਹਾਰਾ ਬਣੀਏ।ਬੁਢਾਪੇ ਵਿਚ ਉਨ੍ਹਾਂ ਨੂੰ ਉਂਗਲੀ ਫੜ ਕੇ ਗੁਰਦੁਆਰੇ ਮੰਦਿਰ ਲੈ ਜਾਈਏ ਤਾਂ ਜੋ ਥੋੜਾ ਜਿਹਾ ਫਰਜ਼ ਅਤੇ ਥੋੜਾ ਜਿਹਾ ਕਰਜ਼ ਸ਼ਾਇਦ ਕੁਝ ਪੁਰਾ ਹੋ ਜਾਵੇ।ਕਹਿੰਦੇ ਨੇ ਕਦੇ ਪਹਿਲਾ ਪਿਆਰ ਭੁਲਾਇਆ ਨਹੀਂ ਜਾਂਦਾ ਫੇਰ ਪਤਾ ਨਹੀਂ ਕਿਉਂ ਲੋਕੀਂ ਮਾਂ ਬਾਪ ਦਾ ਪਿਆਰ ਭੁੱਲ ਜਾਂਦੇ ਨੇ।

ਮਾਂ ਤੇਰੇ ਦੂੱਧ ਕਾ ਕਰਜ਼ ਮੁਝਸੇ ਕਿਆ ਅਦਾ ਹੋਗਾ
ਅਗਰ ਹੈ ਤੂੰ ਦੁੱਖੀ ਤੋਂ ਖੁਸ਼ ਮੁਝਸੇ ਕਿਆ ਖ਼ੁਦਾ ਹੋਗਾ

ਜਸਪਾਲ ਸਿੰਘ ਗਿੱਲ
9817244038



# ਵੋਟਾਂ

ਚੜ੍ਹਦੇ ਸਾਉਣ ਦੇ ਦਿਨਾਂ ਵਿੱਚ ਵੀ ਭਾਵੇਂ ਜੇਠ ਹਾੜ੍ਹ ਵਰਗੀ ਹੀ ਗਰਮੀ ਸੀ ਪਰ ਫਿਰ ਵੀ ਪਿੰਡ ਦੀ ਸੱਥ ਵਿੱਚ ਪੂਰੀ ਰੌਣਕ ਸੀ। ਸੱਥ ਵਿੱਚ ਅੱਜ ਕੁਝ ਵੱਖਰਾ ਵੱਖਰਾ ਜਿਹਾ ਜਾਪਦਾ ਸੀ।ਸਾਰੇ ਅਖਬਾਰ ਲੋਕ ਸਭਾ ਦੀਆਂ ਚੋਣਾਂ ਦਾ ਪ੍ਰਚਾਰ ਕਰੀ ਜਾ ਰਹੇ ਸਨ। ਚੋਣਾਂ ਲੜਣ ਵਾਲਿਆਂ ਨੂੰ ਫਿਕਰ ਵੱਢ ਵੱਢ ਖਾਈ ਜਾ ਰਿਹਾ ਸੀ ਕਿ ਕਿਤੇ ਹਾਰ ਨਾ ਜਾਈਏ ਤੇ ਸਰਦਾਰੀ ਕੋਈ ਹੋਰ ਹੀ ਨਾ ਖੋਹ ਕੇ ਲੈ ਜਾਵੇ। ਸੀਰੇ ਮਾਸਟਰ ਨੇ ਸ਼ਹਿਰੋਂ ਆਉਂਦਿਆਂ ਦੋ ਤਿੰਨ ਪੰਜਾਬੀ ਦੇ ਅਖ਼ਬਾਰ ਤਰੋੜ ਮਰੋੜ ਕੇ ਸੱਥ ਵਿੱਚ ਬੈਠੇ ਲੋਕਾਂ ਨੂੰ ਲਿਆ ਫੜਾਏ। ਅਖਬਾਰ ਵੇਖ ਕੇ ਤਾਇਆ ਬਘੇਲ ਸਿਉਂ ਕਹਿੰਦਾ, "ਕਿਉਂ ਬਈ ਮਾਹਟਰ !ਅੱਜ ਕੋਈ ਨਵੀਂ ਖ਼ਬਰ ਲਗਦੀ ਐ 'ਖਬਾਰ 'ਚ, ਜਿਹੜਾ ਥੱਬਾ 'ਖਬਾਰ ਦਾ ਲਿਆਂਦਾ।" ਮਾਸਟਰ ਨੇ ਤਾਏ ਨੂੰ ਝੱਟ ਹਾਂ 'ਚ ਜਵਾਬ ਦਿੱਤਾ, "ਅੱਜ ਤਾਂ ਬਾਬਾ ਜੀ ਉਤਲੀਆਂ ਵੋਟਾਂ ਦੇ ਹੀ ਗਾਣੇ ਗਾਈ ਜਾਂਦੇ ਐ ਸਾਰੇ ਅਖ਼ਬਾਰ।" ਕੋਲ ਬੈਠਾ ਸੀਤਾ ਮਰਾਸੀ ਮਾਸਟਰ 'ਤੇ ਹੀ ਤੋੜਾ ਝਾੜਦਾ ਬੋਲਿਆ, "'ਖਬਾਰ ਤਾਂ ਸਾਰਾ ਮਾਸਟਰ ਨੇ ਈਂ ਪੜ੍ਹ ਕੇ ਘਸਾਅ 'ਤਾ, ਇਹਦੇ ਵਿੱਚ ਕੀ ਰਹਿ ਗਿਆ ਪੜ੍ਹਣ ਨੂੰ ਹੁਣ। ਇਨ੍ਹਾਂ ਵਿੱਚ ਤਾਂ ਛੱਡਿਆ ਈ ਕੁਸ ਨ੍ਹੀ, ਤਾਹੀਂ ਤਾਂ ਵੱਟ ਖਾਈ ਪਏ ਐ।" ਮਾਸਟਰ ਨੇ ਮੋੜਵੀਂ ਗੱਲ 'ਚ ਝੱਟ ਜਵਾਬ ਦੇ ਦਿੱਤਾ, "ਇਹ ਕੋਈ ਗੰਨਾਂ ਬਈ ਜਿਹੜਾ ਮੈਂ ਚੂਪ ਕੇ ਸਿੱਟ 'ਤਾ। ਪੜ੍ਹਣੈ ਐਂ ਪੜ੍ਹ ਲੋ, ਨਹੀਂ ਤਾਂ ਉਰ੍ਹੇ ਫੜਾਓ ਮੈਂ ਘਰ ਨੂੰ ਲੈ ਜਾਨਾਂ।" ਮਾਸਟਰ ਨੂੰ ਅੱਗ ਦਾ ਅੰਗਿਆਰ ਬਣਿਆਂ ਵੇਖ ਕੇ ਤਾਇਆ ਬਘੇਲ ਸਿਉਂ ਕਹਿੰਦਾ, "ਮਾਹਟਰ ਜੀ ! ਇਹ ਤਾਂ ਭਲਾਂ ਅਣਪੜ੍ਹ ਬੰਦਾ, ਤੁਸੀਂ ਤਾਂ ਪੜ੍ਹੇ ਲਿਖੇ ਓਂ, ਤੁਸੀਂ ਕਿਉਂ ਗੁੱਸਾ ਕਰ ਗੇ। ਇਹਨੇ ਤਾਂ ਹਾਸੇ ਠੱਠੇ 'ਚ ਕਿਹਾ, ਤੇਰੇ ਨਾਲ ਕਿਹੜਾ ਏਹਦੀ ਕੋਈ ਦੁਸ਼ਮਣੀ ਐਂ, ਨਾਲੇ ਮਰਾਸੀਆਂ ਕੋਲ ਤਾਂ ਟਿੱਚਰਾਂ ਈਂ ਹੁੰਦੀਆਂ, ਇਨ੍ਹਾਂ ਨੇ ਕਿਹੜਾ ਮੰਡੀ 'ਚ ਨਰਮੇ ਦੀ ਬੋਲੀ ਲਾਉਣੀ ਹੁੰਦੀ ਐ।" ਗੱਲ ਸੁਣੀ ਜਾਂਦੇ ਨਾਲ ਬੈਠੇ ਨਾਥੇ ਅਮਲੀ ਨੇ ਫੇਰ ਮਾਰ 'ਤਾ ਸਿੰਗ, "ਸਰਕਾਰ ਨੇ ਵੀ ਤਾਂ ਏਸੇ ਕੰਮ ਨੂੰ ਮਾਹਟਰ ਬਣਾਏ ਐ ਬਈ ਲੋਕ ਪੜ੍ਹ ਲਿਖ ਜਾਣ।"

ਸੰਧੂਆਂ ਦਾ ਦੇਵ ਕਹਿੰਦਾ, "ਅਮਲੀਆ ! ਜੇ ਕੋਈ ਨਾ ਪੜ੍ਹੇ ਜਾਂ ਕੋਈ ਪੜ੍ਹਣ ਆਲਾ ਨਾ ਹੋਵੇ, ਫੇਰ ?" ਅਮਲੀ ਕਹਿੰਦਾ, "ਫੇਰ ਕੀ, ਫੇਰ ਮਾਹਟਰ ਚੰਦੀਗੜ੍ਹ ਦੇ ਘੈਂਟਾ ਘਰ ਜਾ ਕੇ ਪੁਲਸ ਤੋਂ ਕੁੱਟ ਖਾਣੀ ਸਿੱਖ ਆਉਂਦੇ ਐ ਤੇ ਆਉਂਦੇ ਹੋਏ ਵਾਪਸ ਮੁੜਦੇ ਦੋ-ਦੋ ਤਿੰਨ ਤਿੰਨ ਦਾਰੂ ਦੀਆਂ ਸੀਸੀਆਂ ਲੈ ਆਉਂਦੇ ਐ, ਕਹਿੰਦੇ ਚੰਦੀਗੜ੍ਹੋਂ ਬੜੀ ਸਸਤੀ ਮਿਲਦੀ ਐ।" ਤਾਇਆ ਬਘੇਲ ਸਿਉਂ ਕਹਿੰਦਾ, "ਸੀਸੀਆਂ ਕਿਹੜੀਆਂ ?" ਅਮਲੀ ਕਹਿੰਦਾ, "ਆਹ ਸ਼ਰਾਬ ਆਲੀਆਂ ਬੋਤਲਾਂ।" ਮਰਾਸੀ ਨੇ ਅਮਲੀ ਦੀ ਗੱਲ ਸੁਣ ਕੇ ਫੇਰ ਟਿੱਚਰ ਦੀ ਚੰਗਿਆੜੀ ਛੱਡ ਦਿੱਤੀ, "ਫੇਰ ਤਾਂ ਸਾਰੇ ਸਕੂਲਾਂ ਦੇ ਮਾਹਟਰ 'ਕੱਠੇ ਹੋ ਕੇ ਸੀਸੀਆਂ ਈ ਲੈਣ ਜਾਂਦੇ ਐ।" ਅਮਲੀ ਕਹਿੰਦਾ, "ਕੁੱਟ ਮੁਖਤ ਦੀ ਖਾ ਆਉਂਦੇ ਐ, ਸ਼ੀਸ਼ੀਆਂ ਮੁੱਲ ਲੈ ਆਉਂਦੇ ਐ।" ਤਾਇਆ ਬਘੇਲ ਸਿਉਂ ਹੱਸ ਕੇ ਬੋਲਿਆ, "ਅਮਲੀਆ ! ਘੈਂਟਾ ਘਰ ਨ੍ਹੀ ਓਏ, ਘੰਟਾ ਘਰ ਹੁੰਦਾ। ਨਾਲੇ ਘੰਟਾ ਘਰ ਤਾਂ ਲੁਧਿਆਣੇ ਐਂ, ਚੰਦੀਗੜ੍ਹ ਤਾਂ ਦਾ ਮਟਕ ਚੌਂਕ ਐ, ਜਿੱਥੇ ਇਹ ਮਾਹਟਰ ਮੁਜ਼ਾਹਰਾ ਕਰਨ ਜਾਂਦੇ ਐ।" ਨਾਥਾ ਅਮਲੀ ਤਾਏ ਦੀ ਗੱਲ ਸੁਣ ਕੇ ਕਹਿੰਦਾ, "ਚੱਲ ! ਘੰਟਾ ਹੋਇਆ ਕਿ ਘੈਂਟਾ ਹੋਇਆ, ਹੈ ਤਾਂ ਸਹੀ ਕੁਸ, ਗੱਲ ਤਾਂ ਕੁੱਟ ਖਾਣ ਦੀ ਐ ਬਈ ਮਾਹਟਰਾਂ ਨੂੰ ਕੁੱਟਣ ਆਲੇ ਵੀ ਮਾਹਟਰ ਬੈਠੇ ਐ ਮੂਹਰੇ, 'ਜਦ ਪੈਂਦੇ ਐ ਹੂਰੇ, ਹੋ ਹੋ ਦੂਹਰੇ, ਫੇਰ ਰੋਵਣ ਵਾਂਗ ਕਤੂਰੇ, ਸਾਡੇ ਮਾਸਟਰ ਜੀ'।" ਅਮਲੀ ਦਾ ਟੋਟਕਾ ਸੁਣ ਕੇ ਸੱਥ ਵਿੱਚ ਹਾਸੜ ਮੱਚ ਗੀ। ਅਮਲੀ ਫੇਰ ਚੱਲ ਪਿਆ ਬਖਤੌਰੇ ਰਾਠ ਦੀ ਖੱਚਰ ਰੇੜ੍ਹੀ ਵਾਂਗੂੰ, "ਨਾਲੇ ਇਹ ਤਾਂ ਉਹ ਗੱਲ ਐ ਕਿ ਸੁਨਿਆਰ ਦੀ ਠੱਕ ਠੱਕ-ਲੁਹਾਰ ਦੀ ਇੱਕੋ ਸੱਟ। ਇਹ ਤਾਂ ਇੱਕ ਵਾਰ ਕੁੱਟ ਖਾ ਕੇ ਆਉਂਦੇ ਐ ਤੇ ਜੁਆਕਾਂ ਨੂੰ ਇਹ ਨਿੱਤ ਕੁੱਟਦੇ ਐ। ਇਹ ਤਾਂ ਦਾਰੂ ਲੈਣ ਈ ਜਾਂਦੇ ਐ ਓੱਥੇ। ਪੁਲਸ ਦੀਆਂ ਡਾਂਗਾਂ ਦੀ ਪੀੜ ਸਹਿਣ ਲਈ ਦਾਰੂ ਲੈ ਲੈਂਦੇ ਐ। ਚੰਦੀਗੜ੍ਹੋਂ ਤੁਰਦੇ ਤੁਰਦੇ ਹੀ ਦੋ-ਦੋ ਹਾੜੇ ਲਾ ਲੈਂਦੇ ਐ। ਘਰ ਆ ਕੇ ਘਰ ਆਲੀ ਤੋਂ ਘੋਟਨੇ ਪੈਂਦੇ ਐ ਫਿਰ। ਪਹਿਲਾਂ ਪੁਲਸ ਤੋਂ ਕੁੱਟ ਖਾਂਦੇ ਐ ਫੇਰ ਘਰ ਆਇਆਂ ਦਾ ਦਾਰੂ ਪੀਤੀ ਕਰਕੇ ਘਰ ਆਲੀ ਲੈਂਦੀ ਐ ਝੱਗੇ ਦਾ ਮੈਚ। ਅਗਲੇ ਦਿਨ ਜਦੋਂ ਸਕੂਲ ਜਾਂਦੇ ਐ ਫੇਰ ਜੁਆਕਾਂ ਤੇ ਲਾਹੁੰਦੇ ਐ ਬੀੜ੍ਹੀ ਦਾ ਵੱਟਾ ਇਹੇ। ਇਨ੍ਹਾਂ ਦਾ ਬੱਸ ਇਹੀ ਕੰਮ ਐਂ, ਜੁਆਕਾਂ ਨੂੰ ਇਨ੍ਹਾਂ ਨੇ ਕੀ ਪੜ੍ਹਾਉਣੈ, ਜਿਹੋ ਜਿਹਾ ਚੰਦੀਗੜ੍ਹੋਂ ਪੜ੍ਹ ਕੇ ਆਉਂਦੇ ਐ ਓਹੋ ਜਾ ਫਿਰ ਸਕੂਲ ਆ ਕੇ ਜੁਆਕਾਂ ਨੂੰ ਪੜ੍ਹਾਉਂਦੇ ਐ।" ਤਾਏ ਬਘੇਲ ਸਿਉਂ ਨੇ ਨਾਥੇ ਅਮਲੀ ਨੂੰ ਫੇਰ ਲਾ 'ਤੀ ਆਰ, "ਅਮਲੀਆ ! ਇਹ ਤਾਂ ਹੁਣ ਲਟੈਰ ਐ, ਹੁਣ ਕਿਹੜਾ ਇਹ ਸਕੂਲ ਜਾਂਦਾ ਇਹੇ।" ਅਮਲੀ ਕਹਿੰਦਾ, "ਤਾਹੀਂ ਤਾਂ ਹੁਣ ਸੱਥ 'ਚ ਆ ਕੇ ਲੋਕਾਂ ਨਾਲ ਖਹਿੰਦਾ ਫਿਰਦਾ ਜਿਵੇਂ ਮੱਝ ਛਿਟੀਆਂ ਦੇ ਕੁਨੂੰ ਨਾਲ ਖਹਿੰਦੀ ਹੁੰਦੀ ਐ। ਜਦੋਂ ਸਿੰਗਾਂ 'ਚ ਛਿਟੀਆਂ ਫਸ ਜਾਂਦੀਆਂ ਫੇਰ ਟਿਕ ਕੇ ਬਹਿ ਜਾਂਦੀ ਐ, ਓਵੇਂ ਇਹ ਵੀ ਚੰਦੀਗੜ੍ਹੋਂ ਕੁੱਟ ਖਾ ਕੇ ਤਿੰਨ ਚਾਰ ਮਹੀਨੇ ਟਿਕ ਜਾਂਦੇ ਐ।" ਰਾਜੇ ਕਾ ਛਿੰਦੂ ਮਾਸਟਰ ਨੂੰ ਕਹਿੰਦਾ, "ਸੁਣਦੈਂ ਮਾਹਟਰ ! ਤੂੰ ਤਾਂ ਯਾਰ ਜਮਾਂ ਈ ਚੁੱਪ ਕਰ ਗਿਐਂ ਜਿਵੇਂ ਕੰਨਾਂ ਤੋਂ ਬੋਲ਼ਾ ਹੁੰਨੈਂ।" ਛਿੰਦੂ ਦੀ ਗੱਲ ਸੁਣ ਕੇ ਅਮਲੀ ਛਿੰਦੂ ਨੂੰ ਵੀ ਸੂਈ ਕੁੱਤੀ ਵਾਂਗੂੰ ਪੈ ਨਿੱਕਲਿਆ, "ਉਏ ਬੰਦਾ ਕੰਨਾਂ ਤੋਂ ਈ ਬੋਲ਼ਾ ਹੁੰਦਾ, ਹੋਰ ਨੱਕ ਤੋਂ ਥੋੜੋ ਬੋਲਾ ਹੁੰਦੈ, ਦੇਖ ਲੈ ਤਾਇਆ, ਆ ਗਿਆ ਵੱਡਾ ਡਾਕਟਰ ਕਪਲਾ ਏਹੇ।"

ਸਾਰੀ ਸੱਥ ਮਾਸਟਰ ਦੇ ਉੱਤੋਂ ਦੀ ਪਈ ਵੇਖ ਕੇ ਮੱਘਰ ਫੌਜੀ ਬੋਲਿਆ ਫਿਰ ਮਾਸਟਰ ਦੇ ਪੱਖ 'ਚ, "ਕਿਉਂ ਯਾਰ ਮਾਹਟਰਾਂ ਨੂੰ ਨਿੰਦੀ ਜਾਨੇਂ ਓਂ, ਨਾਲੇ ਤਾਂ ਏਹਨੇ ਹੁਣ ਤੱਕ ਸੋਡੇ ਜੁਆਕ ਪੜ੍ਹਾਏ ਐ, ਨਾਲੇ ਸੋਨੂ ਪੜ੍ਹਣ ਨੂੰ ਅਖਬਾਰ ਲਿਆ ਕੇ ਦਿੱਤੇ ਐ, ਉਲਟੀ ਏਹਦੇ ਤੇ ਈ ਸੂਈ ਧਰ ਲੀ ਤੁਸੀਂ। ਤਾਇਆ 'ਖਬਾਰ ਪੜ੍ਹ ਤੂੰ ਕੀ ਲਿਖਿਆ ਏਹਦੇ ਵਿੱਚ, ਇਹ ਤਾਂ ਐਵੇਂ ਬੋਲੀ ਜਾਦੇ ਐ।"

ਤਾਏ ਨੂੰ ਅਖ਼ਬਾਰ ਪੜ੍ਹਣ ਦਾ ਹੁਕਮ ਲਾ ਕੇ ਫੌਜੀ ਨੇ ਅਮਲੀ ਨੂੰ ਵੀ ਘੂਰ ਦਿੱਤਾ, "ਅਮਲੀਆ ! ਵਿੱਚ ਨਾ ਬੋਲੀਂ ਹੁਣ, ਸੁਣੀਂ ਜਾਈਂ ਚੁੱਪ ਕਰਕੇ।"

ਤਾਏ ਬਘੇਲ ਸਿਉਂ ਨੇ ਦੱਸਿਆ ਕਿ ਵੱਡੀਆਂ ਵੋਟਾਂ ਲਈ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਵੰਡ ਦਿੱਤੇ ਐ।

ਅਮਲੀ ਨੇ ਚੋਣ ਨਿਸ਼ਾਨਾਂ ਦੀ ਖਬਰ ਸੁਣ ਕੇ ਤਾਏ ਤੋਂ ਚੋਣ ਨਿਸ਼ਾਨਾਂ ਬਾਰੇ ਪੁੱਛਿਆ, "ਬਾਦਲ ਪ੍ਰਗਾਸ ਨੂੰ ਕਿਹੜਾ ਚੋਣ ਨਿਸ਼ਾਨ ਮਿਲਿਆ ਤਾਇਆ ?"

ਤਾਇਆ ਕਹਿੰਦਾ, "ਟਰੈਕਟਰ।"

ਟਰੈਕਟਰ ਦਾ ਨਾਂ ਸੁਣਕੇ ਅਮਲੀ ਗਦ ਗਦ ਕਰ ਉੱਠਿਆ, "ਕਿਉਂ ! 'ਵੇਖਿਆ ਜੱਟ ਦੇ ਪੁੱਤ ਦੀ ਪਛਾਣ। ਬੰਦਾ ਕੰਮਾਂ ਕਾਰਾਂ ਤੋਂ ਪਛਾਣਿਆਂ ਜਾਂਦਾ। ਜਿਹੜੀ ਚੀਜ਼ ਜੱਟ ਦੀ ਜਾਨ ਐਂ, ਓਹੀ ਚੋਣ ਨਿਸ਼ਾਨ ਮਿਲਿਆ। ਇਹਨੂੰ ਕਹਿੰਦੇ ਐ ਬਾਦਲ ਸਿਉਂ।"

ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ'
1-604-751-1113

ਅਮਲੀ ਬਾਦਲ ਪੱਖੀ ਹੋਣ ਕਰਕੇ ਬਾਦਲ ਦੀਆਂ ਈ ਸਿਫ਼ਤਾਂ ਕਰੀ ਜਾਵੇ। ਸੀਤੇ ਮਰਾਸੀ ਨੂੰ ਅਮਲੀ ਤੇ ਗੁੱਸਾ ਆਇਆ, ਕਿਉਂਕਿ ਸੀਤਾ ਮਾਨ ਪੱਖੀ ਸੀ। ਜਦੋਂ ਤਾਏ ਨੇ ਦੱਸਿਆ ਕਿ ਸਿਮਰਨਜੀਤ ਮਾਨ ਨੂੰ ਘੋੜਾ ਚੋਣ ਨਿਸ਼ਾਨ ਮਿਲਿਆ ਤਾਂ ਅਮਲੀ, ਸੀਤੇ ਤੋਂ ਡਰਦਾ ਮਾਨ ਦੇ ਖਿਲਾਫ਼ ਬੋਲਣੋਂ ਇਸ ਕਰਕੇ ਚੁੱਪ ਕਰ ਗਿਆ ਕਿ ਜੇ ਕਿਤੇ ਮੈਂ ਮਾਨ ਨੂੰ ਕੁਝ ਕਹਿ ਬੈਠਾ ਤਾਂ ਸੀਤਾ ਕੁੱਟ ਕੁੱਟ ਕਿਤੇ ਬਾਘੜ ਬਿੱਲੇ ਅਰਗਾ ਕਰ ਦੂ। ਸੀਤੇ ਤੋਂ ਡਰਦਾ ਅਮਲੀ ਝੱਟ ਮਾਨ ਵੱਲ ਦਾ ਹੋ ਕੇ ਬੋਲਿਆ, "ਵਾਹ ਬਈ ਵਾਹ ! ਕਿਉਂ ਕਰਤੀ ਨਾ ਕਮਾਲ, ਕੋਈ ਜਮਾਨਾਂ ਹੁੰਦਾ ਸੀ ਕਿ ਰਾਜੇ ਮਹਾਰਾਜੇ ਘੋੜਿਆਂ 'ਤੇ ਈ ਸਵਾਰੀ ਕਰਦੇ ਹੁੰਦੇ ਸੀ, ਏਹਨੂੰ ਕਹਿੰਦੇ ਐ ਡਮਾਕ।"

ਤਾਏ ਦੇ ਪਿੱਛੇ ਬੈਠਾ ਰਤਨਾ ਚੌਕੀਦਾਰ ਕਹਿੰਦਾ, "ਬਘੇਲ ਸਿਆਂ ! ਆਹ ਇੱਕ ਹਰਿਆਣੇ ਤੋਂ ਜਥੇਦਾਰ ਜਾ ਬੜਾ ਰੌਲਾ ਪਾਈ ਜਾਂਦਾ ਸੀ, ਉਹਨੂੰ ਕਿਹੜਾ ਚੋਣ ਨਿਸ਼ਾਨ ਮਿਲਿਆ ?"

ਤਾਇਆ ਤਾਂ ਅਜੇ ਬੋਲਿਆ ਨਾ, ਦਿਆਲਾ ਮਿਸਤਰੀ ਕਹਿੰਦਾ, "ਮੈ ਸੁਣਿਐਂ ਓਹਨੂੰ ਰੇਲ ਗੱਡੀ ਚੋਣ ਨਿਸ਼ਾਨ ਮਿਲਿਆ।"

ਅਮਲੀ ਨੇ ਫੇਰ ਦਵੱਲ 'ਤਾ ਟੱਟੂ ਵਿੱਚੇ ਈ, "ਲੈ ਬਈ ਮਿੱਤਰਾ ਹਰਿਆਣੇ ਆਲਿਆ, ਜੇ ਤੂੰ ਜਿੱਤਣੈ ਤਾਂ ਹਰਿਆਣੇ ਚੋਂ ਈਂ ਭਰ ਲਿਆ ਰੇਲ ਗੱਡੀ ਭੁੱਕੜ ਦੀ, ਫੇਰ ਵੇਖੀਂ ਕਿਵੇਂ ਡਿੱਗਦੀਆਂ ਵੋਟਾਂ, ਜਿਵੇਂ ਪਾਟੀ ਵੀ ਬੋਰੀ ਚੋਂ ਗਾਜ਼ਰਾਂ ਡਿੱਗਦੀਆਂ ਹੁੰਦੀਆਂ, ਨਾਲੇ ਵੇਖੀਂ ਕਿੰਨੇ ਐਂ ਅਮਲੀ ਏਥੇ, ਭੋਰਾ ਭੋਰਾ ਖਾ ਕੇ ਫੇਰ ਵੇਖੀਂ ਕਿਵੇਂ ਮੂੰਹ ਤਾਈਂ ਬੁਕਦੇ ਸੰਦੂਖੜੀ ਨੂੰ।"

ਸੀਤਾ ਕਹਿੰਦਾ, "ਕਿਤੇ ਬਹੁਤੇ ਰੱਜ ਕੇ ਸੰਦੂਖੜੀ ਨਾ ਲੈ ਜਿਓ ਚੱਕ ਕੇ, ਹੋਰ ਲੈਣੇ ਦੀਆਂ ਦੇਣੀਆਂ ਪੈ ਜਾਣ।"

ਕੋਲ ਬੈਠਾ ਮਾਸਟਰ ਲਾਲ ਸਿਉਂ ਕਹਿੰਦਾ, "ਰੇਲ ਗੱਡੀ ਤਾਂ ਕਿਸੇ ਹੋਰ ਦੀ ਐ।"

ਹੋਰ ਕਿਸੇ ਦਾ ਨਾਂ ਸੁਣ ਕੇ ਅਮਲੀ ਤਾਏ ਨੂੰ ਕਹਿੰਦਾ, "ਤਾਇਆ ! ਜੇ ਕਿਤੇ ਰੇਲ ਗੱਡੀ ਦਾ ਨਿਸ਼ਾਨ ਇਨ੍ਹਾਂ ਤੋਂ ਹਰਿਆਣੇ ਆਲੇ ਭਾਈ ਨੂੰ ਲੈ ਦਿਉਂ, ਗੱਲ ਬਣ ਜੇ, ਫੇਰ ਆਊ ਨਜ਼ਾਰਾ, ਵੇਖੀਂ ਕਿਵੇਂ ਲਿਆਉਣਗੇ ਤੂੜੀ ਆਂਗੂੰ ਲੱਦ ਕੇ ਭੁੱਕੜ ਨਾਲ। ਫੇਰ ਵੇਖੀਂ ਅਮਲੀ ਵੋਟਾਂ ਪਾਉਂਦੇ।"

ਸੀਤਾ ਮਰਾਸੀ ਹੱਲਾ ਕਰਕੇ ਪੈ ਗਿਆ ਅਮਲੀ ਨੂੰ, "ਅਮਲੀਆ ਤੇਰੀ ਤਾਂ ਵੋਟ ਈ ਨ੍ਹੀ ਓਏ।"

ਅਮਲੀ ਨੇ ਸੀਤੇ ਨੂੰ ਮੋੜਵੇਂ ਜਵਾਬ 'ਚ ਖੂੰਜੇ ਲਾ ਦਿੱਤਾ, "ਬੈਠਾ ਰਹਿ ਓਏ ! ਜਦੋਂ ਤੂੰ ਬਿੰਬਰੀ 'ਚ ਉੱਠਿਆ ਸੀ ਤੈਨੂੰ ਤਾਂ ਤੇਰੀ ਘਰ ਆਲੀ ਨੇ ਵੀ ਵੋਟ ਨ੍ਹੀ ਸੀ ਪਾਈ, ਮੈਨੂੰ ਦੱਸਦਾ ਕਿ ਤੇਰੀ ਤਾਂ ਅਕੇ ਵੋਟ ਈ ਨ੍ਹੀ। ਤੇਰੀ ਤਾਂ ਵੋਟ ਸੀ ਗੀ। ਤੇਰੀ ਵੋਟ ਤੈਥੋਂ ਨੇਕ ਬਿੰਬਰ ਈ ਪੁਆ ਗਿਆ ਸੀ, ਗੱਲਾਂ ਤੂੰ ਕਰਦੈਂ ਨਾਥੇ ਨਾਲ।"

ਏਨੇ ਨੂੰ ਤਾਈ ਦਲੀਪ ਕੌਰ ਸੱਥ ਵੱਲ ਜਾਂਦੇ ਤਾਰੇ ਕੇ ਮੇਜਰ ਨੂੰ 'ਵਾਜ਼ ਮਾਰ ਕੇ ਕਹਿੰਦੀ, "ਵੇ ਮੇਜਰਾ ! ਵੇ ਆਵਦੇ ਬਾਬੇ ਨੂੰ ਭੇਜੀਂ ਸੱਥ ਚੋਂ, ਲੌਣਿਓਂ ਬੰਦੇ ਆਏ ਐ ਘਰੇ।" ਟਿੱਚਰੀ ਮੱਤ ਦੇ ਮੇਜਰ ਨੇ ਅੰਬੋ ਦੇ ਸੁਨੇਹੇ ਨਾਲ ਬਰਫ਼ ਦਾ ਹੁਕਮ ਆਵਦੇ ਕੋਲੋਂ ਹੀ ਲਾ ਕੇ ਬਘੇਲ ਸਿਉਂ ਨੂੰ ਸੱਥ 'ਚ ਆ ਕੇ ਕਹਿੰਦਾ, "ਬਾਬਾ ! ਅੰਬੋ ਨੇ ਘਰੇ ਸੱਦਿਐ ਤੈਨੂੰ, ਸਕੀਰੀ ਚੋਂ ਬੰਦੇ ਆਏ ਐ', ਨਾਲੇ ਬਰਫ਼ ਲੈ ਜੀਂ ਜਨਕੇ ਦੀ ਹੱਟ ਤੋਂ ਨੇਂਬੂ ਪਾਣੀ ਆਸਤੇ।"

ਤਾਈ ਦਾ ਹੁਕਮ ਸੁਣ ਕੇ ਜਿਉਂ ਹੀ ਤਾਇਆ ਸੱਥ ਚੋਂ ਉੱਠ ਕੇ ਘਰ ਨੂੰ ਤੁਰਿਆ ਤਾਂ ਸੱਥ 'ਚ ਬੈਠੇ ਸਾਰਿਆਂ ਨੇ ਹੀ ਆਪੋ ਆਪਣੇ ਘਰਾਂ ਨੂੰ ਚਾਲੇ ਪਾ ਦਿੱਤੇ ਜਿਵੇਂ ਉਨ੍ਹਾਂ ਦੇ ਘਰੇ ਵੀ ਰਿਸ਼ਤੇਦਾਰੀ 'ਚੋਂ ਬੰਦੇ ਆਏ ਹੋਣ।

# ਹਉਮੈਂ



ਹਰਪ੍ਰੀਤ ਸਿੰਘ ਸੈਮੀ
8727906513

ਅੱਜ ਦੇ ਆਧੁਨਿਕ ਯੁੱਗ ਵਿਚ ਇਕ ਅਜੀਬ ਤਰ੍ਹਾਂ ਦੀ ਬਿਮਾਰੀ ਹਰ ਵਰਗ ਦੇ ਮਨੁੱਖ ਨੂੰ ਲੱਗੀ ਹੋਈ ਹੈ ⬇ ਖਾਸ ਕਰਕੇ ਨਵੇ ਵਰਗ ਦੇ ਨੌਜਵਾਨਾਂ ਵਿੱਚ ਜਿਆਦਾ ਪਾਈ ਜਾ ਰਹੀ ਹੈ ਇਸ ਦਾ ਨਾਂ ਹੈ ਹਉਮੈਂ। ਅੱਜ ਕੱਲ੍ਹ ਹਰ ਇਨਸਾਨ ਹੰਕਾਰ ਨਾਲ ਭਰਿਆ ਦਿੱਸਦਾ ਹੈ। ਆਧੁਨਿਕ ਵਰਗ ਦੇ ਬਹੁਤ ਘੱਟ ਲੋਕਾਂ ਵਿੱਚ ਸਹਿਣਸ਼ੀਲਤਾ ਦੇਖਣ ਨੂੰ ਮਿਲਦੀ ਹੈ ⬇ ਹਉਮੈਂ ਕਾਰਨ ਹਰ ਵਿਅਕਤੀ ਵਿੱਚ ਗੁੱਸਾ ਵੀ ਭਰਿਆ ਮਿਲਦਾ ਹੈ ਤੇ ਕਿਸੇ ਦੂਜੇ ਦੀ ਕਹੀ ਗੱਲ ਨੂੰ ਕੋਈ ਵੀ ਸੁਣਨ ਲਈ ਤਿਆਰ ਨਹੀਂ ਹੁੰਦਾ। ਨਿੱਕੀ ਨਿੱਕੀ ਗੱਲ ਤੋਂ ਸੁਰੂ ਹੋਏ ਨਿੱਕੇ ਨਿੱਕੇ ਝਗੜੇ ਬੜੀ ਜਲਦੀ ਜਿਹਾਦ ਦਾ ਰੂਪ ਧਾਰ ਲੈਂਦੇ ਹਨ। ਇਸ ਹਉਮੈਂ ਕਾਰਨ ਬਹੁਤ ਨੁਕਸਾਨ ਹੋ ਜਾਂਦਾ ਹੈ ਦੋ ਮਿੰਟ ਦੇ ਗੁੱਸੇ ਕਾਰਨ ਵੱਡੀਆਂ ਲੜਾਈਆਂ ਅਤੇ ਕਤਲ ਹੋ ਜਾਂਦੇ ਹਨ। ਦੁਨੀਆਂ ਨੂੰ ਜਿੱਤਣ ਵਾਲਾ ਸਿਕੰਦਰ ਵੀ ਆਖਰ ਵਿੱਚ ਇਹ ਕਹਿ ਕੇ ਗਿਆ ਹੈ ਕੇ ਯੁੱਧ ਨਾਲ ਉਸ ਨੇ ਬੇਸ਼ਕ ਸਾਰੀ ਦੁਨੀਆਂ ਜਿੱਤ ਲਈ ਪਰ ਪਿਆਰ ਨਾਲ ਉਹ ਦੁਨੀਆਂ ਤੇ ਇਕ ਵੀ ਦੋਸਤ ਨਹੀਂ ਬਣਾ ਸਕਿਆ। ਹਉਮੈਂ ਇਕ ਅਜਿਹਾ ਦੈਂਤ ਹੈ ਜਿਹੜਾ ਰਿਸ਼ਤੇ ਪਿਆਰ ਅਤੇ ਦੋਸਤੀ ਨੂੰ ਪਲਾਂ ਛਿਣਾਂ ਵਿੱਚ ਨਿਗਲ ਲੈਂਦਾ ਹੈ। ਇਸ ਨਾਲ ਘਰਾਂ ਨੂੰ ਟੁੱਟਦਿਆਂ ਬਹੁਤੀ ਦੇਰ ਨਹੀਂ ਲੱਗਦੀ ਘਰ ਦੇ ਨਿੱਕੇ ਨਿੱਕੇ ਮਸਲੇ ਦੁਨੀਆ ਲ ?ੀ ਤਮਾਸ਼ਾ ਬਣ ਜਾਂਦੇ ਹਨ ⬇

ਹਉਮੈਂ ਦੇ ਕਾਰਨ ਹੀ ਲੋਕ ਆਪਣਾ ਮਿਹਨਤ ਨਾਲ ਕਮਾਇਆ ਪੈਸਾ ਅਤੇ ਕੀਮਤੀ ਵਕਤ ਥਾਣੇ-ਕਚਿਹਰੀਆ ਵਿੱਚ ਬਰਬਾਦ ਕਰਦੇ ਹਨ। ਹਉਮੈਂ ਕਾਰਨ ਪੈਦਾ ਹੋਈ ਦੁਸ਼ਮਣੀ ਕਈ ਪੀੜ੍ਹੀਆਂ ਤੱਕ ਚਲਦੀ ਰਹਿੰਦੀ ਹੈ ਜੋ ਇਨਸਾਨ ਦਾ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਦੀ ਹੈ। ਪਿਆਰ ਨਾਲ ਹਉਮੈਂ ਉੱਪਰ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ ⬇ ਗੁਰਬਾਣੀ ਵਿੱਚ ਵੀ ਕਿਹਾ ਗਿਆ ਹੈ ,,ਹਉਮੈਂ ਦੀਰਘ ਰੋਗ ਹੈ ਭਾਵ ਕਿ ਹਉਮੈਂ ਇੱਕ ਲਾਇਲਾਜ ਬਿਮਾਰੀ ਹੈ। ਗੁਰਬਾਣੀ ਨੂੰ ਪੜ੍ਹਨ ਜਾਂ ਸੁਣਨ ਨਾਲ ਵੀ ਹਉਮੈਂ ਉਪਰ ਕਾਬੂ ਪਾਇਆ ਜਾ ਸਕਦਾ ਹੈ। ਹਉਮੈਂ ਆਉਣ ਦਾ ਸਭ ਤੋਂ ਵੱਡਾ ਕਾਰਨ ਹੈ ਆਧੁਨਿਕ ਯੁੱਗ ਦਾ ਬਦਲਦਾ ਰਹਿਣ ਸਹਿਣ ਅਤੇ ਖਾਧ-ਖੁਰਾਕ। ਅੱਜਕੱਲ੍ਹ ਬੱਚੇ ਸਾਦਾ ਦੇ ਪ੍ਰੋਟੀਨ ਵਾਲਾ ਭੋਜਨ ਛੱਡ ਕੇ ਹੋਟਲਾਂ ਦੇ ਮਸਾਲੇਦਾਰ ਅਤੇ ਤਲਿਆ ਭੋਜਨ ਖਾਣਾ ਪਸੰਦ ਕਰਦੇ ਹਨ। ਉਹ ਫਲਾਂ ਤੋਂ ਕੋਹਾਂ ਦੂਰ ਭੱਜਦੇ ਹਨ ਜਿਸ ਕਾਰਨ ਉਨ੍ਹਾਂ ਦੀ ਮਾਨਸਿਕ ਸ਼ਕਤੀ ਘੱਟ ਰਹੀ ਹੈ।

ਇਸਤੋਂ ਇਲਾਵਾ ਅੱਜਕੱਲ ਸਰੀਰਕ ਕੰਮ ਘੱਟ ਗਿਆ ਹੈ ਤੇ ਮਾਨਸਿਕ ਵੱਧ ਗਿਆ ਹੈ। ਹਰ ਇਕ ਬੰਦਾ ਜਿੰਦਗੀ ਤੋਂ ਅੱਕਿਆ ਗੱਲ ਪੈਂਦਾ ਨਜ਼ਰੀ ਪੈਂਦਾ ਹੈ।ਹਰ ਕੋਈ ਆਪਣੇ ਆਪ ਨੂੰ ਗਿਆਨੀ ਸਮਝਦਾ ਹੋਇਆ ਗਿਆਨ ਵੰਡਣ ਲਈ ਕਾਹਲਾ ਹੈ।ਦੂਜੇ ਦੀ ਗੱਲ ਕੋਈ ਨਹੀਂ ਸੁਣਦਾ। ਚੰਗੀ ਜਿੰਦਗੀ ਬਸਰ ਕਰਦੇ ਲੋਕ ਵੀ ਸਿਰਫ ਹਉਮੈਂ ਕਾਰਨ ਹੀ ਜੇਲ੍ਹ ਤਕ ਪੁੱਜ ਜਾਂਦੇ ਹਨ। ਇਨਸਾਨ ਦੁਨੀਆਂ ਤੇ ਖਾਲੀ ਹੱਥ ਆਇਆ ਹੈ ਤੇ ਖਾਲੀ ਹੀ ਜਾਣਾ ਹੈ। ਸਾਨੂੰ ਤੇ ਇਹ ਵੀ ਨਹੀਂ ਪਤਾ ਹੁੰਦਾ ਕਿ ਅਸੀਂ ਜਿਸ ਕੱਲ ਲਈ ਲੜਦੇ ਹਾਂ ਓਹ ਅਵਗਾ ਵੀ ਜਾ ਨਹੀ। ਦੋ ਪਲ ਦੀ ਜਿੰਦਗੀ ਅਸੀ ਸਕੂਨ ਨਾਲ ਕਿਉ ਨਹੀਂ ਗੁਜਾਰ ਲੈਂਦੇ।ਏਵੇਂ ਪੈਸੇ ਦੀ ਕਦੇ ਨਾ ਮੁੱਕਣ ਵਾਲੀ ਅੰਨ੍ਹੀ ਦੌੜ ਵਿਚ ਅਸੀਂ ਆਪਣੀ ਅਣਮੁੱਲੀ ਜਿੰਦਗੀ ਗੁਜਾਰਦੇ ਹੀ ਚਲੇ ਜਾਂਦੇ ਹਾਂ।

ਮਨ ਜੀਤੇ ਜਗ ਜੀਤ ਦੇ ਮਹਾਂਵਾਕ ਅਨੁਸਾਰ ਗੁੱਸੇ ਸ਼ਿਕਵੇ ਤੇ ਹਉਮੈਂ ਨੂੰ ਮਨ ਚੋਂ ਕੱਢ ਕੇ ਮਨ ਤੇ ਜਿੱਤ ਪ੍ਰਾਪਤ ਕਰਕੇ ਓਸਨੂੰ ਚੰਗੇ ਕੰਮਾਂ ਵਿੱਚ ਲਾਉਣਾ ਚਾਈਦਾ ਹੈ। ਇਸ ਨਾਲ ਹੀ ਸਾਡਾ ਤੇ ਪੂਰੀ ਮਨੁੱਖਤਾ ਦਾ ਭਲਾ ਹੋਵੇਗਾ। ਪਿਆਰ ਨਾਲ ਜੱਗ ਜਿੱਤਿਆ ਜਾ ਸਕਦਾ ਹੈ ਨਫਰਤਾਂ ਦੇ ਭਾਂਬੜ ਸਾਨੂੰ ਸਾੜ ਦਿੰਦੇ ਹਨ।

# ਬਾਬਾ ਡਫ਼ੂੰਗ ਦਾਸ



ਸੁਖਮੰਦਰ ਸਿੰਘ ਬਰਾੜ
'ਭਗਤਾ ਭਾਈ ਕਾ'
1-604-751-1113



ਹਰ ਰੋਜ਼ ਦੀ ਤਰਾਂ ਅੱਜ ਵੀ ਸੱਥ ਵਿੱਚ ਛੂਰੀ ਮਾਰਾਂ ਦੇ ਦੀਪੇ ਦੀ ਚਰਚਾ ਲੋਕਾਂ ਦੇ ਮੂੰਹਾਂ 'ਤੇ ਉਸੇ ਤਰਾਂ ਹੀ ਬੋਲ ਰਹੀ ਸੀ ਜਿਵੇਂ ਕਈ ਦਿਨਾਂ ਤੋਂ ਦੀਪੇ ਦੇ ਰੁੱਸ ਕੇ ਘਰੋਂ ਜਾਣ ਪਿੱਛੋਂ ਘਰ ਘਰ ਵਿੱਚ ਹੀ ਉਸ ਬਾਰੇ ਗੱਲਾਂ ਹੋ ਰਹੀਆਂ ਸਨ। ਦੀਪੇ ਨੂੰ ਘਰੋਂ ਰੁੱਸ ਕੇ ਗਏ ਨੂੰ ਭਾਵੇਂ ਦੋ ਮਹੀਨੇ ਤੋਂ ਵੱਧ ਸਮਾਂ ਹੋ ਗਿਆਂ ਸੀ, ਪਰ ਇਸ ਗੱਲ ਦੀ ਭਾਫ਼ ਨਿੱਕਲੀ ਨੂੰ ਅਜੇ ਪੰਜ ਸੱਤ ਦਿਨ ਹੀ ਹੋਏ ਸਨ।

ਜਿਉਂ ਹੀ ਤਾਰੇ ਮਿਸਤਰੀ ਕਾ ਜੱਗੀ ਸੱਥ ਵਿੱਚ ਆਇਆ ਤਾਂ ਬਾਬੇ ਨੰਦ ਸਿਉਂ ਨੇ ਅੱਖਾਂ ਤੋਂ ਐਨਕਾਂ ਠੀਕ ਕਰਦੇ ਨੇ ਜੱਗੀ ਨੂੰ ਪੁੱਛਿਆ, "ਕਿਉਂ ਬਈ ਜੱਗਿਆ! ਆਹ ਛੂਰੀ ਮਾਰਾਂ ਦਾ ਮੁੰਡਾ ਥਿਆਹ ਗਿਆ ਬਈ ?"

ਬਾਬੇ ਦੇ ਇਸ ਸਵਾਲ ਦਾ ਜਵਾਬ ਕੋਲ ਬੈਠੇ ਨਾਥੇ ਅਮਲੀ ਨੇ ਘੋਟਵੀਂ ਗੱਲ ਵਿੱਚ ਦਿੱਤਾ, "ਉਹ ਕਿਤੇ ਬਾਬਾ ਥਿਆਹੁਣ ਵਾਸਤੇ ਗਿਆ ਘਰੋਂ! ਕੰਮ ਤੋਂ ਟਲਦਾ ਕਿਸੇ ਸਕੀਰੀ 'ਚ ਬਹਿ ਗਿਆ ਹੋਣਾ ਜਾ ਕੇ। ਹੋਰ ਚੌਂਹ ਦਿਨਾਂ ਨੂੰ ਆ ਜੂ। ਕਿਹੜਾ ਝੱਲਦਾ ਸਿਆਲ ਦੇ ਦਿਨਾਂ 'ਚ ਕਿਸੇ ਨੂੰ ਕੋਈ। ਆਪ ਨੂੰ ਤਾਂ ਥਾਂ ਹੁੰਦਾ ਨ੍ਹੀ ਪੈਣ ਨੂੰ, ਦੂਜੇ ਨੂੰ ਕੋਈ ਕਿੱਥੇ ਪਾ ਦੂ ਜੈਪੁਰੀ ਗਦੈਲਿਆਂ 'ਤੇ ? ਨਾਲੇ ਉਹ ਕਿਹੜਾ ਗੁਆਚਿਆ ਵਿਆ, ਅਜੇ ਪੰਜ ਤਾਂ ਦਿਨ ਹੋਏ ਆ ਘਰੋਂ ਗਏ ਨੂੰ, ਏਦੂੰ ਬਾਹਲੇ ਬਾਹਲੇ ਦਿਨ ਤਾਂ ਆਪਣੇ ਅਗਵਾੜ ਆਲੇ ਪਾਲੀ ਤੇ ਮੱਖਣ ਅਰਗੇ ਸਹੁਰੀਂ ਲਾ ਆਉਂਦੇ ਐ।"

ਨਾਥੇ ਅਮਲੀ ਦੀ ਗੱਲ ਸੁਣ ਕੇ ਬਾਬਾ ਨੰਦ ਸਿਉਂ ਕਹਿੰਦਾ, "ਅਮਲੀਆ! ਤੇਰੀ ਤਾਂ ਉਨ੍ਹਾਂ ਦੇ ਘਰੇ ਆਮ ਈਂ ਆਉਣੀ ਜਾਣੀ ਐਂ, ਤੈਨੂੰ ਤਾਂ ਯਾਰ ਪਤਾ ਈ ਹੋਣੈ, ਭਲਾਂ ਕਿਹੜੀ ਗੱਲੋਂ ਰੁਸ ਕੇ ਗਿਆ ਓਹੋ ?"

ਨਾਥਾ ਅਮਲੀ ਕਹਿੰਦਾ, "ਤੂੰ ਵੀ ਬਾਬਾ ਕਮਾਲ ਦਾ ਈ ਬੰਦੈਂ, ਮੈਨੂੰ ਕੋਈ ਉਹ ਦੱਸ ਕੇ ਗਿਆ ਬਈ ਮੈਂ ਰੁੱਸ ਕੇ ਜਾਨੈਂ। ਨਾਲੇ ਮੈਥੋਂ ਕਿਹੜਾ 'ਗੂਠਾ ਲਵਾਉਣਾ ਸੀ ਓਹਨੇ ਰੁੱਸ ਕੇ ਜਾਣ ਦਾ। ਦਾਰੂ ਆਲਿਆਂ ਆਂਗੂੰ ਉਹਨੂੰ ਵੀ ਤੋੜ ਲੱਗੀ ਹੋਣੀ ਆਂ ਰੁੱਸਣ ਦੀ, ਬੱਸ ਚੜ੍ਹ ਗਿਆ ਹਰਨਾਂ ਦੇ ਸਿੰਗੀਂ। ਅੱਜ ਕੱਲ ਤਾਂ ਹਵਾ ਨਾਲ ਈ ਰੁੱਸ ਜਾਂਦੇ ਐ ਆਪਣੇ ਪਿੰਡ ਆਲੇ। ਅਜੇ ਪਰਸੋਂ ਮੱਘਰ ਕੇ ਪੱਪੇ ਨੂੰ ਲੈ ਕੇ ਆਏ ਆ ਸਕੀਰੀ 'ਚੋਂ, ਉਹ ਵੀ ਰੁੱਸ ਕੇ ਪਿਉ ਦੇ ਨਾਨਕੀਂ ਜਾ ਬੈਠਾ। ਕਹਿੰਦਾ 'ਬੱਲਬੋਟ ਲੈ ਕੇ ਦਿਉ'।"

ਬਾਬੇ ਨੇ ਪੁੱਛਿਆ, "ਇਹ ਬੱਕਬੋਟ ਕਾਸ ਨੂੰ ਕਹਿੰਦੇ ਐ ਬਈ ?"

ਬਾਬੇ ਦੀ ਗੋਲ ਟਿੱਚਰ ਸੁਣ ਕੇ ਅਮਲੀ ਹਰਖ ਕੇ ਬੋਲਿਆ, "ਆਹ ਸ਼ੈਂਕਲ ਮੋਟਰ, ਏਹਨੂੰ ਕਹਿੰਦੇ ਆ ਬੱਕਬੋਟ। ਲੈ ਦੱਸ ਬਾਬਾ! ਪੰਜ ਸੱਤ ਸੌ ਦੀ ਚੀਜ ਐ ਸਾਰੀ, ਕਿੱਡੀ ਕੁ ਗੱਲ ਐ ਇਹੇ, ਲੈ ਦਿੰਦੇ ਖਾਂ, ਕਿਹੜਾ ਕੋਈ ਜੁਆਜ ਮੰਗ ਲਿਆ ਸੀ ਬਈ ਖੜ੍ਹਾਉਣ ਨੂੰ ਥਾਂ ਨ੍ਹੀ ਘਰੇ। ਬਾਹਰਲਾ ਵਾੜਾ ਵਿਹਲਾ ਈ ਪਿਆ, ਚਾਹੇ ਦੋ ਸੌ ਹਾਥੀ ਬੰਨ੍ਹ ਲੈਣ ਉੱਥੇ।"

ਸੀਤਾ ਮਰਾਸੀ ਕਹਿੰਦਾ, "ਸ਼ੈਂਕਲ ਮੋਟਰ ਵੀ ਵੱਡਾ ਮੰਗਦਾ ਸੀ, ਜਿਹੜਾ ਡੁੱਗ ਡੁੱਗ ਡੁੱਗ ਕਰਕੇ ਚੱਲਦਾ। ਗੀਂਡਲ ਫੀਂਡਲ ਐ ਨਾਂ ਉਹਦਾ।"

ਮਰਾਸੀ ਦੀ ਗੱਲ ਸੁਣ ਕੇ ਮਾਸਟਰ ਬੂਟਾ ਸਿਉਂ ਕਹਿੰਦਾ,"ਗੀਂਢਲ ਫੀਂਢਲ ਨ੍ਹੀ ਹੁੰਦਾ ਸੀਤਾ ਸਿਆਂ, ਰੋਇਲ ਇੰਨ ਫੀਲਡ ਹੁੰਦਾ।"

ਅਮਲੀ ਮਾਸਟਰ ਨੂੰ ਕਹਿੰਦਾ, "ਚੱਲ! ਕੁਸ ਵੀ ਹੋਇਆ, ਹੈ ਤਾਂ ਸ਼ੈਂਕਲ ਮੋਟਰ ਈ। ਅਜੇ ਮਹੀਨਾ ਕੁ ਹੋਇਆ ਨੰਬਰਦਾਰਾਂ ਦਾ ਮੀਤਾ ਦਸਾਂ ਦਿਨਾਂ ਮਗਰੋਂ ਮੁੜਿਆ ਭਕਾਈ ਕਰਕੇ। ਉਹਦਾ ਅਜੇ ਤੱਕ ਨ੍ਹੀ ਪਤਾ ਲੱਗਿਆ ਬਈ ਉਹ ਕੀ ਮੰਗਦਾ ਸੀ। ਹੁਣ ਦੀਪੇ ਦੀ ਗੱਲ ਚੜ੍ਹ ਗੀ ਛੱਤਣੀ। ਏਦੂੰ ਅੱਗੇ ਵੇਖੋ ਕਿਹੜਾ ਲੈਂਦਾ ਝੰਡੀ ?"

ਸੀਤਾ ਮਰਾਸੀ ਕਹਿੰਦਾ, "ਦੀਪੇ ਨੂੰ ਪੰਜ ਦਿਨ ਨ੍ਹੀ ਹੋਏ ਘਰੋਂ ਗਏ ਨੂੰ, ਕਣਕਾਂ ਦੀ ਬਜਾਂਦ ਅਜੇ ਹੋਣੀ ਸੀ ਜਦੋਂ ਦਾ ਗਿਆ ਵਿਆ। ਇਹ ਤਾਂ ਚਿੰਤੇ ਦੇ ਹੀਰੇ ਨੇ ਹੁਣ ਦੱਸਿਆ ਕਿ ਦੀਪੇ ਨੂੰ ਦੋ ਮਹੀਨੇ ਹੋ ਗੇ ਘਰੋਂ ਰੁਸ ਕੇ ਗਏ ਨੂੰ। ਹੁਣ ਤੱਕ ਤਾਂ ਚੋਰੀ ਚੋਰੀ ਭਾਲਦੇ ਫਿਰਦੇ ਰਹੇ, ਹੁਣ ਆ ਕੇ ਪਿੰਡ 'ਚ ਰੌਲਾ ਪ ਗਿਆ। ਅਜੇ ਰੁੱਖੜਾਂ ਦੇ ਦੇਬੀ ਅਰਗੇ ਮੁੜੇ ਨ੍ਹੀ ਭਾਲਣ ਗਏ।"

ਅਮਲੀ ਨੇ ਪੁੱਛਿਆ, "ਕਿਹੜੇ ਕਿਹੜੇ ਗਏ ਵੇ ਆ ਬਈ ?"

ਹੀਰਾ ਕਹਿੰਦਾ, "ਜੈਲੇ ਕਾ ਸੁੱਖਾ, ਦੇਬੀ ਤੇ ਮਿਸਤਰੀਆਂ ਦਾ ਜੰਟਾ।"

ਏਨੇ ਚਿਰ ਨੂੰ ਸੀਤਾ ਮਰਾਸੀ ਕਹਿੰਦਾ, "ਜੈਲੇ ਕਾ ਸੁੱਖਾ ਤਾਂ ਹੋ ਆਉਂਦਾ।"

ਜਿਉਂ ਹੀ ਸੁੱਖਾ ਸੱਥ 'ਚ ਆਇਆ ਤਾਂ ਸਾਰੇ ਸੱਥ ਵਾਲੇ ਉਹਦੇ ਦੁਆਲੇ ਇਉਂ 'ਕੱਠੇ ਹੋ ਗਏ ਜਿਵੇਂ ਕਾਵਾਂ ਨੇ ਉੱਲੂ ਘੇਰ ਲਿਆ ਹੋਵੇ। ਕੋਈ ਪੁੱਛੇ, 'ਕਿਉਂ ਬਈ ਆ ਗਿਆ ਦੀਪਾ ?" ਕੋਈ ਕਹੇ, "ਭਾਲ ਲਿਆਂਦਾ ?" ਕੋਈ ਪੁੱਛੇ, ਕਿੱਥੋਂ ਥਿਆਇਆ ਬਈ ? ਜਿੰਨੇ ਵੀ ਲੋਕ ਸੱਥ 'ਚ ਬੈਠੇ ਸਨ, ਸਾਰਿਆਂ ਨੇ ਹੀ ਪੱਤਰਕਾਰਾਂ ਵਾਂਗੂੰ ਸੁਆਲਾਂ ਦੀ ਝੜੀ ਲਾ ਦਿੱਤੀ।

ਬਾਬਾ ਨੰਦ ਸਿਉਂ ਕਹਿੰਦਾ, "ਓ ਯਾਰ ਏਹਨੂੰ ਗਾਹਾਂ ਤਾਂ ਆ ਲੈਣ ਦਿਉ, ਰਾਹ 'ਚ ਈ ਘੇਰੀ ਖੜ੍ਹੇ ਓਂ।"

ਬਾਬੇ ਨੰਦ ਸਿਉਂ ਨੇ ਸੁੱਖੇ ਨੂੰ ਆਵਾਜ਼ ਦਿੱਤੀ, "ਸੁੱਖ! ਉਰੇ ਹ ਪੁੱਤ, ਐਥੇ ਬਹਿ ਕੇ ਦੱਸ ਕਿੱਥੋਂ ਲਿਆਂਦਾ ਭਾਲ ਕੇ ?"

ਦੀਪਾ ਕਹਿੰਦਾ, "ਇਹ ਤਾਂ ਲੰਬੀ ਚੌੜੀ ਗੱਲ ਐ ਬਾਬਾ।"

ਬਾਬਾ ਫੇਰ ਬੋਲਿਆ, "ਤੂੰ ਦੱਸ ਤਾਂ ਸਹੀ, ਆਪਾਂ ਕਿਹੜਾ ਡੰਗਰਾਂ ਨੂੰ ਸੰਨ੍ਹੀ ਕਰਨੀ ਆਂ ਘਰੇ ਜਾ ਕੇ। ਆਪਾਂ ਵੀ ਵੇਹਲੇ ਈਂ ਆਂ।"

ਸੁੱਖਾ ਕਹਿੰਦਾ, "ਗੱਲ ਤਾਂ ਬਾਬਾ ਇਉਂ ਹੋਈ ਐ, ਗਿਆ ਤਾਂ ਰੁੱਸ ਕੇ ਈ ਸੀ, ਪਰ ਇਹ ਨ੍ਹੀ ਪਤਾ ਲੱਗਿਆ ਕਿ ਰੁੱਸਿਆ ਕਿਉਂ ਸੀ ?"

ਬਾਬਾ ਕਹਿੰਦਾ, "ਆਹ ਦੱਸੀ ਤਾਂ ਜਾਂਦੇ ਆ ਬਈ ਬੱਕਬੋਟ ਮੰਗਦਾ ਸੀ।"

ਨਾਥਾ ਅਮਲੀ ਸੁੱਖੇ ਨੂੰ ਭੁੱਖੀ ਬਾਂਦਰੀ ਵਾਂਗੂੰ ਪਿਆ, "ਤੂੰ ਗੱਲ ਦੱਸ ਯਾਰ ਲਿਆਂਦਾ ਕਿੱਥੋਂ ਆਂ ? ਰੁੱਸਣ ਤੋਂ ਆਪਾਂ ਕੀ ਲੈਣਾ ਬਈ ਕਿਉਂ ਰੁੱਸ ਕੇ ਗਿਆ ਸੀ, ਰੁੱਸਣ ਆਲੀ ਗੱਲ ਤਾਂ ਉਹਦੇ ਬੁੜ੍ਹਾ ਬੁੜ੍ਹੀ ਪੁੱਛਣ।"

ਸੁੱਖਾ ਕਹਿੰਦਾ, "ਦੋ ਢਾਈ ਮਹੀਨੇ ਹੋ ਗੇ ਸੀ ਘਰੋਂ ਗਏ ਨੂੰ। ਮਾਨਸਾ ਕੋਲੇ ਮੱਲ ਸਿਉਂ ਆਲਾ ਪਿੰਡ ਆ ਕੋਈ, ਉੱਥੇ ਬੈਠਾ ਸੀ ਦਰੱਖਤਾਂ ਦੀ ਇੱਕ ਝਿੰਗੀ ਜੀ 'ਚ ਸਾਧ ਬਣਿਆਂ। ਸਿਰ 'ਤੇ ਵੱਡਾ ਸਾਰਾ ਪੱਗੜ ਬੰਨ੍ਹਿਆਂ ਵਿਆ, ਕਾਲੇ ਪਾਏ ਵੇ ਲੀੜੇ, ਦਰਸ਼ ਲੋਕ ਬੈਠੇ। ਕੋਈ ਕੁਸ ਪੁੱਛੇ ਕੋਈ ਕੁਸ ਪੁੱਛੇ। ਜਦੋਂ ਅਸੀਂ, ਮੈਂ, ਦੇਬੀ ਤੇ ਜੰਟਾ ਗਏ ਤਾਂ ਦੇਬੀ ਨੇ ਦੂਰੋਂ ਈ ਪਛਾਣ ਲਿਆ। ਕਹਿੰਦਾ'ਇਹ ਪੜਭੂੰ ਜਾ ਤਾਂ ਆਪਣੇ ਆਲਾ ਈ ਲੱਗਦਾ ਓਏ। ਅਸੀਂ ਵੀ ਖੇਸੀਆਂ ਜੀਆਂ ਨਾਲ ਮੂੰਹ ਜਾਲਕੋ ਕੇ ਲੋਕਾਂ 'ਚ ਮਗਰ ਜੇ ਜਾ ਕੇ ਬਹਿ ਗੇ। ਇੱਕ ਬੰਦਾ ਆਇਆ ਬਾਬਾ ਉੱਥੇ। ਉਹਨੇ ਸੋਚਿਆ ਬਈ ਬੜੀ ਕਰਨੀ ਆਲੇ ਸਾਧੂ ਲੱਗਦੇ ਆ, ਓਹਨੇ ਪੈਰਾਂ 'ਤੇ ਮੱਥਾ ਟੇਕ ਕੇ ਪੁੱਛਿਆ, 'ਬਾਬਾ ਜੀ ਕਹਾਂ ਕੇ ਰਹਿਣੇ ਆਲੇ ਐਂ ?' ਇਹ ਕਹਿੰਦਾ ਅਰੇ ਹਮ ਤੋ ਬਾਹਰ ਸੇ ਆਏ ਹੈਂ, ਬਿੰਦਰਾ ਬਨ ਕੇ ਸਾਧੂ ਐਂ। ਥਾਰੇ 'ਲਾਕੇ ਮੇਂ ਲੋਗੋਂ ਕੇ ਸਿਰ ਪਰ ਬੜੇ ਕਸ਼ਟ ਐਂ, ਵੋਹ ਦੂਰ ਕਰਨ ਆਏਂ ਹੈਂ।' ਉਸ ਬੰਦੇ ਨੇ ਪੁੱਛਿਆ, "ਬਾਬਾ ਜੀ! ਭੋਜਨ ਕੈਸਾ ਖਾਓਂਗੇ ?" ਬਾਬਾ ਜੀ ਕਹਿੰਦੇ, 'ਹਮ ਤੋ ਬੱਚਾ ਫ਼ਲ ਔਰ ਦੂਧ ਸੇ ਈ ਗੁਜ਼ਾਰਾ ਕਰਤੇ ਹੈਂ।' ਓਸ ਬੰਦੇ ਨੇ ਬਾਬਾ ਕੀ ਕੀਤਾ, ਵੱਡਾ ਸਾਰਾ ਮਤੀਰਾ ਏਹਦੇ ਮੂਹਰੇ ਲਿਆ ਧਰਿਆ। ਕਹਿੰਦਾ ਬਾਬਾ ਜੀ ਫ਼ਲ ਛਕੋ। ਮਤੀਰੇ ਵੱਲ ਵੇਖ ਕੇ ਬਾਬਾ ਜੀ ਦੇ ਤਾਂ ਤੌਰ ਉੱਡ ਗੇ, ਓਹਨੂੰ ਪੁੱਛਦਾ, 'ਯੇਹ ਕਾਸ ਕਾ ਆਂਡਾ ਹੈ ? ਇਤਨਾ ਬੜਾ ਆਂਡਾ ਤੋ ਹਮ ਨੇ ਪਹਿਲੀ ਵਾਰ ਦੇਖਾ ਹੈ। ਬਹੁਤ ਬੜੇ ਜਾਨਵਰ ਕਾ ਆਂਡਾ ਲੱਗਤਾ ਹੈ। ਇਸ ਕੋ ਕੌਣ ਸੇ ਬਰਤਨ ਮੇਂ ਡਾਲ ਕਰ 'ਬਾਲ਼ੇਂਗੇ ?' ਲੈ ਬਾਬਾ ਦੱਸ! ਸਾਲਾ ਮਤੀਰੇ ਨੂੰ ਆਂਡਾ ਈ ਦੱਸੇ। ਫੇਰ ਇੱਕ ਬੰਦੇ ਨੇ ਪੁੱਛਿਆ, 'ਬਾਬਾ ਜੀ ਦੁੱਧ ਛਕ ਲੋ। ਓਹਨੂੰ ਕਹਿੰਦਾ, 'ਕੌਣਸੀ ਤੂੰਬੜੀ ਮੇਂ ਲੇ ਕਰ ਆਏ ਓ' ?" ਅਮਲੀ ਕਹਿੰਦਾ, "ਫੇਰ 'ਕੱਠ 'ਚੋਂ ਕਿਵੇਂ ਲਿਆਂਦਾ ਤੁਸੀਂ ? ਇਹ ਗੱਲ ਦੱਸ ਯਾਰ।" ਦੇਬੀ ਕਹਿੰਦਾ, "ਜਦੋਂ ਬਾਹਵਾ ਸਾਰੇ ਲੋਕ ਉਠ ਗੇ, ਚਾਰ ਕੁ ਬੁੜ੍ਹੀਆਂ ਤੇ ਅੱਠ ਸੱਤ ਬੰਦੇ ਰਹਿ ਗੇ, ਫੇਰ ਕਿਹਾ ਅਸੀਂ ਨੇੜੇ ਹੋ ਕੇ ਕੰਨ 'ਚ। ਓਏ ਪਤੰਦਰਾ! ਬੁੜ੍ਹਾ ਬੁੜ੍ਹੀ ਤਾਂ ਮਰਨ ਆਲੇ ਹੋਏ ਪਏ, ਸਾਲਿਆ ਤੂੰ ਡਫੂੰਗ ਦਾਸ ਬਣਿਆਂ ਬੈਠੈਂ ਏਥੇ, ਚੱਲ ਘਰ ਨੂੰ ਚੱਲੀਏ। ਜੰਟਾ ਉੱਥੇ ਬੈਠੇ ਲੋਕਾਂ ਨੂੰ ਕਹਿੰਦਾ, 'ਬਈ ਹੁਣ ਤੁਸੀਂ ਸਾਰੇ ਜਾਓ, ਅਸੀਂ ਬਾਬਾ ਜੀ ਨੂੰ ਆਵਦੇ ਪਿੰਡ ਲੈ ਕੇ ਜਾਣਾ, ਸਾਡੇ ਪਿੰਡ 'ਤੇ ਬੜਾ ਭਾਰੀ ਗਰੌਹ ਐ। ਕੱਲ੍ਹ ਨੂੰ ਬਾਬਾ ਜੀ ਨੂੰ ਛੱਡ ਜਾਂ ਗੇ। ਇਉਂ ਕੱਢ ਕੇ ਲਿਆਂਦਾ ਬਾਬਾ ਉੱਥੋਂ ਵੱਡੇ ਡਫੂੰਗ ਦਾਸ ਨੂੰ।"

ਨਾਥਾ ਅਮਲੀ ਕਹਿੰਦਾ, "ਹੁਣ ਕਿਹੜੇ ਭੋਰੇ 'ਚ ਐ ਬਾਬਾ ਡਫੂੰਗ ਦਾਸ ? ਚੱਲੋ ਆਪਾਂ ਵੀ ਰਾਹੂ ਕੇਤੂ ਬਾਰੇ ਪੁੱਛ ਆਈਏ।" ਸੀਤਾ ਮਰਾਸੀ ਕਹਿੰਦਾ, "ਸਾਲਾ ਕੇਲੇ ਸੰਤਰੇ ਈ ਖਾਈ ਗਿਆ ਹੋਣਾ, ਏਥੇ ਹੁਣ ਰੋਟੀ ਤੋਂ ਮੂੰਹ ਵੱਟਦਾ ਹੋਊ ਜਿਵੇਂ ਝੋਟਾ ਸੁੱਕੀ ਤੂੜੀ ਨੂੰ ਨੱਕ ਮਾਰਦਾ ਹੁੰਦਾ।"

ਬਾਬਾ ਨੰਦ ਸਿਉਂ ਕਹਿੰਦਾ, "ਓ ਗੱਲ ਸੁਣੋਂ ਯਾਰ! ਪਹਿਲਾਂ ਦੱਸੋਂ ਕਿ ਆਪਾਂ ਕਿਸੇ ਨੇ ਕਦੇ ਮਤੀਰਾ ਖਾਧਾ, ਆਪਾਂ ਤਾਂ ਵੇਖਿਆ ਵੀ ਨ੍ਹੀ, ਓਹਨੇ ਖਾ ਤਾਂ ਲਿਆ ਹੋਣਾ।" ਗੱਲਾਂ ਕਰਦਿਆਂ ਕਰਦਿਆਂ ਹਾਕਮ ਫੌਜੀ ਕਾ ਚੰਨਾਂ ਗੁਰਦੁਆਰੇ ਸਪੀਕਰ 'ਚ ਹੋਕਾ ਦੁਆਉਣ ਜਾਂਦਾ ਜਾਂਦਾ ਸੱਥ 'ਚ ਦੱਸ ਗਿਆ ਕਿ ਵਜਵਾੜਾਂ ਆਲੇ ਖੇਤਾਂ 'ਚ ਸੂਆ ਟੁੱਟ ਗਿਆ। ਸੂਆ ਟੁੱਟਣ ਦੀ ਖਬਰ ਸੁਣ ਕੇ ਸਾਰੇ ਸੱਥ ਆਲੇ ਉੱਠ ਕੇ ਵਜਵਾੜਾਂ ਆਲੇ ਖੇਤਾਂ ਨੂੰ ਭੱਜ ਨਿੱਕਲੇ।

## ਕਹਾਣੀ



# ਰਾਜੂ

ਰਾਜੂ ਇਕ ਸਾਲ ਦਾ ਸੀ ਜਦੋਂ ਉਸ ਨੂੰ ਉਸ ਦੇ ਮਾਂ-ਬਾਪ ਨੇ ਉਸ ਦੇ ਮਾਮੇ ਨੂੰ ਗੋਦ ਦੇ ਦਿੱਤਾ ਸੀ। ਉਸ ਦੇ ਮਾਮੇ ਘਰ ਕੋਈ ਔਲਾਦ ਨਹੀਂ ਸੀ ਅਤੇ ਭਵਿਖ ਵਿਚ ਔਲਾਦ ਹੋਣ ਦੀ ਕੋਈ ਸੰਭਾਵਨਾ ਵੀ ਨਹੀਂ ਸੀ।

ਰਾਜੂ ਅਪਣੇ ਪਰਿਵਾਰ ਸਹਿਤ ਜਲੰਧਰ ਸ਼ਹਿਰ ਵਿਚ ਰਹਿੰਦੇ ਸਨ। ਉਸ ਦਾ ਮਾਤਾ ਐਡਮੰਟਨ, ਕਨੇਡਾ ਵਿਖੇ ਰਹਿੰਦਾ ਸੀ। ਰਾਜੂ ਨੂੰ ਉਸ ਦੇ ਮਾਮਾ-ਮਾਮੀ ਐਡਮੰਟਨ ਲੈ ਗਏ ਸੀ। ਉਹ ਮਾਮਾ-ਮਾਮੀ ਕੋਲ ਹੀ ਰਹਿੰਦਾ ਅਤੇ ਐਡਮੰਟਨ ਦੇ ਇਕ ਸਕੂਲ ਵਿਚ ਪੜ੍ਹਦਾ ਸੀ। ਉਹ ਮਾਮਾ-ਮਾਮੀ ਨੂੰ ਹੀ ਅਪਣਾ ਅਸਲੀ ਮਾਂ-ਬਾਪ ਸਮਝਦਾ ਸੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਦਾ ਪਤਾ ਨਹੀਂ ਸੀ। ਕਿਉਂਕਿ ਕੱਚੀ ਉਮਰ ਦੀ ਕੱਚੀ ਮਿੱਟੀ ਜਿਵੇਂ ਚਾਹੋ ਢਲ ਜਾਂਦੀ ਹੈ। ਹੋਸ਼ ਸੰਭਾਲਣ ਤੋਂ ਪਹਿਲਾਂ ਹੀ ਜੇ ਛੋਟੇ ਬੱਚੇ ਨੂੰ ਗੋਦ ਦੇ ਦਿੱਤਾ ਜਾਵੇ ਤਾਂ ਕੁਦਰਤੀ ਗੱਲ ਹੈ ਅਸਲੀਅਤ ਸਾਹਮਣੇ ਨਹੀਂ ਆਉਂਦੀ। ਬੱਚਾ ਗੋਦ ਲੈਣ ਵਾਲੇ ਮਾਂ-ਬਾਪ ਨੂੰ ਹੀ ਅਸਲੀ ਮਾਂ-ਬਾਪ ਸਮਝਦਾ ਹੈ। ਇਹ ਮਨੋਵਿਗਿਆਨਕ ਤੱਥ ਹੈ।

ਜਦੋਂ ਰਾਜੂ ਬਾਰ੍ਹਾਂ ਕੁ ਸਾਲਾਂ ਦਾ ਹੋਇਆ ਤਾਂ ਉਹ ਜਾਲੰਧਰ (ਪੰਜਾਬ) ਵਿਖੇ ਇਕ ਰਿਸ਼ਤੇਦਾਰ ਦੇ ਵਿਆਹ ਸਮਾਗਮ ਵਿਚ ਸ਼ਾਮਿਲ ਹੋਣ ਲਈ ਅਪਣੇ ਮਾਂ-ਬਾਪ (ਮਾਮਾ-ਮਾਮੀ) ਨਾਲ ਆਇਆ। ਲਗਭਗ ਇੱਕ ਮਹੀਨਾ ਉਹਨ੍ਹਾਂ ਨੇ ਪੰਜਾਬ ਰਹਿਣਾ ਸੀ। ਰਾਜੂ ਨੂੰ ਕਿਸੇ ਰਿਸ਼ਤੇਦਾਰ ਨੇ ਦੱਸ ਦਿੱਤਾ, ਕਿ ਉਸ ਦੇ ਅਸਲੀ ਮਾਂ-ਬਾਪ ਕੌਣ ਹਨ? ਕਿਸੇ ਰਿਸ਼ਤੇਦਾਰ ਨੇ ਸਾਰੀ ਅਸਲੀਅਤ ਦੱਸ ਦਿੱਤੀ। ਰਾਜੂ ਦੇ ਮਨ ਤੇ ਗਹਿਰਾ ਅਸਰ ਹੋਇਆ। ਉਸ ਦਾ ਦਿਮਾਗ ਇਕਦਮ ਬੌਂਦਲ ਗਿਆ। ਜਿਵੇਂ ਉਸ ਦੀਆਂ ਅੱਖਾਂ ਅੰਗੇ ਕੋਈ ਤੇਜ਼ ਨੇਰ੍ਹੀ ਲੰਘ ਰਹੀ ਹੋਵੇ। ਜਿਵੇਂ ਉਸ ਦੇ ਦਿਮਾ.ਗ ਵਿਚ ਕੋਈ ਜਵਾਰ ਭਾਟਾ ਫੁੱਟਣ ਵਾਲਾ ਹੋਵੇ। ਜਿਵੇਂ ਕਿਸੇ ਨੇ ਖ਼ੂਬਸੂਰਤ ਸਾਬਤ ਸਬੂਤੇ ਮਜਬੂਤ ਸ਼ੀਸ਼ੇ ਤੇ ਲੱਖਾਂ ਹੀ ਪੱਥਰ ਮਾਰ ਦਿੱਤੇ ਹੋਣ।

ਉਹ ਹਿੰਮਤ ਕਰਕੇ ਅਪਣੇ ਅਸਲੀ ਮਾਂ-ਬਾਪ ਨੂੰ ਮਿਲਿਆ ਅਤੇ ਅਪਣੀ ਮਾਂ ਨੂੰ ਕੁਰਲਾਂਦੀ ਤਰਸਮਈ ਆਵਾਜ਼ ਵਿਚ ਕਹਿਣ ਲੱਗਾ, ਮੈਨੂੰ ਪਤਾ ਲੱਗ ਗਿਆ ਹੈ ਕਿ ਤੁਸੀਂ ਮੇਰੇ ਅਸਲੀ ਮਾਂ-ਬਾਪ ਹੋ। ਕੀ ਤੁਸੀਂ ਮੈਨੂੰ ਅਪਣੇ ਕੋਲ ਨਹੀਂ ਰੱਖ ਸਕਦੇ ਸੀ? ਤੁਸੀਂ ਮੈਨੂੰ ਮਾਮੇ-ਮਾਮੀ ਨੂੰ ਕਿਉਂ ਦਿੱਤਾ? ਮੇਰਾ ਕੀ ਕਸੂਰ ਏ?

ਉਸ ਦੇ ਮਾਂ-ਬਾਪ ਨੇ ਬਹੁਤ ਸਮਝਾਇਆ ਕਿ ਰਾਜੂ ਬੇਟਾ ਹੁਣ ਤੇਰੇ ਮਾਂ-ਬਾਪ ਉਹ ਹੀ ਹਨ। ਤੈਨੂੰ ਛੋਟੇ ਹੁੰਦੇ ਨੂੰ ਗੋਦ ਦੇ ਦਿੱਤਾ ਸੀ। ਕਿਉਂਕਿ ਮੇਰੇ ਮਾਤਾ ਮਾਮੀ ਦੇ ਡਾਕਟਰੀ ਮਸ਼ਵਰੇ ਦੇ ਮੁਤਾਬਿਕ ਔਲਾਦ ਨਹੀਂ ਸੀ ਹੋ ਸਕਦੀ। ਅਸੀਂ ਉਹਨ੍ਹਾਂ ਦੀ ਖੁਸ਼ਹਾਲੀ ਕਰਕੇ, ਔਲਾਦ ਦੇ ਮੋਹ ਕਰਕੇ ਤੈਨੂੰ ਗੋਦ ਦੇ ਦਿੱਤਾ ਸੀ। ਨਾਲੇ ਉਹ ਵਧੀਆ ਸ਼ਹਿਰ ਵਿਚ ਕਨੇਡਾ ਰਹਿੰਦਾ ਸੀ। ਸਾਡੇ ਨਾਲੋਂ ਜ਼ਿਆਦਾ ਅਮਰੀ ਅਤੇ ਸੁੱਖ ਸਹੂਲਤਾਂ ਵਾਲੇ ਹਨ ਤਾਂ ਕਿ ਤੇਰੀ ਜ਼ਿੰਦਗੀ ਵਧੀਆ ਬਣੇ। ਲੋਕ ਤਾਂ ਕਨੇਡਾ ਜਾਣ ਨੂੰ ਤਰਸਦੇ ਹਨ। ਇਸ ਵਿਚ ਤੇਰੀ ਹੀ ਬਿਹਤਰੀ ਸੀ ਬੇਟਾ।

ਰਾਜੂ ਮਾਂ-ਬਾਪ ਦੇ ਜਵਾਬਾਂ ਤੋਂ ਸਤੁੰਸ਼ਟ ਨਾ ਹੋਇਆ। ਜਿਵੇਂ ਉਹਨਾਂ ਨੇ ਉਸ ਨਾਲ ਕੋਈ ਬੇਇੰਨਸਾਫ਼ੀ ਕੀਤੀ ਹੋਵੇ। ਜਿਵੇਂ ਵਾਧੂ ਜਿਹੀ ਚੀਜ਼ ਸਮਝ ਕੇ ਕਿਸੇ ਨੂੰ ਦੇ ਦਿੱਤੀ ਹੋਵੇ।

ਰਾਜੂ ਦਾ ਇਕ ਭਰਾ ਅਤੇ ਇਕ ਭੈਣ ਹੋਰ ਵੀ ਸੀ। ਉਹ ਉਨ੍ਹਾਂ ਨੂੰ ਵੀ ਮਿਲਿਆ ਪਰ ਰਾਜੂ ਦੇ ਮਨ-ਦਿਮਾਗ ਦੀ ਸਤੁੰਸ਼ਟੀ ਭਟਕਣ ਵਿਚ ਡਾਵਾਂਡੋਲ ਹੋ ਗਈ ਪਰ ਰਾਜੂ ਹੁਣ ਕੀ ਕਰ ਸਕਦਾ ਸੀ? ਪਰ ਉਹ ਆਪਣੇ ਅਸਲੀ ਮਾਂ-ਬਾਪ ਨਾਲ ਰਹਿਣਾ ਚਾਹੁੰਦਾ ਸੀ।

ਰਾਜੂ ਦੇ ਦਿਲ-ਦਿਮਾਗ ਉਪਰ ਉਦਾਸੀ ਛਾਂ ਗਈ, ਉਸ ਦੀ ਸੋਚ ਵਿਲਕ-ਵਿਲਕ ਤਿੜਕ ਗਈ। ਦਿਮਾਗ ਵਿਚ ਕਿਸੇ ਨੇ ਜਿਵੇਂ ਕਿਲ ਠੋਕ ਦਿੱਤੇ ਹੋਣ। ਉਸ ਨੂੰ ਅਪਣੇ ਅਸਲੀ ਮਾਤਾ-ਪਿਤਾ ਪ੍ਰਤੀ ਸਖ਼ਤ ਘ੍ਰਿਣਾ ਹੋ ਗਈ।

ਲਗਭਗ ਮਹੀਨ ਦੇ ਬਾਅਦ ਉਹ ਅਪਣੇ ਨਕਲੀ ਮਾਂ ਬਾਪ (ਮਾਮਾ-ਮਾਮੀ) ਨਾਲ ਫ਼ਿਰ ਵਾਪਿਸ ਐਡਮੰਟਨ, ਕਨੇਡਾ ਆ ਗਿਆ। ਉਸ ਦੇ ਮਾਮਾ-ਮਾਮੀ ਨੂੰ ਵੀ ਪਤਾ ਚਲ ਗਿਆ ਸੀ ਕਿ ਰਾਜੂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਹੈ।

ਰਾਜੂ ਇਕ ਦਿਨ ਸਕੂਲ ਗਿਆ ਤੇ ਮੁੜ ਵਾਪਿਸ ਨਾ ਆਇਆ। ਉਸ ਦੀ ਤਲਾਸ਼ ਵਿਚ ਕਈ ਇਸ਼ਤਿਹਾਰ ਕਢਵਾਏ ਗਏ। ਜਾਲੰਧਰ ਉਸ ਦੇ ਮਾਂ-ਬਾਪ ਨੂੰ ਸੂਚਿਤ ਕਰ ਦਿੱਤਾ ਗਿਆ ਕਿ ਰਾਜੂ ਕਈ ਦਿਨਾਂ ਤੋਂ ਨਹੀਂ ਮਿਲ ਰਿਹਾ।

ਰਾਜੂ ਦੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਬਹੁਤ ਪਰੇਸ਼ਾਨ ਹੋ ਗਏ। ਉਸ ਦੀ ਮਾਂ ਦਾ ਕਲੇਜਾ ਤਾਂ ਮੂੰਹ ਨੂੰ ਆਵੇ। ਉਹ ਸਭ ਬਹੁਤ ਰੋਏ। ਸਾਰਾ ਪਰਿਵਾਰ ਪਸ਼ਚਾਤਾਪ ਦੀ ਅਗਨੀ ਵਿਚ ਝੁਲਸਣ ਲੱਗਾ। ਉਹ ਹੁਣ ਸੋਚਦੇ ਕਿ ਜੇ ਰਾਜੂ ਸਾਡੇ ਕੋਲ ਰਹਿਣਾ ਚਾਹੁੰਦਾ ਸੀ ਤਾਂ ਉਸ ਦੀ ਗੱਲ ਮੰਨ ਲੈਣੀ ਚਾਹੀਦੀ ਸੀ। ਪਰ ਹੁਣ ਹੱਥੋਂ ਤੀਰ ਨਿਕਲ ਚੁਕਾ ਸੀ। ਇਕ ਪਛਤਾਵੇ ਦੀ ਅਗਨੀ ਦਿਨ ਰਾਤ ਲੂਹਦੀ ਰਵੇਗੀ।

ਇਸ ਤਰ੍ਹਾਂ ਕਈ ਸਾਲ ਨਿਕਲ ਗਏ ਪਰ ਰਾਜੂ ਦਾ ਕੋਈ ਥਹੁ ਪਤਾ ਨਾ ਲੱਗਾ। ਹੁਣ ਉਨ੍ਹਾਂ ਨੇ ਰਾਜੂ ਦੇ ਆਉਣ ਦੀ ਉਮੀਦ ਲਾਹ ਸੁੱਟੀ ਸੀ। ਜਿਵੇਂ ਰਾਜੂ ਇਕ ਸੁਪਨ ਬਣ ਗਿਆ ਹੋਵੇ। ਪਰ ਮਾਂ-ਬਾਪ ਦੀਆਂ ਆਂਦਰਾ ਦਾ ਕੋਮਲ ਹਿੱਸਾ ਜਿਸਮ 'ਚੋਂ ਗੁੰਮ ਹੋ ਜਾਵੇ ਤਾਂ ਉਹ ਜਿਉਂਦੀ ਲਾਸ਼ ਵਰਗੇ ਹੀ ਹੋ ਜਾਂਦੇ ਹਨ। ਇਕ ਆਸ ਦਾ ਦੀਪਕ ਹਿਰਦੇ ਵਿਚ ਜਗਦਾ ਤਾਂ ਹੈ ਪਰ ਉਸ ਦੀ ਲੋਅ ਆਲਾ-ਦੁਆਲਾ ਸਾੜਦੀ ਰਹਿੰਦੀ ਹੈ। ਜੋ ਵੀ ਉਸ ਦੀਪਕ ਦੇ ਕੋਲ ਜਾਂਦਾ ਹੈ ਸੜਣ ਦੀਆਂ ਸੰਭਾਵਨਾ ਨੂੰ ਜਨਮ ਦਿੰਦਾ ਰਹਿਦਾ ਹੈ।

ਰਾਜੂ ਦਾ ਭਰਾ ਭੁਪਿੰਦਰ ਅਤੇ ਭੈਣ ਮਨਜੀਤ ਕੌਰ ਉਚ ਸਿਖਿਆ ਲੈ ਕੇ ਪੜ੍ਹ ਲਿਖ ਗਏ। ਅਤੇ ਉਹ ਪੀ.ਆਰ ਲੈ ਕੇ ਐਡਮੰਟਨ ਕਨੇਡਾ ਚਲੇ ਗਏ। ਐਡਮੰਟਨ ਵਿਖੇ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਚੰਗੀਆਂ ਨੌਕਰੀਆਂ ਹਾਸਿਲ ਕਰ ਲਈਆਂ ਅਤੇ ਅਪਣਾ ਇਕ ਖ਼ੂਬਸੂਰਤ ਘਰ ਵੀ ਲੈ ਲਿਆ।

ਲਗਭਗ 18 ਸਾਲ ਦੇ ਬਾਅਦ ਰਾਜੂ ਨੂੰ ਘਰ ਦੀ ਯਾਦ ਸਤਾਉਣ ਲੱਗੀ। ਉਸ ਨੂੰ ਅਪਣੇ ਅਸਲੀ ਮਾਂ-ਬਾਪ ਅਤੇ ਭੈਣ-ਭਰਾ ਦੀ ਯਾਦ ਘੁਣ ਵਾਂਗ ਖ਼ਾਣ ਲੱਗੀ।

ਰਾਜੂ ਹੁਣ ਜਵਾਨੀ ਦੀਆਂ ਖ਼ੂਬਸੂਰਤ ਰੰਗੀਨ ਭਾਵਨਾਵਾਂ ਨਾਲ ਮਾਲਾ ਮਾਲ ਸੀ। ਉਸ ਦਾ ਛੇ ਫੁੱਟ ਭਰਵਾਂ ਕੱਦ ਕਾਠ ਕਿਸੇ ਤੇਜ਼ਸਵੀ ਝਰਨੇ ਦੀ ਰਵਾਨੀ ਵਾਂਗ ਵਹਿਣ ਲੱਗਾ। ਭਰ ਜਵਾਨੀ ਵਾਲੇ ਸਾਰੇ ਦੈਹਿਕ-ਭੌਤਿਕ ਤੱਤ ਉਸ ਨੂੰ ਚੇਤਨਤਾ ਨੂੰ ਟੁੰਬਦੇ। ਲਲਕ, ਪਲਕ, ਉਮੰਗ, ਤਰੰਗ ਉਸ ਦੇ ਜਿਸਮ ਚੋਂ ਖ਼ੁਸ਼ਬੂ ਪੈਦਾ ਕਰਦੇ। ਉਸ ਦੀ ਸੋਚ ਸਤੁੰਲਿਤ ਅਤੇ ਦਲੇਰ ਸੰਭਾਵਨਾਂ ਦੀ ਰਾਹਨੁਮਈ ਕਰਦੀ। ਕੀ ਚੰਗਾ? ਕੀ ਮਾੜਾ? ਉਸ ਦੀ ਸੋਚ ਵਿਚ ਤੈਰਦਾ।

ਉਸ ਨੇ ਅਪਣੇ ਇਕ ਦੋਸਤ ਨੂੰ ਮਸ਼ਵਿਰਾ ਦੇਦਿੰਆਂ ਕਿਹਾ ਕਿ ਯਾਰ ਤੂੰ ਇੰਝ ਕਰ ਮੇਰਾ ਮਾਮਾ-ਮਾਮੀ ਐਡਮੰਟਨ 'ਚ ਟਾਮਾਰਾਕ ਵਿਖੇ ਰਹਿੰਦੇ ਹਨ। ਉਨ੍ਹਾਂ ਤੋਂ ਸਾਰਾ ਭੇਦ ਲਿਆ ਕਿ ਮੇਰੇ ਅਸਲੀ ਮੰਮੀ-ਡੈਡੀ ਕਿਥੇ ਰਹਿੰਦੇ ਹਨ? ਉਨ੍ਹਾਂ ਦਾ ਫ਼ੋਨ ਨੰਬਰ ਵੀ ਲੈ ਕੇ ਆਵੀਂ। ਇਹ ਉਸ ਦਾ ਦੋਸਤ ਐਡਮੰਟਨ ਇਕੱਠੇ ਖੇਡਦੇ ਹੁੰਦੇ ਸੀ। ਗਰਉਂਡ ਵਿਚ ਮਾਮਾ-ਮਾਮੀ ਦੇ ਨਾਲ ਉਸ ਦੋਸਤ ਨਾਲ ਇਕੱਠੇ ਸਾਈਕਲ ਚਲਾਉਂਦੇ ਹੁੰਦੇ ਸੀ। ਇਹ ਦੋਸਤ ਮਾਮਾ-ਮਾਮੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਅਤੇ ਰਾਜੂ ਨਾਲ ਉਨ੍ਹਾਂ ਦੇ ਘਰ ਵੀ ਆਉਂਦਾ-ਜਾਂਦਾ ਸੀ।

ਉਹ ਦੋਸਤ ਮਾਮਾ-ਮਾਮੀ ਦੇ ਘਰ ਚਲਿਆ ਗਿਆ ਪਰ ਰਾਜੂ ਬਾਰੇ ਨਾ ਦੱਸਿਆ। ਇਕ ਭੇਤੀ ਬਣ ਕੇ ਗਿਆ। ਉਸ ਦੋਸਤ ਨੇ ਮਾਮਾ-ਮਾਮੀ ਕੋਲ ਸਾਰੇ ਹਾਲਾਤ ਜਾਣ ਲਏ। ਸਾਰੀ ਜਾਣਕਾਰੀ-ਇਕੱਠੀ ਕਰ ਲਈ

ਉਸ ਦੋਸਤ ਨੇ ਰਾਜੂ ਨੂੰ ਆ ਕੇ ਦੱਸਿਆ "ਕਿ ਰਾਜੂ, ਤੇਰੇ ਮੰਮੀ ਡੈਡੀ ਅਜਕਲ ਜਾਲੰਧਰ ਨਹੀਂ, ਐਡਮੰਟਨ ਵਿਚ ਹੀ ਰਹਿੰਦੇ ਹਨ। ਉਨ੍ਹਾਂ ਦਾ ਅਪਣਾ ਘਰ ਹੈ। ਅਤੇ ਐਹ ਉਨ੍ਹਾਂ ਦਾ ਫੋਨ ਨੰਬਰ ਹੈ।"

ਰਾਜੂ ਦੀ ਮਿਲਣਦੀ ਤੜਪ ਹੋਰ ਵੱਧ ਗਈ। ਖ਼ੁਸ਼ੀ ਵਿਚ ਉਸ ਦਾ ਮਨ ਪੀਂਘ ਪੁਲਾਰੇ ਖਾਣ ਲੱਗਾ। ਉਸ ਨੇ ਹਿੰਮਤ ਕਰਕੇ ਫੋਨ ਕੀਤਾ", ਤਾਂ ਫੋਨ ਉਸ ਦੀ ਮਾਂ ਨੇ ਚੁੱਕਿਆ। ਰਾਜੂ ਨੇ ਆਵਾਜ਼ ਪਹਿਚਾਣ ਲਈ ਸੀ, ਉਹ ਆਵਾਜ ਉਸ ਦੀ ਮਾਂ ਦੀ ਹੀ ਸੀ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਮੋ. 98156-25409**

ਰਾਜੂ ਨੇ ਹੌਲੀ ਜਿਹੀ ਰੋਆਂਸੀ ਥਿੜਕਦੀ ਆਵਾਜ਼ ਵਿਚ ਕਿਹਾ," ਮਾਂ! ਰਾਜੂ ਦੀ ਮਾਂ ਦੇ ਇਕਦਮ ਹੋਸ਼ ਸੰਭਲ ਗਏ। ਕੰਨ ਖੜੇ ਹੋ ਗਏ। ਜਿਵੇਂ ਇਸ ਸਰਗੋਸ਼ੀ ਵਿਚ ਉਸ ਦੀਆਂ ਆਂਦਰਾਂ ਦੀ ਤੜਪ ਹੋਵੇ। ਸਾਰੇ ਸਰੀਰ ਵਿਚ ਇਕ ਭੂਮੀਗਤ ਅਣਪਛਾਣੀ ਜਗਿਆਸਾ ਮਈ ਇੱਛਾ ਦੀ ਦਰਦ ਭਰੀ ਲਹਿਰ ਦੌੜ ਗਈ ਹੋਵੇ।

ਉਸ ਦੀ ਮਾਂ ਨੇ ਜਗਿਆਸਾ ਦੀ ਤੀਬਰਤਾ ਖੋਹਣ ਦੀ ਕੋਸ਼ਿਸ਼ ਕਰਦੇ ਹੋਏ ਕਿਹਾ, 'ਕੌਣ, ਬੇਟਾ ਤੁਸੀ ਕੌਮ ਬੋਲ ਰਹੇ ਹੋ? ਕਿਸ ਨੂੰ ਮਿਲਆ ਏ ਬੇਟਾ?"

ਮਾਂ..ਮਾਂਮੈਂ.ਮੈਂ.ਰਾਜੂ ਬੋਲ ਰਿਹਾ ਹਾਂ।"

ਉਸ ਦੀ ਮਾਂ ਦੀ ਉੱਚੀ ਸਾਰੀ ਚੀਕ ਨਿਕਲ ਗਈ ਜਿਵੇਂ ਉਸ ਦੇ ਲਬਾ ਤੇ ਆਇਆ ਰਾਜੂ ਦਾ ਨਾਮ ਸੱਤ ਅਸਮਾਨ ਪਾਰ ਕਰ ਗਿਆ ਹੋਵੇ, ਇਕ ਗੂੰਜ ਸਤ ਸਮੁੰਦਰ ਚੀਰ ਗਈ। ਉਸ ਦੀ ਮਾਂ ਦੀਆਂ ਅੱਖਾਂ ਵਿਚੋਂ ਹੰਝੂ ਬਾਰਿਸ਼ ਵਾਂਗ ਟਪਕਣ ਲੱਗੇ। ਮੋਬਾਇਲ (ਰੀਸੀਵਰ) ਹੱਥਾਂ ਵਿਚ ਕੰਪਣਤਾ ਨੂੰ ਛੁਹ ਗਿਆ। ਸਮੁੰਦਰ ਦੀਆਂ ਕਈ ਲਹਿਰਾਂ ਜਿਸਮ ਚੋਂ ਆਰ-ਪਾਰ ਹੋ ਗਈਆਂ। ਜਿਵੇਂ ਸੂਰਜ ਚੰਦ ਸਿਤਾਰੇ ਇਕੱਠੇ ਚੜ੍ਹ ਗਏ ਹੋਣ। ਆਸਮਾਨ ਦਾ ਸਾਰਾ ਨਿਯਮ ਉਲਟ-ਪੁਲਟ ਹੋ ਗਿਆ ਹੋਵੇ ਜਿਵੇਂ ਸਾਰੀ ਧਰਤੀ ਉਸ ਦੀ ਹੋ ਗਈ ਹੋਵੇ। ਖ਼ੁਸ਼ੀ ਦੇ ਅਨੇਕਾਂ ਦੀਵੇ ਜਗਮਗਾ ਉੱਠੇ।

ਉਸ ਨੇ ਰੁਆਂਸੀ ਆਵਾਜ਼ ਵਿਚ ਇਕ ਲਲਕ ਇਕ ਲਪਕ ਦੀ ਤੜਪ ਵਿਚ ਕਿਹਾ, "ਮੇਰੇ ਪਿਆਰੇ ਪੁੱਤਰ ਤੂੰ ਕਿੱਥੇ ਆਂ? ਮੇਰੇ ਸੋਹਣੇ ਲਾਲ, ਮੇਰੇ ਬੇਟੇ, ਮੇਰੇ ਪੁੱਤਰ, ਮੇਰੇ ਚੰਨ, ਆ ਮੈਨੂੰ ਘੁੱਟ ਕੇ ਜੱਫੀ ਵਿਚ ਲੈ-ਲੈ। ਮੇਰੇ ਪੁਤਰ ਮੇਰੇ ਲਾਡਲੇ, ਤੂੰ ਇੱਥੇ ਏ, ਮੇਰੇ ਲਾਲ?

ਉਸ ਨੇ ਅੱਖਾਂ ਵਿਚ ਸੁਮੰਦਰ ਭਰਦੇ ਹੋਏ ਕਿਹਾ, " ਮਾਂ, ਮੈਨੂੰ ਤੁਹਾਡੇ ਬਾਰੇ ਸਾਰੀ ਜਾਣਕਾਰੀ ਮਿਲ ਗਈ ਹੈ। ਮੈਂ ਅਜਕਲ ਟਰਾਂਟੋ (ਕੈਨੇਡਾ) ਰਹਿੰਦਾ ਹਾਂ ਪਰ ਮੈਂ ਅਜਕਲ ਐਡਮੰਟਨ ਵਿਚ ਹੀ-ਹਾਂ। ਮੈਂ ਹੁਣ ਤੁਹਾਨੂੰ ਮਿਲਣ ਲਈ ਆਉਂਦਾ ਹਾਂ।

ਉਸ ਦਿਨ ਛੁੱਟੀ ਵਾਲਾ ਦਿਨ ਸੀ। ਉਸ ਦੀ ਮਾਂ ਨੇ ਸਾਰੇ ਪਰਿਵਾਰ ਨੂੰ ਖ਼ੁਸ਼ੀ ਵਿਚ ਮੁਧਿਆਂ ਹੁੰਦੇ ਹੋਏ ਦੱਸਿਆ ਕਿ ਮੇਰਾ ਬੇਟਾ ਰਾਜੂ ਆ ਰਿਹਾ ਹੈ। ਖ਼ੁਸ਼ੀ ਦਾ ਮਾਹੌਲ ਸਿਰ ਚੜ੍ਹ ਕੇ ਬੋਲਣ ਲੱਗਾ। ਜਿਵੇਂ ਖ਼ੁਸ਼ੀ ਦੇ ਅਸਮਾਨ 'ਚੋਂ ਸਾਰੇ ਤਾਰੇ ਉਨ੍ਹਾਂ ਦੀ ਝੋਲੀ ਵਿਚ ਆ ਡਿਗੇ ਹੋਣ ਤੇ ਸਾਂਭੇ ਨਾ ਜਾਂਦੇ ਹੋਣ।

ਸਾਰਾ ਪਰਿਵਾਰ ਘਰ ਦੇ ਬਾਹਰ ਖੜ੍ਹਾ ਹੋ ਗਿਆ। ਮਾਂ ਨੇ ਹੱਥਾਂ ਵਿਚ ਤੇਲ ਚੋਣ ਵਾਲੀ ਕੌਲੀ ਮਜ਼ਬੂਤੀ ਨਾਲ ਫੜੀ ਲਈ। ਜਿਵੇਂ ਕਿ ਮੰਦਿਰ 'ਚੋਂ ਕਿਸੇ ਭਗਵਾਨ ਦੇ ਦਰਸ਼ਨ ਕਰਨੇ ਹੋਣ ਸਾਕਾਰ ਰੂਪ ਵਿਚ।

ਕੁਝ ਸਮੇਂ ਦੇ ਬਾਅਦ ਘਰ ਦੇ ਸਾਹਮਣੇ ਇਕ ਕਾਲੇ ਰੰਗੀ ਦੀ ਖ਼ੂਬਸੂਰਤ ਕਾਰ 'ਚੋਂ ਜਦ ਉਹ ਬਾਹਰ ਨਿਕਲਿਆ ਤਾਂ ਮਾਂ ਨੇ ਝੱਟ ਪਹਿਚਾਣ ਲਿਆ। ਉਹ ਦਰਵਾਜ਼ੇ 'ਚੋਂ ਹੀ ਦੌੜੀ ਹੋਈ ਗਈ, ਤੇਲ ਵਾਲੀ ਕੌਲੀ ਨੇ ਰਾਜੂ ਦੀ ਆਮਦ ਵਿਚ ਅਭਿਆਦਨ ਦੀ ਮੁਦਰਾ ਵਿਚ ਧਰਤੀ ਨੂੰ ਸੰਵਾਰ ਦਿੱਤਾ। ਉਸ ਦੀ ਮਾਂ ਰਾਜੂ ਨਾਲ ਲਿਪਟ ਕੇ ਜ਼ੋਰ ਜ਼ੋਰ ਨਾਲ ਸਿਸਕਦੀਆਂ ਦੇ ਹੁਲਾਰਿਆਂ ਵਿਚ ਰੋਂਦੀ ਜਾ ਰਹੀ ਸੀ। ਮਾਂ ਨੇ ਉਸ ਨੂੰ ਚੁੰਮ-ਚੁੰਮ ਕੇ ਹਾਲੋ-ਬੇਹਾਲ ਕਰ ਲਿਆ। ਮਾਂ-ਪੁੱਤ ਘੁੱਟ ਕੇ ਜਫੀਆਂ ਪਾ ਕੇ ਮਿਲੇ ਜਿਵੇਂ ਸਦੀਆਂ ਦੀ ਮੋਹ ਦੀ ਪਿਆਸ ਬੁੱਜ ਗਈ ਹੋਵੇ। ਮਾਂ ਦੀਆਂ ਅਸੀਸਾਂ ਦਾ ਅਸਮਾਨ ਤਾਰਿਆਂ ਨਾਲ ਭਰ ਗਿਆ।

ਡੈਡੀ ਅਤੇ ਭੈਣ, ਭਰਾ ਮਿਲ। ਖ਼ੁਸ਼ੀ ਦੇ ਹੰਝੂਆਂ ਵਿਚ ਗਵਾਚਿਆ ਮੋਹ ਫਿਰ ਬੁਲੰਦੀ ਨੂੰ ਛੂਹ ਗਿਆ।

ਰਾਜੂ ਦੀ ਮਾਂ ਅਤੇ ਸਾਰੇ ਪਰਿਵਾਰ ਨਾਲ ਮਿਲ ਕੇ ਤਰ੍ਹਾਂ-ਤਰ੍ਹਾਂ ਦੇ ਮਿਸ਼ਠਾਣ, ਪਕਵਾਣ ਬਣਾ ਰੱਖੇ ਸੀ। ਸਭ ਬਾਰ-ਬਾਰ ਉਸ ਨੂੰ ਗਲੇ ਵਿਚ ਲੈਂਦੇ। ਮਾਂ ਤੇ ਜਿਵੇਂ ਮੀਰਾਂ ਹੋ ਗਈ ਹੋਵੇ।

ਸ਼ਾਮ ਦੇ ਵੇਲੇ ਰੋਟੀ ਪਾਣੀ ਖ਼ਾਣ ਤੋਂ ਪਹਿਲਾਂ ਰਾਜੂ ਨੂੰ ਉਸ ਦੀ ਮਾਂ ਨੇ ਜਗਿਆਸਾ ਮਈ ਲਿਲਕੜੀ ਵਿਚ ਪੁੱਛਿਆ, ਪੁੱਤਰ ਤੂੰ ਏਨੇ ਸਾਲ ਕਿੱਥੇ ਰਿਹਾ, ਮੇਰਾ ਲਾਡਲਾ, ਤੈਨੂੰ ਮਾਂ ਦੀਆਂ ਆਂਦਰਾਂ ਦਾ ਖਿਆਲ ਨਾ ਆਇਆ। ਮੇਰੇ ਲਾਲ ਤੈਨੂੰ ਸਾਡੀ ਕਦੀ ਯਾਦ ਨਾ ਆਈ?

ਤਾਂ ਰਾਜੂ ਨੇ ਸਾਰਾ ਵਜੂਦ ਇਕੱਠਾ ਕਰਦੇ ਹੋਏ ਅਪਣੇ ਹੌਂਸਲੇ ਦੀ ਬੇੜੀ ਨੂੰ ਪਾਰ ਲਗਾਂਦੇ ਹੋਏ ਦੱਸਿਆ, ਮਾਂ, ਜਦੋਂ ਮੈਨੂੰ ਪਤਾ ਲੱਗਾ ਕਿ ਤੁਸੀਂ ਮੇਰੇ ਅਸਲੀ ਮਾਤਾ-ਪਿਤਾ ਹੋ ਤਾਂ ਮੇਰਾ ਦਿਲ ਉਖੜ ਗਿਆ। ਫਿਰ ਮਾਮਾ-ਮਾਮੀ ਕੋਲ ਮੇਰਾ ਦਿਲ ਨਹੀਂ ਲੱਗਾ। ਦਿਨ-ਰਾਤ ਤੁਹਾਡੀ ਸਭ ਦੀ ਯਾਦ ਆਉਣ ਲੱਗੀ। ਵਾਪਿਸ ਮੈਂ ਆ ਨਹੀਂ ਸਾਂ ਸਕਦਾ। ਮੈਂ ਘਰੋਂ ਦੌੜਨ ਦਾ ਪ੍ਰਣ ਕਰ ਲਿਆ, ਕਈ ਉਚੇ ਨੀਵੇਂ ਮਾੜੇ ਚੰਗੇ ਖਿਆਲ ਆਏ। ਪਰ ਆਖੀਰ ਘਰੋਂ ਦੌੜ ਗਿਆ। ਗੁਰਦੁਆਰੇ ਚਲਾ ਗਿਆ। ਉਥੇ ਇਕ ਬਜ਼ੁਰਗ ਔਰਤ ਮਿਲੀ। ਉਸ ਨੇ ਮੈਨੂੰ ਪੁੱਛਿਆ, ਪੁੱਤਰ, ਤੇਰੇ ਨਾਲ ਕੌਣ ਏ? ਕਿਉਂਕਿ ਉਹ ਮੇਰੇ ਹੁਲੀਆ ਅਤੇ ਘਬਰਾਏ ਚਿਹਰੇ ਤੋਂ ਅੰਦਾਜ਼ਾ ਲਗਾ ਗਈ ਸੀ ਕਿ ਮੇਰੀ ਮਨੋਦਸ਼ਾ ਕੀ ਹੈ?

ਮੈਂ ਉਸ ਬਜ਼ੁਰਗ ਔਰਤ ਨੂੰ ਕਿਹਾ, ਕਿ ਮੇਰਾ ਇਸ ਦੁਨੀਆਂ 'ਤੇ ਕੋਈ ਨਹੀਂ ਹੈ, ਮੈਂ ਇਕੱਲਾ ਹੀ ਹਾਂ।

ਉਹ ਔਰਤ ਮੈਨੂੰ ਅਪਣੇ ਘਰ ਲੈ ਆਈ। ਉਹ ਇਕੱਲੀ ਹੀ ਰਹਿੰਦੀ ਸੀ। ਉਸ ਨੇ ਮੈਨੂੰ ਪਾਲਿਆ ਪੋਸਿਆ। ਕੁਝ ਸਾਲ ਬਾਅਦ ਉਸ ਦੀ ਮੌਤ ਹੋ ਗਈ। ਉਹ ਇਕ ਘਰ ਮੇਰੇ ਨਾਮ ਕਰ ਗਈ ਸੀ। ਮੈਂ ਉਹ ਘਰ ਵੇਚ ਕੇ ਟਰਾਂਟੋ ਚਲਾ ਗਿਆ। ਉਥੇ ਜਾ ਕੇ ਬਹੁਤ ਮਿਹਨਤ ਕੀਤੀ। ਕੁਝ ਸਾਲ ਟੈਕਸੀ ਚਲਾਈ ਅਤੇ ਫ਼ਿਰ ਕੁਝ ਸਾਲਾਂ ਬਾਅਦ ਮੈਂ ਇਕ ਟਰੱਕ ਖ਼ਰੀਦ ਲਿਆ। ਹੁਣ ਮੇਰੇ ਕੋਲ ਦੋ ਟਰੱਕ ਹਨ।

ਮਾਂ-ਬਾਪ ਅਤੇ ਸਾਰਾ ਪਰਿਵਾਰ ਖ਼ੁਸ਼ੀ ਵਿਚ ਮਾਲਾ-ਮਾਲ ਹੋ ਗਏ। ਬੁੱਝਿਆ ਹੋਇਆ ਦੀਪਵ ਮੁੜ ਜਗ ਪਿਆ। ਖ਼ੁਸ਼ੀ, ਰੌਸ਼ਨੀ ਵਿਚ ਤਬਦੀਲ ਹੋ ਕੇ ਹਿਕ ਬੁਲੰਦੀ 'ਤੇ ਜਾ ਕੇ ਰੁਕ ਗਈ।

ਕੁਝ ਦਿਨਾਂ ਦੇ ਬਾਅਦ ਰਾਜੂ ਨੇ ਅਪਣੇ ਪਰਿਵਾਰ ਦੀ ਸਹਿਮਤੀ ਨਾਲ ਸ਼ਾਦੀ ਕਰ ਲਈ।

## ਕੁਦਰਤ ਨਾਲ ਖਿਲਵਾੜ

ਉਤਰਾਖੰਡ ਦੇ ਪ੍ਰਮੁੱਖ ਤੀਰਥ ਅਸਥਾਨ ਜੋਸੀਮੱਠ 'ਚ ਕਈ ਥਾਵਾਂ ਤੋਂ ਜਮੀਨ ਖਿਸਕਣ ਨਾਲ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਬੇਘਰ ਹੋਣਾ ਪਿਆ ਹੈ। ਜ਼ਿ?ਲ੍ਹਾ ਪ੍ਰਸਾਸਨ ਵੱਲੋਂ ਇਸ ਖੇਤਰ ਨੂੰ ਆਫਤ ਗ੍ਰਸਤ ਖੇਤਰ ਐਲਾਨਿਆ ਗਿਆ ਹੈ। ਹੈਰਾਨੀਜਨਕ ਤਸਵੀਰਾਂ ਦੱਸ ਰਹੀਆਂ ਹਨ ਕਿ ਇਸ ਖੇਤਰ ਵਿੱਚ ਥਾਂ ਥਾਂ ਤੇ ਜਮੀਨ ਵਿੱਚ ਦਰਾਰਾਂ ਪੈ ਗਈਆਂ ਹਨ। ਇਕ ਇਨਸਾਨ ਇੰਨੀ ਮਿਹਨਤ ਕਰਕੇ ਆਪਣਾ ਘਰ ਬਣਾਉਂਦਾ ਹੈ। ਆਪਣੀ ਛੱਤ ਹੁੰਦੀ ਹੈ।ਕਿੰਨਾ ਉਸ ਨੂੰ ਫਕਰ ਹੁੰਦਾ ਹੈ।ਕਿਨੇਂ ਅਰਮਾਨ ਹੁੰਦੇ ਹਨ ਕਿ ਮੇਰਾ ਘਰ ਬਣ ਗਿਆ। ਬੇਵੱਸ ਹੋ ਕੇ ਹੀ ਇਨਸਾਨ ਨੂੰ ਅਜਿਹੇ ਹਲਾਤਾਂ ਵਿੱਚ ਫਿਰ ਆਪਣੀ ਜਾਨ ਦੀ ਰਾਖੀ ਲਈ ਘਰ-ਬਾਰ ਛੱਡਣੇ ਪੈਂਦੇ ਹਨ। ਚਾਹੇ ਇਨ੍ਹਾਂ ਬੇਘਰੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਜਾਣ ਲਈ ਕਿਹਾ ਗਿਆ ਹੈ ,ਪਰ ਇਨ੍ਹਾਂ ਦਾ ਦਿਲ ਘਰ ਛੱਡਣ ਨੂੰ ਮਜਬੂਰ ਨਹੀਂ ਕਰ ਰਿਹਾ ਸੀ।ਚੇਤੇ ਕਰਵਾ ਦੇਈਏ ਕਿ 2012 ਵਿਚ ਉਤਰਾਖੰਡ ਖੇਤਰ ਹੜ੍ਹਾਂ ਦੀ ਮਾਰ ਹੇਠ ਆਇਆ ਸੀ। ਬਹੁਤ ਨੁਕਸਾਨ ਹੋਇਆ ਸੀ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ ਹੈ। ਨਿਕਾਸੀ ਬਿਲਕੁੱਲ ਵੀ ਨਹੀਂ ਰਹੀ। ਗੱਡੀਆਂ ਦੀ ਗੱਡੀਆਂ ਹੜਾਂ ਵਿੱਚ ਰੁੜ ਗਈਆਂ ਸਨ। ਇਨਸਾਨ ਫਿ?ਰ ਵੀ ਨਹੀਂ ਸਭਲਿਆ।ਮਨੁੱਖ ਦੀ ਦਖਲ-ਅੰਦਾਜੀ ਲਗਾਤਾਰ ਵੱਧਦੀ ਜਾ ਰਹੀ ਹੈ। ਪੈਸੇ ਦੀ ਹੋੜ ਲਗਾਤਾਰ ਵੱਧ ਰਹੀ ਹੈ। ਪਹਾੜੀ ਖੇਤਰਾਂ ਨੂੰ ਕੱਟ ਕੇ ਵੱਡੇ ਵੱਡੇ ਹੋਟਲ ਬਣਾਏ ਜਾ ਰਹੇ ਹਨ ।ਆਬਾਦੀ ਵੱਧ ਗਈ ਹੈ।ਨਿੱਜੀ ਸੁਆਰਥਾਂ ਖਾਤਰ ਪਹਾੜਾਂ ਅਤੇ ਦਰੱਖਤਾਂ ਦੀ ਕਟਾਈ ਤੇ ਲਗਾਤਾਰ ਉਸਾਰੇ ਜਾ ਰਹੇ ਵੱਡੇ ਹੋਟਲ, ਚੌੜੀਆਂ ਸੜਕਾਂ, ਰੇਲਵੇ ਲਾਈਨਾਂ ਦਾ ਵਿਸਥਾਰ ਜਮੀਨ ਧੱਸਣ ਦਾ ਮੁੱਖ ਕਾਰਨ ਹਨ। ਸੀਵਰੇਜ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਾਰਨ ਧਰਤੀ ਹੇਠਾਂ ਰਿੱਸਣ ਵਾਲੇ ਪਾਣੀ ਨੇ ਇਸ ਖੇਤਰ 'ਚ ਇਸ ਸਮੱਸਿਆ ਨੂੰ ਵਧਾਇਆ ਹੈ। ਦਿਨ-ਪ੍ਰਤਿਦਿਨ ਹਾਲਾਤ ਚਿੰਤਾ ਵਾਲੇ ਹੁੰਦੇ ਜਾ ਰਹੇ ਹਨ। ਜਮੀਨ ਖਿਸਕਣ ਨਾਲ ਪ੍ਰਭਾਵਿਤ ਲੋਕਾਂ ਨੂੰ ਬਜਾਰ ਦੀ ਕੀਮਤ ਦੇ ਹਿਸਾਬ ਨਾਲ ਮੁਆਵਜਾ ਦਿੱਤਾ ਜਾਵੇਗਾ। ਲੋਕਾਂ ਨੂੰ ਸੁਰੱਖਿਅਤ ਸਥਾਨਾਂ ਤੇ ਠਹਿਰਾਇਆ ਜਾ ਰਿਹਾ ਹੈ। ਕੁਝ ਹੀ ਦਿਨਾਂ ਪਹਿਲੇ ਹਿਮਾਚਲ ਪ੍ਰਦੇਸ ਦੇ ਮੈਕਲੋਡਗੰਜ ਵਿੱਚ ਵੀ ਕੁੱਝ ਹਿੱਸਾ ਖਿਸਕ ਗਿਆ ਸੀ। ਚੇਤੇ ਕਰਵਾ ਦੇਈਏ ਕਿ ਜਿੰਨੇ ਵੀ ਪੜਾਈ ਖੇਤਰ ਹਨ, ਵੱਡੇ ਪੈਮਾਨੇ ਤੇ ਨਜਾਇਜ ਉਸਾਰੀਆਂ ਹੋ ਰਹੀਆਂ ਹਨ।ਮਾਈਨਿੰਗ ਵੱਧ ਗਈ ਹੈ। ਅਫਸਰਾਂ ਦੀ ਮਿਲੀਭੁਗਤ ਨਾਲ ਇਹ ਗੋਰਖ ਧੰਦੇ ਚੱਲ ਰਹੇ ਹਨ। ਭ੍ਰਿਸਟਾਚਾਰ ਦਾ ਬਹੁਤ ਜ਼ਿ?ਆਦਾ ਬੋਲ-ਬਾਲਾ ਹੈ। ਅਜੇ ਵੀ ਸੰਭਲਣ ਦਾ ਵੇਲਾ ਹੈ। ਗਰਮੀਆਂ ਵਿਚ ਸੈਲਾਨੀ ਪਹਾੜੀ ਖੇਤਰਾਂ ਵਿੱਚ ਸੈਰ ਸਪਾਟੇ ਲਈ ਜਾਂਦੇ ਹਨ। ਸਰਕਾਰ ਦੀ ਅਹਿਮ ਜ਼ਿ?ਮੇਵਾਰੀ ਬਣਦੀ ਹੈ ਕਿ ਕੁਦਰਤੀ ਸੋਮਿਆਂ ਵੱਲ ਵਿਸੇਸ ਧਿਆਨ ਦੇਣ ਦੀ ਲੋੜ ਹੈ। ਤਾਂ ਜੋ ਕੁਦਰਤ ਨੂੰ ਢਹਿ ਢੇਰੀ ਹੋਣ ਤੋਂ ਬਚਾਇਆ ਜਾ ਸਕੇ। ਕੁਦਰਤ ਹੀ ਰੱਬ ਹੈ।

**ਸੰਜੀਵ ਸਿੰਘ ਸੈਣੀ,**
**ਮੋਹਾਲੀ 7888966168**

# ਪ੍ਰੀਤ ਫੁਲਵਾੜੀ

## ਇਸ਼ਕ ਦਾ ਰੰਗ

ਹਾਂ ਮੁਹੱਬਤ ਤੇ ਹੈ ਉਸ ਨੂੰ
ਬਸ ਕਹਿਣ ਤੋਂ ਸੰਗ ਜਾਂਦਾ ਹੈ।
ਦੂਰੋਂ ਦੂਰੋਂ ਨਜ਼ਰ ਸਾਡੇ ਤੇ
ਪਰ ਕੋਲ਼ੋਂ ਨੀਵੀਂ ਪਾ ਕੇ ਲੰਘ ਜਾਂਦਾ ਹੈ।
ਇਕ ਤੇ ਅਸੀਂ ਪਹਿਲੋਂ ਥੋੜ ਦਿਲੇ
ਉਪਰੋਂ ਹੱਸਕੇ ਜਿੰਦ ਨੂੰ ਸੂਲੀ ਟੰਗ ਜਾਂਦਾ ਹੈ ।
ਮੂੰਹੋਂ ਤੇ ਬੋਲ ਕੇ ਚੰਦਰਾ ਕੁਝ ਨਹੀਂ ਕਹਿੰਦਾ
ਉਂਝ ਗੱਲਾਂ ਗੱਲਾਂ ਵਿਚ ਦਿਲ ਮੰਗ ਜਾਂਦਾ ਹੈ।
ਨੀਵੀਂ ਜਿਹੀ ਪਾ ਕੇ , ਥੋੜ੍ਹਾ ਮੁਸਕਾ ਕੇ
ਮੇਰੀ ਖੰਘ ਦੇ ਵਿੱਚ ਝੂਠੀ ਮੂਠੀ ਖੰਘ ਜਾਂਦਾ ਹੈ।
ਉਹਦੀ ਇਕ-ਇਕ ਅਦਾ ਹੈ ਕਾਤਿਲ
ਉਪਰੋਂ ਕਹਿਰ ਹੁਸਨ ਸੀਨਾ ਡੰਗ ਜਾਂਦਾ ਹੈ।
ਜੇ ਕੋਈ ਤੈਨੂੰ ਦੇਖੇ ਤਾਂ ਪਤਾ ਲੱਗੇ
ਮਿਰਜ਼ਾ ਹਰ ਜਨਮ ਮਰਨ ਲਈ ਕਿਉਂ ਝੰਗ ਜਾਂਦਾ ਹੈ।
ਨਿੱਤ ਕਰਨੇ ਹਾਂ ਜੱਦੋ ਜਹਿਦ ਜਜ਼ਬਾਤਾਂ ਸੰਗ
ਜਿਵੇਂ ਕੋਈ ਯੋਧਾ ਜੰਗ ਜਾਂਦਾ ਹੈ।
ਜਦ ਤੱਕ ਜਾਗਾ ਪੈਂਦੇ ਰਹਿਣ ਭੁਲੇਖੇ
ਉਹ ਖ਼ਾਬਾਂ ਵਿਚ ਵੀ ਕਰਕੇ ਤੰਗ ਜਾਂਦਾ ਹੈ।
ਉਹਦਾ ਹੁਸਨ ਜਿਵੇਂ ਕੋਈ ਤਲਿਸਮੀ ਜਾਦੂ
ਜੋ ਵੀ ਦੇਖੇ , ਬਸ ਰਹਿ ਦੰਗ ਜਾਂਦਾ ਹੈ।
ਸਾਡੇ ਵਾਰੀ ਪਤਾ ਨਹੀਂ ਕੀ ਹੋ ਜਾਂਦੈ ਦੀਪ
ਸੁਣਿਆ ਲੋਕਾਂ ਨੂੰ ਮੁਹੱਬਤਾਂ ਦੇ ਦੱਸਕੇ ਢੰਗ ਜਾਂਦਾ ਹੈ।
ਉਸ ਤੇ ਹੋਰ ਕੋਈ ਫਿਰ ਰੰਗ ਨਹੀਂ ਚੜ੍ਹਦਾ
ਜਿਸ ਤੇ ਚੜ੍ਹ ਇਸ਼ਕ ਦਾ ਰੰਗ ਜਾਂਦਾ ਹੈ।
ਕਿੰਝ ਭੁੱਲ ਸਕਨੀ ਆ ਮੈਂ ਗੀਤ ਮੁਹੱਬਤਾਂ ਦਾ
ਉਹ ਪੁਰਾਣੀ ਟੁੱਟਣੋਂ ਪਹਿਲਾਂ ਨਵੀਂ ਫੜਾ ਵੰਗ ਜਾਂਦਾ ਹੈ।

**ਜ..ਦੀਪ ਸਿੰਘ ਦੀਪ**
ਮੋਬਾ: 98760-04714

## ਤੇਰੀ ਧੀ ਹਾਂ ਬਾਪੂ ਮੈਂ ਮੈਂ ਤੇਰੀ ਲਾਜ ਰੱਖਾਂਗੀ।

ਪੈਦਾ ਹੋਈ ਤੂੰ ਚੁੱਕ ਬਿਠਾਇਆ
ਆਪਣੀ ਗੋਦੀ ਦੇ ਆਸਣ ਤੇ।
ਮੈ ਚੜਦੀ ਜਵਾਨੀ ਚ
ਤੇਰੇ ਸਿਰ ਤਾਜ ਰੱਖਾਂਗੀ।
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਮੇਰੇ ਵਾਸਤੇ ਸਹੇ
ਜੋ ਤਾਹਨੇ ਲੱਖ ਸ਼ਰੀਕਾਂ ਦੇ
ਮੈਂ ਖੜੀ ਉਤਰੂੰ ਉਮੀਦਾਂ ਤੇ
ਚੁੰਨੀ ਬੇਦਾਗ ਰੱਖਾਂਗੀ।
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਦਿੱਤੇ ਖੰਭ ਮੈਨੂੰ ਭਾਵੇਂ
ਉੱਡਣੇ ਨੂੰ @ਸਮਾਨਾ ਤੇ।
ਮੈਂ ਛੂਹੂੰ ਭਾਵੇਂ ਸ਼ਿਖਰਾਂ ਨੂੰ
ਕਦਮ ਜ਼ਮੀਂ ਤੇ ਧਾਰ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੇਰੀ ਪੱਗ ਦੇ ਲੜ ਅੰਦਰ
ਮੈ ਬੰਨਿਆਂ ਖੁਦ ਨੂੰ ਹੈ ਪੱਕਾ।
ਜਾਲੀ ਮਾਂ ਦੀ ਚੁੰਨੀ ਚ
ਮੈਂ ਖੁਦ ਨੂੰ ਤਾੜ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਮੇਰੇ ਦਰਦ ਨੂੰ ਜਾਣੇ
ਅਣਕਹੀਆਂ ਵੀ ਸੁਣਦਾ ਹੈਂ।
ਹਰ ਗੱਲ ਦਿਲ ਦੀ ਦਸਾਂਗੀ
ਨਾ ਕੋਈ ਰਾਜ਼ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ

**ਨਿਤਸ਼ਾਇਰਾ ( ਨੀਤੂ )**
**ਫਾਜ਼ਿਲਕਾ**

## ਸਿਖ਼ਰ ਦੁਪਹਿਰ ਜਵਾਨੀ ਦੀ

ਬਚਪਨ ਬੀਤਿਆ ਸਮਝ ਪਈ ਸਨ ਉਹ ਰੁੱਤਾਂ ਬਹਾਰ ਦੀਆਂ,
ਹੌਲੀ ਹੌਲੀ ਢਲ ਗਈ ਸਿਖ਼ਰ ਦੁਪਹਿਰ ਜਵਾਨੀ ਦੀ ।

ਬੀਤੇ ਵੇਲਿਆਂ ਦੀ ਖੁਸ਼ਬੂ ਅੱਜ ਵੀ ਮਨ ਮਹਿਕਾਉਂਦੀ,
ਯਾਦਾਂ ਬਣ ਕੇ ਆਉਂਦੀ ਛਾਂ ਹਰ ਇੱਕ ਨਿਸ਼ਾਨੀ ਦੀ।

ਹੱਸਦੇ ਖੇਡਦੇ ਲੰਘ ਗਏ ਦਿਨ ਬੇਫਿਕਰੀ ਵਾਲੇ,
ਹੁਣ ਸਮਝ ਆਈ ਕੀਮਤ ਹਰ ਇੱਕ ਮੁਸਕਾਨ ਪੁਰਾਣੀ ਦੀ।

ਸੁੱਖ ਦੁੱਖ ਦੇ ਰਾਹਾਂ ਉੱਤੇ ਚੱਲਦਿਆਂ ਉਮਰ ਬੀਤਦੀ,
ਕਦਰ ਪਈ ਫਿਰ ਮਾਂ ਦੀ ਮਮਤਾ ਤੇ ਪਿਉ ਦੀ ਕੁਰਬਾਨੀ ਦੀ।

ਸ਼ਾਮਾਂ ਨੇ ਆਣ ਜਦ ਘੇਰਾ ਪਾਇਆ ਜ਼ਿੰਦਗੀ ਦੇ ਵਿਹੜੇ ਨੂੰ,
ਅੱਖਾਂ ਲੱਭਣ ਲੱਗਦੀਆਂ ਰੌਣਕ ਰੁੱਤ ਉਸ ਸੁਹਾਣੀ ਦੀ।

ਵਕਤ ਦੇ ਨਾਲ ਬਦਲ ਗਏ ਚਿਹਰੇ ਅਤੇ ਹਾਲਾਤ ਮੇਰੇ,
ਪਰ ਦਿਲ ਵਿੱਚ ਹੁਣ ਵੀ ਤਾਂਘ ਉਸ ਪਹਿਲੀ ਕਹਾਣੀ ਦੀ।

ਬਚਪਨ ਬੀਤਿਆ ਸਮਝ ਪਈ ਸਨ ਉਹ ਰੁੱਤਾਂ ਬਹਾਰ ਦੀਆਂ,
ਹੌਲੀ ਹੌਲੀ ਢਲ ਗਈ ਸਿਖ਼ਰ ਦੁਪਹਿਰ ਜਵਾਨੀ ਦੀ॥

**ਬਲਤੇਜ ਸੰਧੂ**
9465818158

## ਲੱਗਦੈ ਦੇਸ਼ ਦਾ ਬੇੜਾ ਗਰਕ ਗਿਆ

ਭ੍ਰਿਸ਼ਟਾਚਾਰ,ਬੇਰੁਜ਼ਗਾਰੀ, ਮਹਿੰਗਾਈ ਅੱਤ ਮਚਾਈ
ਚੁਫੇਰੇ ਝੂਠ ਦਾ ਹੋਇਆ ਪਸਾਰਾ,
ਛੁਪ ਗਈ ਕਿਤੇ ਜਾ ਸਚਾਈ।
ਕਹਿਣੀ ਤੇ ਕਰਨੀ ਵਿੱਚ ਵਜ਼ੀਰਾਂ ਦੇ,
ਪੈ ਯਾਰੋ ਹੁਣ ਫ਼ਰਕ ਗਿਆ।
ਲਗਦੈ ਦੇਸ਼ ਦਾ ਬੇੜਾ ਗ਼ਰਕ ਗਿਆ।

ਲਗਦੈ ਮੁੜ ਲੀਹੇ ਇਹ ਚੜ੍ਹਨਾ ਨਾਹੀਂ।
ਹੱਥ ਕਿਸੇ ਨੇ ਹੁਣ ਫੜਨਾ ਨਾਹੀਂ।
ਔਝੜਾ ਦੇ ਵਿੱਚ ਰੁੜਿਆ ਜਾਂਵਦਾ,
ਵਤਨ ਦਾ ਗੱਡਾ ਰਸਤੇ ਤੋਂ ਸਰਕ ਗਿਆ।
ਲੱਗਦੈ ਦੇਸ਼ ਦਾ ਬੇੜਾ ਗ਼ਰਕ ਗਿਆ।

ਅੱਖਾਂ ਤੇ ਬੰਨ੍ਹ ਪੱਟੀਆਂ ਲੋਕ ਭੇਡਾਂ ਹੋ ਗਏ।
ਦੁੱਖ ਜਨਤਾ ਦੇ ਸਰਕਾਰ ਲਈ ਚਹੇਡਾਂ ਹੋ ਗਏ।
ਜਿਧਰ ਚਹੁੰਦਾ ਨਿਜ਼ਾਮ ਭਜਾਈ ਜਾਂਦਾ,
ਜਾਪੇ ਜਨਤਾ ਦੇ ਜ਼ਿਹਨ ‘ਚੋਂ ਨਾਨਕ ਦਾ ਤਰਕ ਗਿਆ।
ਲੱਗਦੈ ਦੇਸ਼ ਦਾ ਬੇੜਾ ਗ਼ਰਕ ਗਿਆ।

ਹਰ ਪਾਸੇ ਨੇਤਾ ਜੀ ਨੇ ਲੁੱਟ ਮਚਾਈ।
ਸੱਚ ਬੋਲਣ ਤੇ ਨੀਤੀ ਨਵੀਂ ਕੁੱਟ ਚਲਾਈ।
ਲੱਗਦੈ ਢਾਂਚਾ ਮੇਰੇ ਮੁਲਕ ਦਾ ਚੂਲ ਤੋਂ ਜਰਕ ਗਿਆ
ਲੱਗਦੈ ਦੇਸ਼ ਦਾ ਬੇੜਾ ਗ਼ਰਕ ਗਿਆ।

ਖ਼ਾਲੀ ਪਿਆ ਹਾਕਮ ਕਹੇ ਖਜ਼ਾਨਾ।
ਸੁਣ ਮਖੋਲਾਂ ਕਰਦਾ ਕੁੱਲ ਜਮਾਨਾ।
ਸੋਨ ਚਿੜੀ ਪੰਜਾਬ ਓ ਮੇਰਾ
ਯਾਰੋ ਬਣ ਹੁਣ ਨਰਕ ਗਿਆ।
ਲੱਗਦੈ ਦੇਸ਼ ਦਾ ਬੇੜਾ ਗ਼ਰਕ ਗਿਆ।

ਵਿੱਚ ਦਰਬਾਰ ਕੰਜਰੀਆਂ ਰੋਜ਼ ਨਚਾਉਂਦਾ,
ਨਾਲ ? ਸ਼ਰਾਬਾਂ ਦੇ ਦੌਰ ਚਲਾਉਂਦਾ।
ਸੁਣਿਐ ਬਾਦਸ਼ਾਹ ਮੇਰੇ ਮੁਲਕ ਦਾ
ਬੁੱਢੇ ਵਰ੍ਹੇ ਹੁਣ ਠਰਕ ਗਿਆ।
ਲੱਗਦੈ ਦੇਸ਼ ਦਾ ਬੇੜਾ ਗ਼ਰਕ ਗਿਆ।

**ਜਗਦੀਪ ਸਿੰਘ ‘ਦੀਪ’**
ਮੋਬਾ: 9876004714

## ਕੌਮੀ ਝੰਡਾ

ਸਭ ਤੋਂ ਸੋਹਣਾ ਹੈ ਤਿਰੰਗਾਂ ਮੇਰੇ ਦੇਸ਼ ਦਾ,
ਇਸ ਦੀ ਉੱਚੀ ਸਾਰੀ ਦੁਨੀਆਂ ਚੋਂ ਸ਼ਾਨ ਹੈ।
ਸ਼ਾਂਤੀ, ਖੁਸ਼ਹਾਲੀ, ਵੀਰਤਾ ਦਾ ਰੰਗ ਵਿੱਚ ,
ਹਰ ਥਾਂ ਤੇ ਫ਼ਤਹਿ ਕਰਦਾ ਮੈਦਾਨ ਹੈ।
ਇੱਕ ਅਸ਼ੋਕ ਚੱਕਰ ਚੌਵੀ ਵਿੱਚ ਤੀਲੀਆਂ,
ਦਿਨ ਰਾਤ ਝੂਲੇ ਵਿੱਚ ਅੱਧ ਅਸਮਾਨ ਹੈ।
ਏਕਤਾ, ਇਤਫਾਕ, ਸਾਂਝੀਵਾਲਤਾ ਦਾ ਪ੍ਰਤੀਕ ਝੰਡਾ,
ਜਵਾਨਾਂ ਤੇ ਕਿਸਾਨਾਂ ਦੀ ਕਰਦਾ ਕਮਾਨ ਹੈ।
ਹਰਪ੍ਰੀਤ ਪੱਤੋ, ਇਸ ਤੋਂ ਵਾਰ ਦੇਈਏ ਜਿੰਦ ਅਸੀਂ,
ਸਭ ਤੋਂ ਪਿਆਰਾ ਸਾਡਾ ਕੌਮੀ ਨਿਸ਼ਾਨ ਹੈ।
ਜੈ ਮਾਂ ਭਾਰਤ, ਜੈ ਹਿੰਦੋਸਤਾਨ ਹੈ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਕਾਵਿ ਵਿਅੰਗ ਬੰਗਲਾਦੇਸ਼ ਅੱਜ

ਤਖਤਾਂ ਪਲਟ ਹਸੀਨਾ ਨੇ ਦੇਸ਼ ਛੱਡਿਆ,
ਗੱਲ ਹੋ ਗਈ ਬਸੋ ਬਾਹਰ ਬਾਬਾ।
ਸੁੱਟੀ ਚੰਗਿਆੜੀ ਕਿਸੇ ਦੇਸ਼ ਅੰਦਰ,
ਬੰਗਲਾ ਕਰਤਾ ਧੂੰਆਂ ਧਾਰ ਬਾਬਾ।
ਹਲਾਤ ਪਹਿਲਾਂ ਹੀ ਕਮਜ਼ੋਰ ਉੱਥੇ,
ਹੋ ਗਏ ਹੋਰ ਵੀ ਹੁਣ ਲਾਚਾਰ ਬਾਬਾ।
ਇਧਰ ਦੇਸ਼ ਸਾਡੇ ਦੀ ਸਰਹੱਦ ਲੱਗਦੀ,
ਡਰ ਲੱਗਦਾ ਪਊਗਾ ਭਾਰ ਬਾਬਾ।
ਪਨਾਹ ਮੰਗਦੇ ਉੱਥੋਂ ਦੇ ਲੋਕ ਇੱਥੇ,
ਇਧਰ ਆਉਣ ਨੂੰ ਬੈਠੇ ਤਿਆਰ ਬਾਬਾ।
ਹਲਾਤ ਸਭ ਨੂੰ ਪਤਾ ਫਿਰ ਕੀ ਹੋਣੇ,
ਅਬਾਦੀ ਭਾਰਤ ਦੀ ਬੇ ਸ਼ੁਮਾਰ ਬਾਬਾ।
ਇੱਕ ਪਾਸੇ ਚੀਨ ਦੂਜੇ ਪਾਕ ਲੱਗੇ,
ਦਿਸਦਾ ਕੋਈ ਨੀ ਮੱਦਦਗਾਰ ਬਾਬਾ।
ਉਏ ਤਾਨਾਸ਼ਾਹੀ ਨੂੰ ਰੱਖ ਇੱਕ ਪਾਸੇ,
ਸੁਣਨੀ ਚਾਹੀਦੀ ਦੀ ਲੋਕ ਪੁਕਾਰ ਬਾਬਾ।
@ਪੱਤੋ@ ਜਿਨਾਂ ਦੀਆਂ ਵੋਟਾਂ ਨਾਲ ਸੀ ਤਖ਼ਤ ਮਿਲਿਆ,
ਕਿਉਂ ਕਰਨੇ ਲੋਕ ਖੁਆਰ ਬਾਬਾ।

**ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
94658-21417

## ਅਮੀਰ ਮਿੱਟੀ

ਮਿੱਟੀ ਜਿਹਾ ਅਮੀਰ ਨਾ ਕੋਈ
ਸਭ ਦੇ ਕੰਮ ਜੋ ਆਵੇ
ਧੁੱਪ ਮੀਹ ਝੱਖੜ ਔੜਾ ਝੱਲਦੀ
ਪਰ ਕੁਲ ਦੁਨੀਆ ਨੂੰ ਰੁਸਨਾਵੇ

ਵਾਗ ਮਨੁੱਖ ਨਾ ਕਰੇ ਵਿਤਕਰਾ
ਪਤਾ ਸਭ ਮੇਰੇ ਕੋਲੇ ਅਉਣਾ
ਇਸ ਤੋਂ ਸਿੱਖ ਲੈ ਤੂੰ ਜੀਵਣਾ
ਕਿਉ ਰੋ-ਰੋ ਜੂਨ ਹਢਾਵੇ

ਜਨਮ ਤੋ ਅਖੀਰ ਸਮੇਂ ਤੱਕ
ਮਿੱਟੀ ਪਲ ਪਲ ਚੋਗ ਚੁਗਾਵੇ
ਤੇਰੇ ਖਾਨੇ ਕੁਝ ਨਾ ਪੈਣਾ
ਇਹ ਕੀ-ਕੀ ਰੰਗ ਵਿਖਾਵੇ

ਫੁੱਲ ਫਲ ਨਾਲੇ ਜੜੀ ਬੂਟੀਆਂ
ਇਹ ਦੀ ਕੁੱਖ ਦੇ ਜਾਏ
ਮੀਹ ਪੈਦੇ ਮਹਿਕ ਮਿੱਟੀ ਦੀ
ਸਭ ਦੇ ਮਨ ਨੂੰ ਭਾਵੇ

ਮਿੱਟੀ ਨਾਲ ਸਭ ਮਿੱਟੀ ਹੋਣਾ
ਤੈਨੂੰ ਰਤਾ ਸਮਝ ਨਾ ਆਵੇ
ਮਿੱਟੀ ਵਾਂਗੂ ਬਣਜਾ ਖੁਲ ਦਿਲ
ਜਿਹੜੀ ਸਭ ਲਈ ਅੰਨ ਉਗਾਵੇ

ਗੁਰੂਆਂ ਮਾਂ ਦਾ ਦਰਜਾ ਦੇ ਕੇ
ਇਹ ਨੂੰ ਪੂਜਣ ਯੋਗ ਬਣਾਇਆ
ਧਾਲੀਵਾਲਾ, ਬੰਦਾ ਚੰਦ ਛਿੱਲੜਾ ਲਈ
ਇਹ ਦੀ ਹਿੱਕ ਚੜ ਬੋਲੀ ਲਾਵੇ

**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ**

## ਗਜ਼ਲ

ਦਿਲ ਵਿੱਚ ਦਰਦ ਸਮਾ ਬੈਠੇ
ਅਸੀ ਨਾਲ ਗ਼ਮਾ ਦੇ ਲਾ ਬੈਠੇ
ਤੁਸੀ ਸਭ ਬਲਾਵਾਂ ਆਪਣੀਆ
ਸਾਡੇ ਵੱਲ ਨੂੰ ਤੋਰ ਦਿਉ
ਕੋਈ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ
ਪੀੜਾਂ ਨਾਲ ਪਰੁਨੀਆਂ ਪੌਣਾ ਨੂੰ
ਤੇਰਾ ਨਾਂ ਲੈ ਲੈ ਕੇ ਛੇੜਦੇ ਹਾਂ
ਅਸੀ ਦਿਲ ਦੇ ਗਹਿਰੇ ਜਖਮਾਂ ਨੂੰ
ਹੁਣ ਯਾਦਾ ਨਾਲ ਉਚੇੜਦੇ ਹਾਂ
ਤੁਸੀ ਜਿੰਦਗੀ ਦੀਆਂ ਸਾਰੀਆਂ ਚੁੱਪਾ ਨੂੰ
ਬੇਫਿਕਰਿਆਂ ਵਾਂਗੂ ਤੋੜ ਦਿਉ
ਸਾਨੂੰ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ
ਤੇਰੇ ਦਿਨ ਸੁੰਨਹਿਰੀ ਸਜਣਾ ਵੇ

ਸਾਡੇ ਹਿਸੇ ਰਾਤਾ ਕਾਲੀਆ ਨੇ
ਤੇਰੇ ਵਿਹੜੇ ਵਿਚ ਫੁੱਲ ਖਿੜਦੇ ਐ
ਸਾਡੀਆ ਰੁੱਤਾ ਪੱਤਝੜ ਵਾਲੀਆ ਨੇ
ਅੱਜ ਬਿਰਹੋ ਵਿਚ ਹੱਢ ਸੜਦੇ ਨੇ
ਤੁਸੀ ਤਲੀਆ ਸੇਕਣ ਤੇ ਜੋਰ ਦਿਉ
ਕੋਈ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ
ਇਸ ਵਿਜੋਗਣ ਜਿੰਦੜੀ ਨੇ
ਦੁੱਖਾ ਨਾਲ ਰਹਿਣਾ ਸਿਖਿਆ ਏ
ਗ਼ਮ ਤੇ ਪੀੜਾਂ, ਬਿਰਹਾ ਨਿੰਦਰਾ
ਲੇਖਾ ਦੇ ਵਿਚ ਲਿਖਿਆ ਏ
ਹੁਣ ਸੁੱਕ ਚੁੱਕੇ ਇਨਾਂ ਕੋਇਆ ਨੂੰ
ਦੋ ਚਾਰ ਹੰਝੂ ਹੋਰ ਦਿਉ
ਸਾਨੂੰ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ

**ਨਰਿੰਦਰ ਸਿੰਘ ਬਰਾੜ** 9463105313

## ਸਾਡੇ ਮੈਡਮ

ਪਿਆਰੇ ਪਿਆਰੇ ਸਾਡੇ ਮੈਡਮ।
ਜੱਗ ਤੋਂ ਨਿਆਰੇ ਸਾਡੇ ਮੈਡਮ।
ਨਵੇਂ-ਨਵੇਂ ਸੂਟ ਸਵਾਉਂਦੇ ਨੇ।
ਕਦੇ ਜੁੱਤੀ ਕਦੇ ਹੀਲ ਪਾਉਂਦੇ ਨੇ।
ਵਰਨਮਾਲਾ ਪੜ੍ਹਾਉਂਦੇ ਸਾਨੂੰ,
ਸੁੰਦਰ ਲਿਖਾਈ ਲਿਖਾਉਂਦੇ ਸਾਨੂੰ।
ਰੋਣ ਤੇ ਚੁੱਪ ਕਰਾਉਂਦੇ ਨੇ।
ਹੱਥ ਫੜ ਕੰਮ ਕਰਾਉਂਦੇ ਨੇ।
ਚੰਗੀਆਂ ਚੰਗੀਆਂ ਗੱਲਾਂ ਦੱਸਣ।
ਭੈੜੀ ਸੰਗਤ ਤੋਂ ਦੂਰ ਹੀ ਰੱਖਣ।
ਵਿਸੇ ? ਦਾ ਗਿਆਨ ਵਧਾਉਂਦੇ ਨੇ।
ਦਿਲ ਸਾਡੇ ਨੂੰ ਭਾਉਂਦੇ ਨੇ।
ਜੋੜ,ਘਟਾਉ,ਗੁਣਾ,ਭਾਗ ਸਿਖਾਉਂਦੇ ਨੇ।
ਗਣਿਤ ਬਾਰੇ ਵੀ ਗਿਆਨ ਵਧਾਉਂਦੇ ਨੇ।
ਕਵਿਤਾ ਲਿਖਣੀ ਸਿਖਾਈ ਸਾਨੂੰ।
ਰਾਹ ਮੰਜ਼ਲ ਦੀ ਦਿਖਾਈ ਸਾਨੂੰ।
ਸਹੀ ਗਲਤ ਦਾ ਅਰਥ ਸਮਝਾਉਂਦੇ।
ਗੂੜ ਗਿਆਨ ਦੀਆਂ ਗੱਲਾ ਮਨ ਪਾਉਂਦੇ।
ਹੱਸਦੇ ਨਾਲੇ ਖ਼ੂਬ ਹਸਾਉਂਦੇ ਨੇ।
ਸਾਡੇ ਦਿਲ ਨੂੰ ਪਰਚਾਉਂਦੇ ਨੇ।

**ਰਾਮਇੰਦਰ ਕੌਰ**
9781660021

## ਸੋਹਣੇ ਬੱਚੇ

ਸੋਹਣੇ ਬੱਚੇ ਪਿਆਰੇ ਬੱਚੇ,
ਭੋਲੇ ਭਾਲੇ ਦਿਲ ਦੇ ਸੱਚੇ।
ਗੋਲ ਮਟੋਲ ਇਹ ਬੜੇ ਨਿਆਰੇ,
ਸਭ ਨੂੰ ਲੱਗਦੇ ਬੜੇ ਪਿਆਰੇ।
ਮਾਂਵਾਂ ਦੇ ਨੇ ਦਿਲ ਦੇ ਤਾਰੇ,
ਇੱਧਰ ਉੱਧਰ ਖੇਡਣ ਸਾਰੇ।
ਭਾਵੇਂ ਇਸ ਨੂੰ ਕਹਿੰਦੇ ਬੱਚੇ,
ਡੋਲਦੇ ਨਹੀਂ ਇਹ ਦਿਲ ਦੇ ਸੱਚੇ।
ਜਦੋਂ ਕਦੇ ਵੀ ਜਾਂਦੇ ਬਾਹਰ,
ਮਾਪਿਆਂ ਨਾਲ ਇਹ ਕਰਨ ਪਿਆਰ
ਰਲ ਮਿਲ ਕੇ ਖੇਡਣ ਸਾਰੇ,
ਸਭ ਲਿਖਦੇ ਇਹਨਾਂ ਬਾਰੇ।
ਛੋਟੇ ਹੁੰਦੇ ਇਹ ਬੋਲਦੇ ਕੱਚਾ,
ਸਭ ਕਹਿੰਦੇ ਸ਼ਰਾਰਤੀ ਬੱਚਾ।
ਕਿਸੇ ਨਾਲ ਉਹ ਜਦੋਂ ਵੀ ਲੜਦੇ,
ਮਾਪੇ ਉਸਦੇ ਨਾਲ ਹਨ ਖੜਦੇ।
ਜਦੋਂ ਕੋਈ ਇਹ ਸ਼ਰਾਰਤ ਕਰਦੇ,
ਭੱਜਣ ਇੰਝ ਜਿਵੇਂ ਘੋੜੇ ਭੱਜਦੇ।

**ਨਾਮ ਪਵਨ ਕੁਮਾਰ**
9781660021

## ਸਤਾ ਦੇ ਨਸ਼ੇ ਵਿੱਚ ਬਣਕੇ ਰੱਬ ਬੈਠੇ

ਸਿੱਖੀ ਸਿਧਾਂਤਾਂ ਨੂੰ ਪੈਰੀਂ ਰੋਲਣ ਵਾਲੇ,
ਜੋ ਸਮਝਦੇ ਸੀ @ਗੁਰੂ@ ਨੂੰ ਟਿੱਚ ਲੋਕੋ।
ਸਤਾ ਦੇ ਨਸ਼ੇ ਵਿੱਚ ਬਣਕੇ @ਰੱਬ@ ਬੈਠੇ,
ਚਲਾਕੀਆਂ ਖੇਡਦੇ ਰਹਿੰਦੇ ਸੀ ਨਿੱਤ ਲੋਕੋ।
ਹੁਣ ਚਲਾਕੀਆਂ ਨੰਗੀਆਂ ਹੋਣ ਲੱਗੀਆਂ,
ਦੋਸ਼ੀ ਖੜ੍ਹੇ ਨੇ ਕਟਿਹਰੇ ਵਿੱਚ ਲੋਕੋ।
ਹੋ ਗ ?ਏ ਆਪਸ ਵਿੱਚ ਦੁਫਾੜ ਇਹ,
ਇਕ ਦੂਜੇ ਦੀ ਕਰਦੇ ਫਿਰਨ ਔਫ ਸਵਿੱਚ ਲੋਕੋ।
ਲੋਕ ਸਮਝ ਰਹੇ ਨੇ ਸਭ ਗੱਲਾਂ,
ਕੀ ਝੂਠ ਤੇ ਕੀ ਹੈ ਸੱਚ ਯਾਰੋ।
@ਅਕਾਲ ਤਖ਼ਤ@ ਦੀ ਸ਼ਾਨ ਰੋਲ ਦਿੱਤੀ,
ਜਿਸ ਤੋਂ ਕਰਵਾਉਂਦੇ ਫਿਰਦੇ ਬੱਚਤ ਯਾਰੋ।

**ਮੇਜਰ ਸਿੰਘ ਬੁਢਲਾਡਾ**
94176 42327

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 357

Website: www.preetnama.com Email preetnamausa@gmail.com

12 JUNE TO 18 JUNE, 2026




# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 357

Website: www.preetnama.com Email preetnamausa@gmail.com

12 JUNE TO 18 JUNE, 2026





# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 357

Website: www.preetnama.com Email preetnamausa@gmail.com

12 JUNE TO 18 JUNE, 2026



PREETNAMA ਪ੍ਰੀਤਨਾਮਾ ਖਰਾ ਸੱਚ

# Preetnama

PREETNAMA ONLINE AND PRINT MEDIA KHARA SACH CHIEF EDITOR : PRITPAL KAUR +1 201-312-4180 Preetnama TV

## is a leading International Media Company.

Publishing a renowned newspaper in three language and operations a prominent TV channel.
With a global reach and diverse audience, Preetnama Provides in dept coverage of Current Events,
News, and Analysis, Catering to a broad spectrum of interests and persp.
Preetnama TV Provides you best services.

## We promote your business worldwide.
## We promote and do coverage all Kind Events.


Preetnama
ਪ੍ਰੀਤਨਾਮਾ
Khara Sach
On our English language New Website WWW.PREETNEWS.COM
Chief Editor Pritpal Kaur +1 201-312-4180
Vol 4, Issue 330 Website: www.preetnama.com Email preetnamausa@gmail.com 28 NOV TO 04 DEC, 2025

Sheikh Hasina's death sentence: India's new challenge in South Asian diplomacy

Bangladesh's judicial crisis and India's diplomatic balance
Analysis of the new equations emerging in South Asian politics after the death sentence awarded to Sheikh Hasina


Space for Available for Advertising
WWW.PREETNEWS.COM
WWW.PREETNAMA.COM
preetnamausa@gmail.com
ਨਿਊਯਾਰਕ
ਪ੍ਰੀਤਨਾਮਾ
ਖ਼ਰਾ ਸੱਚ
Online and Print Media +1 201-312-4180 +1 917-328-8436
ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਮੋਦੀ ਸਰਕਾਰ ਦੇ ਪੰਜਾਬ ਬਾਰੇ ਫੈਸਲੇ ਵਿਵਾਦਾਂ ਤੋਂ ਬਾਅਦ ਹੋ ਰਹੇ ਨੇ ਵਾਪਿਸ, ਕੀ ਭਾਜਪਾ ਸੂਬੇ ਨੂੰ ਸਮਝਣ 'ਚ ਚੁਕ ਕਰ ਰਹੀ ਹੈ ?

ਕੀ ਭਾਜਪਾ ਨੂੰ ਵਿਦਾਨ ਸਭਾ ਚੋਣਾਂ 'ਚ ਹੋ ਸਕਦਾ ਹੈ ਨੁਕਸਾਨ

# Pritpal Kaur (CEO and Founder)

## 001 (201) 312 4180

Email: Preetnamausa@gmail.com,
www.preetnama.com www.preetnews.com